Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-7, ਜੁਲਾਈ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300





## ਕੈਨੇਡਾ ਦਾ ਜਨਮ-ਇਤਿਹਾਸ ਦੇ ਝਰੋਖੇ 'ਚੋਂ



ਡਾ: ਹਰਦੀਪ ਸਿੰਘ, ਮਿਲਟਨ, ਓਂਟਾਰੀਓ

ਹਰ ਸਾਲ, ਇੱਕ ਜੁਲਾਈ ਕੈਨੇਡਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ । ਇਸ ਸਾਲ ਵੀ ਇਸ ਦਿਨ ਨੂੰ ਬੜੇ ਉਤਸ਼ਾਹ ਨਾਲ ਮਨਾਇਆਜਾ ਰਿਹਾ ਹੈ। ਇਸ ਦਿਨ ਨੂੰ, ਮੌਜੂਦਾ ਕੈਨੇਡਾ ਦੇਸ਼ ਦਾ ਜਨਮ ਦਿਵਸ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਸੰਸਾਰ ਵਿੱਚ ਦੂਸਰੇ ਵੱਡੇ ਇਸ ਦੇਸ਼ ਦਾ ਇਹ 149ਵਾਂ ਜਨਮ ਦਿਨ ਹੈ। ਇੱਕ ਕਰੋੜ ਵਰਗ ਕਿਲੋਮੀਟਰ ਖੇਤਰਫਲ ਵਾਲਾ ਇਹ ਦੇਸ਼ ਕੁੱਲ ਦਸ ਪਰੋਵਿੰਸ (ਸੂਬੇ) ਅਤੇ ਤਿੰਨ ਟੈਰੇਟਰੀਜ ਮਿਲਕੇ ਬਣਿਆ ਹੈ। ਚਾਹੇ ਇਸ ਦੇਸ਼ ਦੇ ਲੋਕਾਂ ਦੀ ਸੱਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ ਪਰ ਪਿਛਲੇ 500 ਸਾਲਾਂ ਦੇ ਕਈ ਸਿਆਸੀ ਉਥਲ-ਪੁਥਲਾਂ ਦਾ ਸਫਰ ਪਾਰ ਕਰਕੇ, ਇਸ ਮੌਜੂਦਾ ਦੇਸ਼ ਦੀ ਰੂਪ-ਰੇਖਾ ਤਿਆਰ ਹੋਈ ।

1500ਵਿਆਂ ਦੇ ਦੌਰ ਵਿੱਚ ਕੁਝ ਯੁਰੋਪੀਅਨ ਖੋਜੀ ਵਪਾਰੀ ਅਮਰੀਕਾ ਮਹਾਂਦੀਪ ਦੇ ਉਤੱਰੀ ਖੇਤਰ ਵਿੱਚ ਕਾਬਜ਼ ਹੋਣ ਲਈ ਦਾਖਲ ਹੋਏ। ਉਨ੍ਹਾਂ ਨੂੰ ਧਰਤੀ ਦੇ ਇਸ ਹਿੱਸੇ ਦੇ ਅਮੀਰ ਸੰਸਾਧਨਾਂ ਬਾਰੇ ਅਹਿਸਾਸ ਹੋਇਆ। ਇਸ ਦੇ ਨਾਲ ਹੀ ਨਵੀਂਆਂ ਉਮੀਦਾਂ ਵਾਲੇ ਲੋਕਾਂ ਵੱਲੋਂ ਨਵੇਂ ਲੱਭੇ ਸੰਸਾਰ ਹਿੱਸੇ ਤੇ ਅਬਾਦ ਹੋਣ ਦਾ ਸਿਲਸਿਲਾ ਸ਼ੁਰੂ ਹੋਇਆ ਜਿਹੜੇ ਜ਼ਿਆਦਾਤਰ ਬ੍ਰਿਟਿਸ਼ਰ ਅਤੇ ਫਰਾਂਸੀਸੀ ਸਨ। ਇਥੇ ਇਨ੍ਹਾਂ ਦਾ ਟਾਕਰਾ, ਅਬਾਰਜ਼ੀਨਲ ਕੌਮਾਂ ਨਾਲ ਹੋਇਆ ਜਿਹੜੇ ਇਸ ਧਰਤੀ ਦੇ ਹਜ਼ਾਰਾਂ ਸਾਲਾਂ ਦੇ ਮੂਲਨਿਵਾਸੀ ਸਨ। ਬ੍ਰਿਟਸ਼ਰ, ਫਰਾਂਸੀਸੀ ਮੂਲ ਦੇ ਪਰਵਾਸੀਆਂ ਅਤੇ ਮੂਲਨਿਵਾਸੀ ਕੌਮਾਂ ਵਿਚਕਾਰ ਲੰਬਾਂ ਸਮਾਂ ਜਬਰਦਸਤ ਸੰਘਰਸ਼ ਚਲਦੇ ਰਹੇ। ਹੌਲੀ ਹੌਲੀ ਸਮਝੌਤਿਆਂ ਨਾਲ ਹੋਏ ਕਬਜ਼ੇ ਤੋਂ ਬਾਅਦ ਸ਼ਾਂਤੀ ਅਤੇ ਮਿੱਤਰਤਾ ਦੇ ਦੌਰ ਦਾ ਆਰੰਭ ਹੋਇਆ। ਅੰਗਰੇਜ਼ ਅਤੇ ਫਰਾਂਸੀਸੀ ਉਪਨਿਵੇਸ਼ਕਾਂ ਵਿਚਕਾਰ ਆਪਸੀ ਸਬੰਧ ਵੀ ਕੋਈ ਸੁਖਾਲੇ ਨਹੀਂ ਸਨ ਕਿਉਂਕਿ ਆਪਸੀ ਕਬਜ਼ੇ ਦੀ ਲੜਾਈ ਵੀ ਜਾਰੀ ਰਹਿੰਦੀ। ਅੰਗਰੇਜ਼ ਅਤੇ ਫਰਾਂਸੀਸੀ ਵੀ ਆਪਸ ਵਿੱਚ ਸੱਤ ਸਾਲ ਜੰਗੀ ਲੜਾਈ ਲੜਦੇ ਰਹੇ ਅਤੇ ਬਾਅਦ ਸੰਨ 1763 ਵਿੱਚ ਫਰਾਂਸ ਨੇ ਹਾਰ ਮੰਨਕੇ, ਉਤੱਰੀ ਅਮਰੀਕਨ ਮਹਾਂਦੀਪ ਦੇ ਸਾਰੇ ਖੇਤਰ ਬ੍ਰਿਟੇਨ ਦੇ ਹਵਾਲੇ ਕਰ ਦਿੱਤੇ। ਇਸ ਅਰਸੇ ਤੋਂ ਇਸ ਮਹਾਂਦੀਪ ਖੇਤਰ ਦੇ ਤਕਰੀਬਨ ਸਾਰੇ ਇਲਾਕੇ ਬ੍ਰਿਟੇਨ ਦੇ ਕੰਟਰੋਲ ਅਧੀਨ ਹੋ ਗਏ।

ਬ੍ਰਿਟੇਨ ਅਤੇ ਫਰਾਂਸ ਦੇ ਇਸ ਜੰਗੀ ਅਰਸੇ ਦੌਰਾਨ ਉਤਰੀ ਅਮਰੀਕਨ ਮਹਾਂਦੀਪ ਵਿੱਚ ਬ੍ਰਿਟੇਨ ਦੀਆਂ ਬਹੁਤੀਆਂ ਉਪਨੀਵੇਸ਼ਕ ਬਸਤੀਆਂ ਉਸ ਇਲਾਕੇ ਵਿੱਚ ਸਨ ਜਿਥੇ ਹੁਣ ਅਜੋਕਾ "ਯੂ. ਐਸ. ਏ." ਅਮਰੀਕਾ ਦੇਸ਼ ਹੈ। ਇਹ 13 ਬਸਤੀਆਂ ਦੀਆਂ ਸਰਕਾਰਾਂ ਵੀ ਬ੍ਰਿਟੇਨ ਹਕੂਮਤ ਦੇ ਕੰਟਰੋਲ ਤੋਂ ਨਾਰਾਜ਼ ਸਨ, ਸੋ 1775 ਈਸਵੀ ਵਿੱਚ ਇਨ੍ਹਾਂ ਨੇ ਆਜ਼ਾਦ ਹੋਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਅੰਤ ਅਮਰੀਕਨ ਬਸਤੀਆਂ ਆਜ਼ਾਦ ਹੋ ਗਈਆਂ ਅਤੇ

(ਬਾਕੀ ਸਫ਼ਾ 23 'ਤੇ)





ਖ਼ਾਲਸਤਾਨੀ ਖ਼ਤਰੇ ਦੀਆਂ ਝੂਠੀਆਂ ਕਹਾਣੀਆਂ ਅਤੇ ਹਿੰਦੁਸਤਾਨੀ ਮੀਡੀਆ ਦੀਆਂ ਘਿਣਾਉਣੀਆਂ ਚਾਲਾਂ




ਕਸ਼ਮੀਰ ਦੀਆਂ ਗਲੀਆਂ 'ਚ ਵਹਿੰਦਾ ਖ਼ੂਨ




ਅਮਰੀਕਨ ਸਮਾਜ ਅਪਰਾਧ ਦੀ ਦੁਨੀਆਂ 'ਚ ਸਭ ਤੋਂ ਅੱਗੇ ਅਤੇ ਅਮਰੀਕਨ ਜੇਲ੍ਹਾਂ ਮਲਟੀ ਬਿਲੀਅਨ ਡਾਲਰ ਇੰਡਸਟਰੀ



'ਉਡਤਾ ਪੰਜਾਬ' ਦੀ ਏਕਤਾ ਅਤੇ ਪੰਜਾਬ ਦਾ ਖਿਡਾਰਾ



SUPER VISA INSURANCE

Punjab Insurance Inc PUNJAB INSURANCE INC.



Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ

ਡਾ. ਭੀਮ ਰਾਓ ਅੰਬੇਡਕਰ
ਅਨੁਵਾਦ ਤੇ ਪੇਸ਼ : ਨਰਭਿੰਦਰ

### ਤਿੰਨ ਬਲੀਆਂ

ਹੱਥਲਾ ਲੇਖ ਡਾ. ਭੀਮ ਰਾਓ ਅੰਬੇਡਕਰ ਦੀ ਸੰਪਾਦਨਾ ਹੇਠ ਨਿਕਲਣ ਵਾਲੇ ਅਖਬਾਰ 'ਜਨਤਾ' ਦੇ 13 ਅਪ੍ਰੈਲ 1931 ਸੋਮਵਾਰ ਵਾਲੇ ਅੰਕ 'ਚੋਂ ਲਿਆ ਗਿਆ ਹੈ। ਡਾ. ਭੀਮ ਰਾਓ ਅੰਬੇਡਕਰ ਨੇ ਪਹਿਲਾ 'ਮੂਕ ਨਾਇਕ', ਬਹਿਸ ਕਰਤ ਭਾਰਤ 'ਸਮਤਾ' ਨਾਮੀ ਅਖ਼ਬਾਰਾਂ ਪਰਚਿਆਂ ਦੀ ਸੰਪਾਦਨਾ ਕੀਤੀ ਸੀ ਅਤੇ ਫਿਰ 24 ਨਵੰਬਰ 1930 ਨੂੰ 'ਜਨਤਾ' ਨਾਂ ਹੇਠ ਪਹਿਲਾ ਪੰਦਰਵਾੜਾ ਪਰਚਾ ਜਾਰੀ ਕੀਤਾ ਸੀ। ਉਪਰੋਕਤ ਪਰਚੇ ਸਾਰੇ ਮਰਾਠੀ ਭਾਸ਼ਾਈ ਹੀ ਸਨ। 'ਜਨਤਾ' ਦੇ 22 ਅੰਕ ਲਗਾਤਾਰ ਨਿਕਲੇ ਫਿਰ ਅੰਕ 23-24 ਸੰਯੁਕਤ ਅੰਕ ਦੇ ਰੂਪ ਵਿਚ ਨਿਕਲਿਆ ਅਤੇ ਪਿਛੋਂ ਸਪਤਾਹਿਕ ਹੋ ਗਿਆ। 'ਤਿੰਨ ਬਲੀ' ਨਾਮੀ ਸੰਪਾਦਕੀ ਲਿਖਤ ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ ਦੀਆਂ ਸ਼ਹਾਦਤਾਂ ਉਤੇ ਇਕ ਰਾਜਸੀ ਟਿੱਪਣੀ ਵਜੋਂ ਲਿਖਿਆ ਗਿਆ ਸੀ। ਮਰਾਠੀ 'ਚ ਲਿਖੇ ਇਸ ਲੇਖ ਨੂੰ ਲੰਮਾਂ ਸਮਾਂ ਗੌਲਿਆ ਨਾ ਜਾਣਾ ਇਕ ਚਿੰਤਾ ਦਾ ਵਿਸ਼ਾ ਹੈ ਪਰ ਇਹ ਲੇਖ ਡਾ. ਅੰਬੇਡਕਰ ਦੀ ਭਾਰਤੀ ਇਨਕਲਾਬੀਆਂ ਪ੍ਰਤੀ ਦ੍ਰਿਸ਼ਟੀ ਵਿਚਲੀ ਸਾਂਝ ਨੂੰ ਵੀ ਪ੍ਰਗਟ ਕਰਦਾ ਹੈ। ਡਾ. ਅੰਬੇਡਕਰ ਜਿਹੜੇ ਖੁਦ ਇਕ ਕਾਨੂੰਨਦਾਨ ਸਨ, ਨੇ ਨਾ ਸਿਰਫ਼ ਇਸ ਸਜ਼ਾ ਨੂੰ ਰਾਜਨੀਤਕ ਫੈਸਲੇ ਦੇ ਤੌਰ 'ਤੇ ਚਿੰਤਨ ਕੀਤਾ ਸਗੋਂ ਇਕ ਨਿਆਂਇਕ ਢੌਂਗ ਵੀ ਕਿਹਾ ਜਾਂਦਾ ਹੈ। ਮਰਾਠੀ 'ਚ ਲਿਖੇ ਇਸ ਲੇਖ ਦਾ ਅਨੁਵਾਦ ਸਾਡੇ ਇਨਕਲਾਬੀ ਮਿੱਤਰ ਸੁਭਾਸ਼ ਗਾਤਾੜੇ ਨੇ ਹਿੰਦੀ 'ਚ ਕੀਤਾ ਜਿਸ ਦਾ ਪੰਜਾਬੀ ਕਰਕੇ ਅਸੀਂ ਪਾਠਕਾਂ ਸਾਹਮਣੇ ਰੱਖ ਰਹੇ ਹਾਂ।

ਮਰਾਠੀ 'ਚ ਸ਼ਬਦ 'ਤਿੰਨ ਬਲੀ' ਸ਼ਬਦ ਵਰਤਿਆ ਹੈ ਹਿੰਦੀ ਦੇ ਇਕ ਹੋਰ ਪਰਚੇ ਨੇ ਇਸ ਨੂੰ 'ਤਿੰਨ ਸ਼ਿਕਾਰ' ਕਰ ਦਿੱਤਾ ਅਤੇ ਇਕ ਨੇ 'ਤਿੰਨ ਸ਼ਹਾਦਤਾਂ' ਕਰ ਦਿੱਤਾ। ਅਸੀਂ ਮਰਾਠੀ ਦੇ 'ਤਿੰਨ ਬਲੀ' ਨੂੰ ਹੀ 'ਤਿੰਨ ਬਲੀਆਂ' ਕੀਤਾ ਹੈ। ਹਿੰਦੂ ਸੰਸਕ੍ਰਿਤ ਦਾ 'ਬਲੀ' ਸ਼ਬਦ ਕੋਈ ਵਿਆਖਿਆ ਨਹੀਂ ਮੰਗਦਾ। ਭਾਵ ਬਲੀ ਲਈ ਜਾਂਦੀ ਹੈ ਦਿੱਤੀ ਨਹੀਂ।

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਇਨ੍ਹਾਂ ਤਿੰਨਾਂ ਨੂੰ ਫਾਂਸੀ ਉਤੇ ਲਟਕਾ ਦਿੱਤਾ ਗਿਆ। ਇਨ੍ਹਾਂ ਤਿੰਨਾਂ ਉਤੇ ਇਹ ਦੋਸ਼ ਲਾਇਆ ਗਿਆ ਕਿ ਉਨ੍ਹਾਂ ਨੇ ਸਾਂਡਰਸ ਨਾਂ ਦੇ ਅੰਗਰੇਜ਼ੀ ਅਫ਼ਸਰ ਅਤੇ ਚਮਨ ਸਿੰਘ ਅਸਲੀ ਨਾਂ ਚੰਨਣ ਸਿੰਘ ਹੈ। ਹੋ ਸਕਦਾ ਹੈ ਅੰਗਰੇਜ਼ੀ 'ਚ ਚੰਨਣ ਸਿੰਘ ਦਾ ਵਿਚਕਾਰਲਾ ਐਨ. ਗਲਤੀ 'ਚ ਐਮ. ਹੋ ਗਿਆ ਹੋਵੇ ਕਿਉਂਕਿ ਉਨ੍ਹੀਂ ਦਿਨੀਂ ਅੰਗਰੇਜ਼ੀ ਅਖ਼ਬਾਰਾਂ ਦੀ ਕੰਪੋਜ਼ਿੰਗ ਹੱਥ ਨਾਲ ਜੋੜੇ ਅੱਖਰਾਂ ਨਾਲ ਹੁੰਦੀ ਸੀ ਜਾਂ ਡਾ. ਅੰਬੇਡਕਰ ਦੀ ਲਿਖਤ ਵਿਚ ਸ਼ਬਦ ਜੋੜ ਦੀ ਗਲਤੀ ਰਹਿ ਗਈ ਹੋਵੇ-ਅਨੁਵਾਦਕ ਨਾਂ ਦੇ ਸਿੱਖ ਪੁਲਿਸ ਸਿਪਾਹੀ ਦੀ ਲਾਹੌਰ ਵਿਚ ਹੱਤਿਆ (ਕਤਲ) ਕਰਨ ਦਾ ਗੁਨਾਹਗਾਰ ਐਲਾਨਿਆ ਗਿਆ ਸੀ। ਇਸ ਤੋਂ ਬਿਨਾ ਬਨਾਰਸ ਦੇ ਪੁਲਿਸ ਇੰਸਪੈਕਟਰ ਦੀ ਹੱਤਿਆ ਕਰਨ ਦੀ ਕੋਸ਼ਿਸ਼, ਅਸੈਂਬਲੀ ਵਿਚ ਬੰਬ ਸੁੱਟਣ ਦਾ ਗੁਨਾਹ, ਮੌਲਮਿਆ ਨਾਂ ਦੇ ਪਿੰਡ ਵਿਚ ਇਕ ਘਰ ਵਿਚ ਡਾਕਾ ਮਾਰਨ ਅਤੇ ਲੁੱਟਣ ਅਤੇ ਘਰ ਦੇ ਮਾਲਕ ਦੀ ਹੱਤਿਆ ਕਰਨ ਵਰਗੇ ਤਿੰਨ ਚਾਰ ਹੋਰ ਇਲਜ਼ਾਮ ਵੀ ਉਨ੍ਹਾਂ ਉਤੇ ਲੱਗੇ। ਇਨ੍ਹਾਂ ਵਿਚੋਂ ਅਸੈਂਬਲੀ ਵਿਚ ਬੰਬ ਸੁੱਟਣ ਦਾ ਦੋਸ਼ ਭਗਤ ਸਿੰਘ ਨੇ ਖੁਦ ਕਬੂਲ ਕੀਤਾ ਸੀ ਅਤੇ ਇਹਦੇ ਲਈ ਉਹਨੂੰ ਅਤੇ ਬਟੁਕੇਸ਼ਵਰ ਦੱਤ ਨਾਂ ਦੇ ਉਹਦੇ ਇਕ ਸਹਿਯੋਗੀ ਸਾਥੀ ਨੂੰ



ਉਮਰ ਕੈਦ ਦੇ ਤੌਰ 'ਤੇ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਸਾਂਡਰਸ ਦਾ ਕਤਲ ਭਗਤ ਸਿੰਘ ਵਰਗੇ ਇਨਕਲਾਬੀਆਂ ਨੇ ਕੀਤਾ। ਅਜਿਹੀ ਕਬੂਲਗੀ ਜੈ ਗੋਪਾਲਨਾਂ ਦੇ ਭਗਤ ਸਿੰਘ ਦੇ ਦੂਸਰੇ ਸਹਿਯੋਗ ਨੇ ਵੀ ਕੀਤਾ ਸੀ ਅਤੇ ਇਸੇ ਬੁਨਿਆਦ ਉਤੇ ਸਰਕਾਰ ਨੇ ਭਗਤ ਸਿੰਘ ਦੇ ਵਿਰੁੱਧ ਮੁਕੱਦਮਾ ਤਿਆਰ ਕੀਤਾ ਸੀ। ਇਸ ਮੁਕੱਦਮੇ ਵਿਚ ਤਿੰਨਾਂ ਨੇ ਹਿੱਸਾ ਨਹੀਂਲਿਆ ਸੀ। ਹਾਈਕੋਰਟ ਨੇ ਤਿੰਨ ਜੱਜਾਂ ਦਾ ਸਪੈਸ਼ਲ ਟ੍ਰਿਬਿਊਨਲ ਬਣਾਇਆ ਅਤੇ ਉਹਦੇ ਸਾਹਮਣੇ ਇਹ ਮੁਕੱਦਮਾ ਚਲਾਇਆ ਅਤੇ ਉਨ੍ਹਾਂ ਤਿੰਨਾਂ (ਜੱਜਾਂ) ਨੇ ਇਨ੍ਹਾਂ ਨੂੰ ਦੋਸ਼ੀ ਐਲਾਨਿਆ ਅਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਇਸ ਸਜ਼ਾ ਉਤੇ ਅਮਲ ਨਾ ਹੋਵੇ ਅਤੇ ਫਾਂਸੀ ਦੀ ਥਾਂ ਉਨ੍ਹਾਂ ਨੂੰ ਵੱਧ ਤੋਂ ਵੱਧ ਕਾਲੇ ਪਾਣੀ ਦੀ ਸਜ਼ਾ ਸੁਣਾਈ ਜਾਵੇ। ਅਜਿਹੀ ਅਪੀਲ ਭਗਤ ਸਿੰਘ ਜੀ ਦੇ ਪਿਤਾ ਨੇ ਸਮਰਾਟ (ਇੰਗਲੈਂਡ) ਅਤੇ ਵਾਇਸਰਾਏ ਨੂੰ ਕੀਤੀ ਸੀ। ਬਹੁਤ ਵੱਡੇ ਵੱਡੇ ਆਗੂਆਂ ਨੇ ਅਤੇ ਬਹੁਤ ਸਾਰੇ ਹੋਰ ਲੋਕਾਂ ਨੇ ਵੀ ਭਗਤ ਸਿੰਘ ਨੂੰ ਇਸ ਤਰ੍ਹਾਂ ਸਜ਼ਾ ਨਾ ਦੇਣ ਦੀ ਸਰਕਾਰ ਨੂੰ ਅਪੀਲ ਕੀਤੀ ਸੀ। ਗਾਂਧੀ ਜੀ ਅਤੇ ਲਾਰਡ ਇਰਵਨ ਦੇ ਵਿਚਕਾਰ ਚਲੀ ਆਪਸੀ ਗੱਲਬਾਤ ਵਿਚ ਵੀ ਭਗਤ ਸਿੰਘ ਦੀ ਫਾਸ਼ੀ ਦੀ ਸਜ਼ਾ ਦਾ ਮਸਲਾ ਜ਼ਰੂਰ ਉਠਿਆ ਹੋਵੇਗਾ ਅਤੇ ਲਾਰਡਰ ਇਰਵਨ ਨੇ ਭਾਵੇਂ ਹੀ ਭਗਤ ਸਿੰਘ ਦੀ ਜਾਨ ਬਚਾਉਣ ਦਾ ਅਜਿਹਾ ਠੋਸ ਵਾਅਦਾ ਗਾਂਧੀ ਜੀ ਨਾਲ ਨਾ ਕੀਤਾ ਹੋਵੇ; ਪਰ ਲਾਰਡਰ ਇਰਵਨ ਨੇ ਇਸ ਸੰਦਰਭ ਵਿਚ ਪੂਰੀ ਕੋਸ਼ਿਸ਼ ਕਰਨ ਅਤੇ ਆਪਣੇ ਅਧਿਕਾਰਾਂ ਦੇ ਦਾਇਰੇ ਵਿਚ ਇਨ੍ਹਾਂ ਤਿੰਨਾਂ ਦੀ ਜ਼ਿੰਦਗੀ ਬਚਾਉਣ ਵਰਗੀ ਯਕੀਨ ਦਹਾਨੀ ਦੁਆਈ ਸੀ, ਅਜਿਹੀ ਉਮੀਦ ਗਾਂਧੀ ਜੀ ਦੇ ਭਾਸ਼ਣਾਂ 'ਚੋਂ ਪੈਦਾ ਹੋਈ ਸੀ ਪਰ ਇਹ ਸਾਰੀਆਂ ਉਮੀਦਾਂ ਅਨੁਮਾਨ ਅਤੇ ਗੁਜਾਰਿਸ਼ਾਂ ਗਲਤ ਸਾਬਤ ਹੋਈਆਂ ਅਤੇ ਬੀਤੇ 23 ਮਾਰਚ ਦੀ ਸ਼ਾਮ 7 ਵਜੇ ਇਨ੍ਹਾਂ ਤਿੰਨਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੀ ਦਿੱਤੀ ਗਈ। 'ਸਾਡੀ ਜਾਣ ਬਖਸ਼ ਦਿਓ, ਅਜਿਹੀ ਦਇਆ ਦੀ ਅਪੀਲ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨੇ ਵੀ ਨਹੀਂ ਕੀਤੀ ਸੀ। ਹਾਂ, ਫਾਂਸੀ ਚੀ ਸੂਲੀ ਉਤੇ ਚੜ੍ਹਾਉਣ ਦੀ ਥਾਂ ਸਾਨੂੰ ਗੋਲੀਆਂ ਨਾਲ ਉਡਾ ਦਿੱਤਾ ਜਾਵੇ। ਅਜਿਹੀ ਇੱਛਾ ਭਗਤ ਸਿੰਘ ਨੇ ਪ੍ਰਗਟ ਕੀਤੀ ਸੀ। ਅਜਿਹੀਆਂ ਖ਼ਬਰਾਂ ਜ਼ਰੂਰ ਆਈਆਂ ਸਨ। (ਸ਼ਹੀਦ ਭਗਤ ਸਿੰਘ ਦਾ 20 ਮਾਰਚ 1931 ਦੀ ਚਿੱਠੀ) ਪਰ ਉਨ੍ਹਾਂ ਦੀ ਇਸ ਆਖਰੀ ਇੱਛਾ ਦਾ ਵੀ ਸਨਮਾਨ ਨਹੀਂ ਕੀਤਾ ਗਿਆ। ਜੱਜਾਂ ਦੇ ਹੁਕਮ ਉਥੇ ਹੀ ਹੂਬਹੂ ਅਮਲ ਕੀਤਾ ਗਿਆ। 'ਆਖਰੀ ਸ਼ਾਹ ਤੱਕ ਫਾਂਸੀ ਉਤੇ ਲਮਕਾਈ ਰੱਖਿਆ ਜਾਵੇ।' ਇਹੋ ਫੈਸਲਾ ਜੱਜ ਨੇ ਸੁਣਾਇਆ ਸੀ। ਜੇ ਗੋਲੀਆਂ ਨਾਲ ਉਡਾ ਦਿੱਤਾ ਜਾਂਦਾ ਤਾਂ ਇਸ ਫੈਸਲੇ ਉਤੇ ਸ਼ਾਬਦਿਕ ਅਮਲ ਨਹੀਂ ਸੀ ਮੰਨਿਆ ਜਾਣਾ। ਇਨਸਾਫ਼ ਦੇ ਦੇਵਤੇ ਦੇ ਫੈਸਲੇ ਬਿਲਕੁਲ ਸਾਬਦਿਕ ਅਰਥਾਂ ਵਿਚ ਹੂਬਹੂ ਅਮਲ ਕੀਤਾ ਗਿਆ ਅਤੇ ਉਹਦੇ ਕਥਨ ਅਨੁਸਾਰ ਹੀ ਇਨ੍ਹਾਂ ਤਿੰਨਾਂਨੂੰ ਸ਼ਿਕਾਰ (ਬਲੀ) ਬਣਾਇਆ ਗਿਆ।

### ਇਹ ਬਲੀਦਾਨ ਕਿਹਦੇ ਲਈ

ਜੇ ਸਰਕਾਰ ਨੂੰ ਇਹ ਉਮੀਦ ਹੋਵੇ ਕਿ ਇਸ ਘਟਨਾ ਨਾਲ ਲੋਕਾਂ ਵਿਚ ਇਹ ਸੰਦੇਸ਼ ਜਾਵੇਗਾ ਕਿ 'ਅੰਗਰੇਜ਼ ਸਰਕਾਰ ਬਿਲਕੁਲ


HARPINDER SIDHU
(403) 404-3500
Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com


FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
226-979-5688
deephsingh@gmail.com

**Literary Advisor**
**Gurbachan Singh Brar**
Calgary (NE) Alberta
403-470-2628
brargurbachan@yahoo.ca

**Advisory Board**
**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Harjit Bedi (Brampton, Ontario)**
647-924-9087

**Baljinder Singh**
Graphic Desinger
+91-98782-29598
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


ਪੂਰੀ ਤਰ੍ਹਾਂ ਨਿਆਂਪਸੰਦ ਹੈ ਅਤੇ ਨਿਆਂਪਾਲਿਕਾ ਦੇ ਆਦੇਸ਼ ਉਤੇ ਹੂਬਹੂ ਅਮਲ ਕਰਦੀ ਹੈ' ਅਤੇ ਇਉਂ ਲੋਕਾਂ ਦੀ ਸਰਕਾਰ ਪ੍ਰਤੀ ਸਮਝਦਾਰੀ ਮਜ਼ਬੂਤ ਹੋਵੇਗੀ ਅਤੇ ਸਰਕਾਰ ਦੀ ਅਜਿਹੀ 'ਨਿਆਂਪਸੰਦਗੀ' ਕਰਕੇ ਲੋਕ ਉਹਦੀ ਹਮਾਇਤ ਕਰਨਗੇ ਤਾਂ ਇਹ ਸਰਕਾਰ ਦੀ ਬਚਗਾਨਗੀ ਸਮਝੀ ਜਾ ਸਕਦੀ ਹੈ ਕਿਉਂਕਿ ਇਹ ਬਲੀ ਬਰਤਾਨਵੀ ਨਿਆਂ ਦੇਖਤਾ ਦੀ ਸ਼ੌਹਰਤ ਨੂੰ ਹੋਰ ਪਵਿੱਤਰ ਅਤੇ ਨਿਰਪੱਖਤਾ ਜਾਂ ਪਾਰਦਰਸ਼ੀ ਦਿਖਾਉਣ ਦੇ ਇਰਾਦੇ ਨਾਲ ਕੀਤੀ ਗਈ ਹੈ; ਇਸ ਗੱਲ ਉਤੇ ਕਿਸੇ ਦਾ ਵੀ ਯਕੀਨ ਨਹੀਂ ਹੈ। ਖੁਦ ਸਰਕਾਰ ਵੀ ਇਸ ਸਮਝਦਾਰੀ ਦੇ ਆਧਾਰ ਉਤੇ ਆਪਣੇ ਆਪ ਨੂੰ ਸੰਤੁਸ਼ਟ ਨਹੀਂ ਕਰ ਸਕਦੀ ਹੈ? ਫਿਰ ਬਾਕੀਆਂ ਨੂੰ ਵੀ ਇਸ ਇਨਸਾਫ਼ਪਸੰਦ ਹੋਣ ਦੇ ਬੁਰਕੇ ਹੇਠ, ਉਹ ਕਿਸ ਤਰ੍ਹਾਂ ਸੰਤੁਸ਼ਟ ਕਰ ਸਕਦੀ ਹੈ? ਨਿਆਂ ਦੇ ਦੇਵਤੇ ਦੀ ਰਾਖੀ ਜਾਂ ਭਗਤੀ ਖਾਤਰ ਨਹੀਂ ਸਗੋਂ ਵਿਲਾਇਤ ਦੀਆਂ ਕੰਨਜਰਵੇਟਿਵ, ਰਾਜਸੀ ਪਿਛਾਂਹਖਿੱਚੂ, ਪਾਰਟੀ ਅਤੇ ਲੋਕ ਮਤ ਦੇ ਡਰ ਕਾਰਨ ਹੀ ਇਸ ਬਲੀ ਨੂੰ ਅੰਜਾਮ ਦਿੱਤਾ ਗਿਆ ਹੈ। ਇਸ ਗੱਲ ਨੂੰ ਸਰਕਾਰ ਦੇ ਨਾਲ ਨਾਲ ਸਮੁੱਚੀ ਦੁਨੀਆ ਵੀ ਜਾਣਦੀ ਹੈ। ਗਾਂਧੀ ਵਰਗੇ ਰਾਜਸੀ ਕੈਦੀਆਂ ਨੂੰ ਬਿਨਾ ਸ਼ਰਤ ਰਿਹਾ ਕਰਨ ਅਤੇ ਗਾਂਧੀ ਖੇਮੇ ਨਾਲ ਸਮਝੌਤੇ ਕਰਨ ਨਾਲ ਬਰਤਾਨਵੀ ਸਾਮਰਾਜ ਦੀ ਬਦਨਾਮੀ ਹੋਈ ਹੈਅਤੇ ਜਿਹਦੇ ਲਈ ਲੇਬਰ ਪਾਰਟੀ ਦੀ ਮੌਜੂਦਾ ਸਰਕਾਰ ਅਤੇ ਉਹਦੇ ਇਸ਼ਾਰਿਆਂ ਉਤੇ ਚਲਣ ਵਾਲਾ ਵਾਇਸਰਾਏ ਹੈ, ਅਜਿਹਾ ਸ਼ੋਰਗੁੱਲ ਇੰਗਲੈਂਡ ਦੀ ਸਿਆਸੀ ਸਨਾਤਨੀ (ਕੱਟੜਪੰਥੀ) ਪਾਰਟੀ ਦੇ ਕੁਝ ਕੱਟੜਪੰਥੀ ਆਗੂਆਂ ਨੇ ਮਚਾ ਰੱਖਿਆ ਹੈ ਅਤੇ ਅਜਿਹੇ ਸਮੇਂ ਵਿਚ ਇਕ ਅੰਗਰੇਜ਼ ਵਿਅਕਤੀ ਅਤੇ ਅਧਿਕਾਰੀ ਦੀ ਹੱਤਿਆ ਕਰਨ ਦਾ ਦੋਸ਼ ਜਿਸ ਉਤੇ ਲੱਗਿਆ ਹੋਵੇ ਉਹ ਸਾਬਤ ਵੀ ਹੋ ਚੁੱਕਾ ਹੋਵੇ, ਅਜਿਹੇ ਰਾਜਨੀਤਕ ਇਨਕਲਾਬੀ ਅਪਰਾਧੀ ਨੂੰ ਜੇਇਰਵਨ ਨੇ ਮੁਆਫ਼ੀ ਦੇ ਦਿੱਤੀ ਹੁੰਦੀ ਤਾਂ ਇਨ੍ਹਾਂ ਰਾਜਨੀਤਕ ਕੱਟੜਪੰਥੀਆਂ ਦੇ ਹੱਥਾਂ ਵਿਚ ਇਕ ਬਣਿਆ ਬਣਾਇਆ ਮੁੱਦਾ ਆ ਗਿਆ ਹੁੰਦਾ। ਪਹਿਲਾਂ ਤੋਂ ਹੀ ਬਰਤਾਨੀਆ ਵਿਚ ਲੇਬਰ ਪਾਰਟੀ ਦੀ ਸਰਕਾਰ ਡਾਵਾਂਡੋਲ ਹਾਲਤ ਵਿਚ ਚਲ ਰਹੀ ਹੈ ਅਤੇ ਉਸੇ ਹਾਲਤ ਵਿਚ ਜੇ ਇਹ ਮਸਲਾ ਰਾਜਨੀਤਕ ਕੱਟੜਪੰਥੀਆਂ ਨੂੰ ਮਿਲਦਾ ਕਿ ਉਹ ਅੰਗਰੇਜ਼ ਵਿਅਕਤੀ ਅਤੇ ਅਧਿਕਾਰੀ ਦੇ ਹਿੰਦੋਸਤਾਨੀ ਹੱਤਿਆਰੇ ਨੂੰ ਵੀ ਮੁਆਫ਼ ਕਰਦੀ ਹੈ ਤਾਂ ਇਹ ਚੰਗਾ ਬਹਾਨਾ ਉਥੋਂ ਦੇ ਰਾਜਸੀ ਪਿਛਾਖੜੀ ਲੋਕਾਂ ਨੂੰ ਮਿਲਦਾ ਹੈ ਅਤੇ ਇੰਗਲੈਂਡ ਦਾ ਲੋਕ ਮਤ ਲੇਬਰ ਪਾਰਟੀ ਦੇ ਵਿਰੁੱਧ ਬਣਾਉਣ ਵਿਚ ਉਨ੍ਹਾਂ ਨੂੰ ਸਹੂਲਤ ਮੁਹੱਈਆ ਹੋ ਜਾਂਦੀ। ਇਸ ਸੰਕਟ ਤੋਂ ਬਚਨ ਲਈ ਅਤੇ ਪਿਛਾਖੜੀ ਲੋਕਾਂ ਅੰਦਰ ਨਫ਼ਰਤ ਦੀ ਅੱਗ ਨਾ ਭੜਕੇ ਇਸ ਲਈ ਫਾਂਸੀ ਦੀ ਇਸ ਸਜ਼ਾ ਨੂੰ ਅੰਜਾਮ ਦਿੱਤਾ ਗਿਆ ਹੈ। ਇਹ ਕਦਮ ਬ੍ਰਿਟਿਸ਼ ਨਿਆਂਪਾਲਿਕਾ ਨੂੰ ਖੁਸ਼ ਕਰਨ ਦੇ ਲਈ ਨਹੀਂ ਸਗੋਂ ਬ੍ਰਿਟਿਸ਼ ਲੋਕ ਮਤ ਨੂੰ ਖੁਸ਼ ਕਰਨ ਦੇ ਲਈ ਚੁੱਕਿਆ ਗਿਆ ਹੈ। ਜੇ ਨਿੱਜੀ ਤੌਰ 'ਤੇ ਇਹ ਮਾਮਲਾ ਲਾਰਡ ਇਰਵਨ ਦੀ ਸਵੈ ਪਸੰਦਗੀ ਜਾਂ ਨਾ ਪਸੰਦਗੀ ਨਾਲ ਜੁੜਿਆ ਹੁੰਦਾ ਤਾਂ ਉਨ੍ਹਾਂ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਕੇ ਫਾਂਸੀ ਦੀ ਸਜ਼ਾ ਰੱਦ ਕਰਕੇ ਉਹਦੀ ਥਾਂ ਉਤੇ ਉਮਰ ਕੈਦ ਦੀ ਸਜ਼ਾ ਭਗਤ ਸਿੰਘ ਹੋਰਾਂ ਨੂੰ ਸੁਣਾਈ ਹੁੰਦੀ। ਵਿਲਾਇਤ ਦੀ ਲੇਬਰ ਪਾਰਟੀ ਦੇ ਮੰਤਰੀ ਮੰਡਲ ਨੇ ਵੀ ਲਾਰਡ ਇਰਵਨ ਨੂੰ ਇਹਦੇ ਲਈ ਹਮਾਇਤ ਮੁਹੱਈਆ ਕੀਤੀ ਹੁੰਦੀ। ਗਾਂਧੀ ਇਰਵਨ ਪੈਕਟ ਦੇ ਬਹਾਨੇ ਇਹਨੂੰ ਅੰਜਾਮ ਦੇ ਕੇ ਭਾਰਤ ਦੇ ਲੋਕ ਮਤ ਨੂੰ ਰਾਜ਼ੀ ਕਰਨਾ ਜ਼ਰੂਰੀ ਸੀ। ਜਾਂਦੇ ਜਾਂਦੇ ਲਾਰਡ ਇਰਵਨ ਵੀ ਲੋਕਾਂ ਦਾ ਦਿਲ ਜਿੱਤ ਲੈਂਦੇ। ਪਰ ਇੰਗਲੈਂਡ ਦੇ ਆਪਣੇ ਪਿਛਾਖੜੀ ਭਾਈਚਾਰੇ ਅਤੇ ਇਥੋਂ ਤੱਕ ਕਿ ਉਸੇ ਮਨੋਬਿਰਤੀ ਦੀ ਨੌਕਰਸ਼ਾਹੀ ਦੇ ਗੁੱਸੇ ਦਾ ਉਹ ਸ਼ਿਕਾਰ ਹੁੰਦੇ। ਇਸ ਲਈ ਲੋਕ ਮਤ ਦੀ ਪ੍ਰਵਾਹ ਕੀਤੇ ਬਗੈਰ ਲਾਰਡਰ ਇਰਵਨ ਦੀ ਸਰਕਾਰ ਨੇ ਭਗਤ ਸਿੰਘ ਅਤੇ ਹੋਰਾਂ ਨੂੰ ਫਾਂਸੀ ਉਤੇ ਚੜ੍ਹਾ ਦਿੱਤਾ ਅਤੇ ਉਹ ਵੀ ਕਰਾਚੀ ਕਾਂਗਰਸ ਤੋਂ ਤਿੰਨ ਚਾਰ ਦਿਨ ਪਹਿਲਾਂ ਹੀ। ਗਾਂਧੀ ਇਰਵਨ ਸਮਝੌਤੇ ਨੂੰ ਮਲੀਆਮੇਟ ਕਰਨ ਅਤੇ ਸਮਝੌਤੇ ਦੀਆਂ ਗਾਂਧੀ ਦੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਕਰਨ ਦੇ ਲਈ ਭਗਤ ਸਿੰਘ ਹੋਰਾਂ ਨੂੰ ਫਾਂਸੀ ਅਤੇ ਫਾਂਸੀ ਲਈ ਮੁਕਰਰ ਕੀਤਾ ਸਮਾਂ, ਇਹ ਦੋਵੇਂ ਗੱਲਾਂ ਹੀ ਕਾਫ਼ੀ ਸਨ। ਜੇ ਇਸ ਸਮਝੌਤੇ ਨੂੰ ਖਤਮ ਕਰਨ ਦਾ ਹੀ ਇਰਾਦਾ ਲਾਰਡ ਇਰਵਨ ਸਰਕਾਰ ਦਾ ਸੀ ਤਾਂ ਇਸ ਕਾਰਵਾਈ (ਫਾਂਸੀ ਦੇਣ ਦੀ) ਤੋਂ ਬਿਨਾ ਹੋਰ ਕੋਈ ਮਜ਼ਬੂਤ ਮਸਲਾ ਉਹਨੂੰ ਲੱਭਿਆ ਵੀ ਨਾ ਮਿਲਦਾ। ਇਸ ਨਜ਼ਰੀਏ ਨਾਲ ਵੀ ਵੇਖੀਏ ਤਾਂ ਗਾਂਧੀ ਜੀ ਦੇ ਕਥਨ ਅਨੁਸਾਰ, ਸਰਕਾਰ ਨੇ ਇਹ ਬਹੁਤ ਵੱਡੀ ਗਲਤੀ (ਬਲੰਡਰ) ਕੀਤੀ ਹੈ। ਇਹ ਕਹਿਣਾ ਦਰੁਸਤ ਨਹੀਂ ਹੋਵੇਗੀ। ਸਾਰੀ ਗੱਲ ਤੱਤ ਨਿਚੋੜ ਇਹ ਹੀ ਹੈ ਕਿ (ਭਾਰਤੀ) ਲੋਕ ਮੱਤ ਦੀ ਪ੍ਰਵਾਹ ਕੀਤੇ ਬਿਨਾ, ਗਾਂਧੀ ਇਰਵਨ ਸਮਝੌਤੇ ਦਾ ਕੀ ਹੋਵੇਗਾ ਇਹ ਦੀ ਚਿੰਤਾ ਕੀਤੇ ਬਿਨਾ, ਵਿਲਾਇਤ ਦੇ ਪਿਛਾਖੜੀਆਂ (ਰੂੜੀਵਾਦੀਆਂ) ਦੇ ਗੁੱਸੇ ਦਾ ਸ਼ਿਕਾਰ ਹੋਣ ਤੋਂ ਆਪਣੇ ਆਪ ਨੂੰ ਬਚਾਉਣ ਦੇ ਲਈ, ਭਗਤ ਸਿੰਘ ਆਦਿ ਹੋਰਾਂ ਨੂੰ ਬਲੀ ਚੜ੍ਹਾਇਆ ਗਿਆ ਹੈ। ਇਹ ਗੱਲ ਹੁਣ ਲੁਕੀ ਛਿਪੀ ਨਹੀਂ ਸਕੇਗੀ। ਇਹ ਗੱਲ ਸਰਕਾਰ ਨੂੰ ਹੁਣ ਪੱਕੇ ਤੌਰ 'ਤੇ ਮੰਨ ਲੈਣੀ ਚਾਹੀਦੀ ਹੈ।

**ਸੰਪਾਦਕੀ 'ਜਨਤਾ' 13 ਅਪ੍ਰੈਲ 1931**
**93544-30211**

# ਡਾਕਟਰ 7 ਪਰਤਮ ਛੋਟਾ ਨਾਮ ਪੰਜ ਟਕਾ ਡਾਕਟਰ



ਕਲਕੱਤਾ ਮੈਡੀਕਲ ਕਾਲਜ ਤੋਂ ਚਮੜੀ ਦੇ ਮਾਸਟਰ ਡਿਗਰੀ-ਧਾਰੀ। ਕਲਕੱਤਾ ਤੋਂ 80 ਕੁ ਕਿਲੋਮੀਟਰ ਦੂਰ ਕਾਲਨਾ ਕਸਬੇ ਦੇ ਵਸਨੀਕ ਜਨਾਬ ਚਮੜੀ ਦੇ ਮਾਹਿਰ ਡਾਕਟਰ ਹਨ। ਡਾਕਟਰੀ ਦੀ ਪੜਾਈ ਪੂਰੀ ਕਰਨ ਤੋਂ ਬਾਅਦ ਏਹਨਾਂ ਨੇ ਸਰਕਾਰੀ ਜਾਂ ਕਿਸੇ ਮਲਟੀ ਸਪੈਸਲਿਸਟ ਹਸਪਤਾਲ ਚ ਨੋਕਰੀ ਲਈ ਹੱਥ ਪੱਲਾ ਨਹੀਂ ਮਾਰਿਆ। ਨਾ ਹੀ ਕੋਈ ਹਸਪਤਾਲ ਜਾਂ ਕਲੀਨਿਕ ਖੋਲ ਕੇ ਬਿਜਨਸ ਸ਼ੁਰੂ ਕੀਤਾ। ਬਸ ਆਪਣੇ ਘਰ ਦੇ ਬਾਹਰ ਜਿਥੇ ਦਿਲ ਕਰਦਾ ਕੁਰਸੀ ਡਾਹ ਕੇ ਬਹਿ ਜਾਂਦੇ...ਜੇ ਓਹ ਵੀ ਨਾ ਹੋਵੇ...ਤਾਂ ਜੋ ਮਿਲਦਾ ਬੈਠਣ ਨੂੰ ਬਸ ਉਸੇ ਤੇ ਹੀ ਬਹਿ ਕੇ...ਸੁਰੂ ਹੋ ਜਾਂਦੇ ਲੋਕਾਂ ਦੇ ਦੁੱਖ ਸੁਣਨ...ਓਹਨਾਂ ਨੂੰ ਸਮਝਾਓਣ...ਤੇ ਦਵਾਈ ਲਿਖਣ...ਦਵਾਈ ਜਿਸਦਾ ਜਿਥੋਂ ਜੀਅ ਕਰਦਾ ਓਥੋਂ ਲੈ ਲਵੇ।

ਕਿਸੇ ਮੈਡੀਕਲ ਹਾਲ ਨਾਲ ਹਿਸਾਬ ਕਿਤਾਬ ਨਹੀਂ...ਨਾ ਹੀ ਕਿਸੇ ਦਵਾਈ ਕੰਪਨੀ ਨਾਲ...ਦਵਾਈ ਸਸਤੀ ਤੇ ਅਸਰਕਾਰਕ ਲਿਖਦੇ...ਤੇ ਬਦਲੇ 'ਚ ਫੀਸ ਲੈਂਦੇ ਨੇ ਸਿਰਫ ਪੰਜ ਰੁਪਏ...ਤੇ ਆਪਣੀ ਫੀਸ ਦੇ ਕਾਰਨ ਹੀ ਇਹਨਾਂ ਦਾ ਛੋਟਾ ਨਾਮ ਪਿਆ ਹੈ ਪੰਜ ਟਕਾ ਡਾਕਟਰ...ਭਾਵੇਂ ਬੇਸ਼ੱਕ ਨਾਮ ਦੇ ਪੰਜ ਟਕਾ ਡਾਕਟਰ ਹਨ...ਪਰ ਕੰਮ ਓਹ ਕਰ ਰਹੇ ਨੇ ਜਿਹੜਾ ਟਕੇਆਂ ਦੇ ਹਿਸਾਬਾਂ ਚੋਂ ਕਿਤੇ ਦੂਰ ਹੈ।

ਬੇਸ਼ੱਕ ਪੰਜਾਬ ਦੇ ਸਰਕਾਰੀ ਹਸਪਤਾਲਾਂ 'ਚ ਵੀ ਡਾਕਟਰ ਦੀ ਫੀਸ ਪੰਜ ਰੁਪਏ ਹੈ ਤੇ ਦਵਾਈ ਮੁਫਤ ਦਿੱਤੀ ਜਾਂਦੀ ਹੈ...ਪਰ ਹਸਪਤਾਲਾਂ ਦੇ ਸਾਹਮਣੇ ਖੁੱਲੇ ਹਾਈ ਫਾਈ ਡਰੱਗ ਸਟੋਰ ਤੇ ਕਲੀਨਿਕਲੀ ਲੈਬਾਂ ਉਸ ਸੱਚਾਈ ਦਾ ਜਿਓਂਦਾ ਜਾਗਦਾ ਸਬੂਤ ਹਨ...ਜਿਸ 'ਤੇ ਸਿਸਟਮ ਨੇ ਰਾਜ ਨਹੀਂ ਸੇਵਾ ਦਾ ਸ਼ਲੀਨੀ ਪਰਦਾ ਪਾਇਆ ਹੋਇਆ।







ਪੁਸਤਕ ਰਿਵਿਊ

# "ਨਹੀਓਂ ਲੱਭਣੇ ਲਾਲ ਗੁਆਚੇ"

**ਲੇਖਕ : ਹਰਨੇਕ ਬੱਧਣੀ**
**ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ**
**ਚਰਚਾ ਕਰਤਾ : ਹਰੀਪਾਲ**

ਕਹਿੰਦੇ ਹਨ ਲਿਖਣਾ ਇਕ ਕਲਾ ਹੈ, ਇਕ ਸਾਧਨਾ ਹੈ ਅਤੇ ਇਕ ਭਗਤੀ ਹੈ। ਗੋਰਕੀ ਦੇ ਲਫ਼ਜਾਂ ਵਿਚ ਲੇਖਕ ਉਹ ਹੁੰਦਾ ਹੈ ਜਿਹੜਾ ਦਿਨੇ ਹੀ ਸੁਪਨੇ ਲੈਂਦਾ ਹੈ। ਇਨ੍ਹਾਂ ਸੁਪਨਿਆਂ ਵਿਚ ਕੁਝ ਸੁਪਨੇ ਉਹ ਵੀ ਹੁੰਦੇ ਹਨ, ਜਿਹੜੇ ਲੇਖਕ ਨੂੰ ਚੈਨ ਨਾਲ ਬੈਠਣ ਨਹੀਂ ਦਿੰਦੇ ਜਦ ਤੱਕ ਉਹ ਸੁਪਨੇ ਸਾਕਾਰ ਰੂਪ ਵਿਚ ਕਾਗਜ਼ 'ਤੇ ਨਹੀਂ ਉਤਰਦੇ।

ਲੇਖਕ ਖੁਦ ਆਪਣੇ ਜਿਸਮ ਦੇ ਟੁਕੜਿਆਂ ਨੂੰ ਪਾਤਰਾਂ ਦੇ ਰੂਪ ਵਿਚ ਜਿਉਂਦਾ ਹੈ। ਪਾਤਰਾਂ ਦੇ ਦੁੱਖ, ਸੁੱਖ, ਸਭ ਲੇਖਕ ਦੇ ਆਪਣੇ ਹੀ ਹੁੰਦੇ ਹਨ। ਕਹਾਣੀਕਾਰ ਕਵੀ ਦੀ ਤਰ੍ਹਾਂ ਭਾਵਕ ਨਹੀਂ ਹੁੰਦਾ। ਕਵਿਤਾ ਭਾਵਕਤਾ 'ਚੋਂ ਜਨਮ ਲੈਂਦੀ ਹੈ ਤੇ ਕਹਾਣੀ ਯਥਾਰਥ ਦੇ ਕੌੜੇ ਸੱਚ ਵਿਚੋਂ। ਹੁਣ ਇਹ ਲੇਖਕ ਦਾ ਕੰਮ ਹੈ ਕਿ ਉਹ ਯਥਾਰਥ ਨੂੰ ਕਿਸ ਰੂਪ ਵਿਚ ਪੇਸ਼ ਕਰਦਾ ਹੈ। ਮੇਰੇ ਖਿਆਲ ਵਿਚ ਕਹਾਣੀ ਲਿਖਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਜਿਹੜੇ ਕਹਾਣੀ ਲਿਖਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਕਿਵੇਂ ਕੋਈ ਘਟਨਾ ਸਾਡੇ ਦਿਮਾਗ ਨੂੰ, ਦਿਲ ਨੂੰ ਗੁੰਨਦੀ ਹੈ। ਕਹਾਣੀ ਦੇ ਪਲਾਟ ਤੇ ਪਾਤਰਾਂ ਦੀ ਉਸਾਰੀ ਲੇਖਕ ਨੂੰ ਬਹੁਤ ਤੰਗ ਕਰਦੀ ਹੈ। ਕਹਾਣੀ ਦੇ ਪਾਤਰ ਲੇਖਕ ਦੇ ਤਿਆਗ ਦਾ ਦਰਵਾਜ਼ਾ ਖੜਕਾਉਂਦੇ ਰਹਿੰਦੇ ਹਨ। ਕਈ ਵਾਰ ਕਾਗਜ਼ 'ਤੇ ਉਤਰੇ ਹੋਏ ਪਾਤਰ ਲੇਖਕ ਨੂੰ ਉਲਾਂਭਾ ਦਿੰਦੇ ਰਹਿੰਦੇ ਹਨ ਕਿ ਤੂੰ ਸਾਡੇ ਨਾਲ ਇਨਸਾਫ਼ ਨਹੀਂ ਕੀਤਾ। ਉਨ੍ਹਾਂ ਦੇ ਉਲਾਂਭੇ ਲਾਹੁਣ ਲਈ ਲੇਖਕ ਨੂੰ ਕਈ ਵਾਰ, ਕਹਾਣੀ ਵਾਰ ਵਾਰ ਲਿਖਣੀ ਪੈਂਦੀ ਹੈ ਜਦ ਤੱਕ ਗੁੱਸੇ ਖੋਰ ਪਾਤਰਾਂ ਦੀ ਤਸੱਲੀ ਨਹੀਂ ਹੁੰਦੀ। ਇਕ ਫਰਾਂਸੀਸੀ ਕਹਾਵਤ ਅਨੁਸਾਰ ਮਹਾਨ ਸੋਚਾਂ ਦੀਆਂ ਜੜ੍ਹਾਂ ਸਾਡੇ ਦਿਲ ਵਿਚ ਹੁੰਦੀਆਂ ਹਨ। ਮੇਰੇ ਖਿਆਲ ਵਿਚ ਕੋਈ ਵੀ ਵਿਅਕਤੀ ਧੱਕੇ ਨਾਲ ਲੇਖਕ ਨਹੀਂ ਬਣ ਸਕਦਾ ਕਿਉਂਕਿ ਕੋਮਲ ਦਿਲ ਸਾਨੂੰ ਵਿਰਸੇ ਵਿਚ ਮਿਲਦਾ ਹੈ ਅਤੇ ਕੋਮਲ ਦਿਲ ਵਿਚੋਂ ਹੀ ਸਭ ਕੁਝ ਜਨਮ ਲੈਂਦਾ ਹੈ। ਕਲਪਨਾ ਅਤੇ ਕਲਾ ਵਿਚੋਂ ਹੀ ਸਾਡਾ ਸਭਿਆਚਾਰ ਜਨਮ ਲੈਂਦਾ ਹੈ। ਇਸ ਕਰਕੇ ਲੇਖਕ ਸਭਿਆਚਾਰ ਦੇ ਰੂਪਕ ਪੱਖ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾਹੈ। ਫਰਜ਼ ਕਰੋ ਕਿ ਲੇਖਕ ਅਸ਼ਲੀਲ ਹੈ ਤਾਂ ਉਹ ਪਾਠਕਾਂ ਨੂੰ ਅਸ਼ਲੀਲਤਾ ਹੀ ਦਾਨ ਬਖਸ਼ੂਗਾ, ਜੇਕਰ ਲੇਖਕ ਅਗਾਂਹਵਧੂ ਹੈ ਤਾਂ ਉਹ ਹਮੇਸ਼ਾ ਸੰਘਰਸ਼ਮਈ ਹੋਵੇਗਾ ਤੇ ਉਸ ਦੀਆਂ ਲਿਖਤਾਂ ਸਮਾਜਿਕ ਸਰੋਕਾਰਾਂ ਲਈ ਆਸ ਦੀਆਂ ਕਿਰਨਾਂ ਬਣਨਗੀਆਂ। ਸੋ ਚੰਗੇ ਸਭਿਆਚਾਰ ਦੀ ਉਸਾਰੀ ਲਈ ਲੇਖਕਾਂ ਦਾ ਉਸਾਰੂ ਰੋਲ ਜ਼ਰੂਰੀ ਹੈ। ਜਿਹੜੇ ਲੇਖਕ ਆਪਦੀ ਮੌਲਿਕ ਸੋਚ ਨੂੰ ਪ੍ਰਣਾਏ ਹਨ ਉਹੀ ਵਧੀਆ ਲੇਖਕ ਕਹਾਏ ਹਨ। ਇਕ ਹੋਰ ਗੱਲ ਕਿ ਇਤਿਹਾਸ ਗਵਾਹ ਹੈ ਕਿ ਉਨ੍ਹਾਂ ਲੇਖਕਾਂ ਦੀਆਂ ਲਿਖਤਾਂ ਹੀ ਸਮੇਂ ਦੇ ਨਾਲ ਜਿਉਂਦੀਆਂ ਹਨ ਜੋ ਲੋਕਪੱਖੀ ਹੁੰਦੇ ਹਨ। ਝੂਠੇ, ਇਨਾਮਾਂ ਦੇ ਭੁੱਖੇ ਜਾਂ ਸਥਾਪਤੀ ਦੇ ਗੁਣਗਾਣ ਕਰਨ ਵਾਲੇ ਲੇਖਕ ਸਮੇਂ ਦੀ ਧੂੜ ਵਿਚ ਗੁਆਚ ਜਾਂਦੇ ਹਨ।

ਮੈਨੂੰ ਖੁਸ਼ੀ ਹੈ ਕਿ ਸਾਡਾ ਹਰਨੇਕ ਇਕ ਅਗਾਂਹਵਧੂ ਸਮਾਜ ਦੇ ਸਰੋਕਾਰਾਂ ਨਾਲ ਇਕਮਿਕ ਹੋਣ ਵਾਲਾ ਲੇਖਕ ਹੈ। ਉਹ ਲੋਕਾਂ ਦਾ ਲੇਖਕ ਹੈ, ਜੋਕਾਂ ਦਾ ਨਹੀਂ ਕਿਉਂਕਿ ਉਹ ਕਹਾਣੀ ਲਿਖਦਾ ਲੋਕਪੱਖੀ ਮੁੱਦੇ ਉਭਾਰਦਾ ਹੈ। 'ਅਜੀਬ ਰਿਸ਼ਤੇ' ਤੋਂ ਬਾਅਦ 'ਨਹੀਓਂ ਲੱਭਣੇ ਲਾਲ ਗੁਆਚੇ' ਕਹਾਣੀ ਸੰਗ੍ਰਹਿ ਲੈ ਕੇ ਉਹ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੈ। ਹਰਨੇਕ ਦੀ ਇਕ ਸਿਫ਼ਤ ਹੈ ਕਿ ਉਹ ਘਟਨਾਵਾਂ ਨੂੰ ਹੂਬਹੂ ਨਹੀਂ ਚਿਤਰਦਾ। ਬੇਸ਼ੱਕ ਉਹ ਇਕ ਯਥਾਰਥਵਾਦੀ ਲੇਖਕ ਹੈ ਪਰ ਉਹ ਘਟਨਾਵਾਂ ਤੇ ਕਲਾ ਦੀ ਪੁੱਠ ਚਾੜ੍ਹਦਾ ਹੈ। ਉਸਦੀ ਇਕ ਕਹਾਣੀ ਹੈ ਫੈਸਲਾ, ਇਹ ਬਿਲਕੁਲ ਇਕ ਨਵਾਂ ਵਿਸ਼ਾ ਹੈ ਕਿ ਜ਼ਿੰਦਗੀ ਕਿਸੇ ਵੀ ਮੋੜ 'ਤੇ ਸ਼ੁਰੂ ਕੀਤੀ ਜਾ ਸਕਦੀ ਹੈ। ਹਜ਼ਾਰਾਂ ਦੁੱਖ, ਤਕਲੀਫ਼ਾਂ, ਅਸਫ਼ਲਤਾਵਾਂ ਝੱਲਣ ਦੇ ਬਾਵਜੂਦ, ਕੈਨੇਡਾ ਦੀ ਜ਼ਿੰਦਗੀ ਦੇ ਤੇਈ ਸਾਲ ਹੰਢਾ ਕੇ ਵੀ ਜੱਸੀ ਆਪਣੀ ਜ਼ਿੰਦਗੀ ਸ਼ੁਰੂ ਕਰਦੀ ਹੈ। ਜੇਕਰ ਪੰਜਾਹ ਸੱਠ ਸਾਲ ਦਾ ਬਾਪੂ ਵਿਧਵਾ ਹੋ ਕੇ ਜਾਂ ਆਪਣੀ ਪਤਨੀ ਨੂੰ ਤਲਾਕ ਦੇ ਕੇ ਜ਼ਿੰਦਗੀ ਸ਼ੁਰੂ ਕਰ ਸਕਦਾ ਹੈ, ਸਾਡੇ ਸਮਾਜ ਨੂੰ ਉਸ ਦੇ ਇਸ ਫੈਸਲੇ 'ਤੇ ਕੋਈ ਇਤਰਾਜ਼ ਨਹੀਂ, ਸਗੋਂ ਸਮਾਜ ਖੁਸ਼ ਹੁੰਦਾ ਹੈ ਕਿ ਚੱਲੋ ਬਜ਼ੁਰਗ ਨੇ ਆਪਦੇ ਰੋਟੀ ਦਾ ਇੰਤਜ਼ਾਮ ਕਰ ਲਿਆ ਤਾਂ ਇਹ ਪੰਜਾਹ ਸਾਲ ਦੀ ਔਰਤ ਜੇਕਰ ਇਸ ਮੋੜ 'ਤੇ ਆ ਕੇ ਆਪਦੀ ਜ਼ਿੰਦਗੀ ਦਾ ਫੈਸਲਾ ਨਹੀਂ ਕਰ ਸਕਦੀ ਕਿਉਂ ਨਹੀਂ। ਹੱਡ-ਮਾਸ ਦੇ ਦੋਵੇਂ ਹੀ ਬਣੇ ਹਨ ਤੇ ਦੋਹਾਂ ਦੀ ਮਾਨਸਿਕ ਸਰੀਰਕ ਲੋੜਾਂ ਇਕੋ ਜਿਹੀਆਂ ਹਨ। ਸਾਨੂੰ ਉਹਨਾਂ ਔਰਤਾਂ ਦਾ ਵੀ ਸਤਿਕਾਰ ਕਰਨਾ ਹੋਊਗਾ ਜੋ ਇਸ ਕਸੂਤੇ ਜਿਹੇ ਮੋੜ 'ਤੇ ਆਪਦੀ ਜ਼ਿੰਦਗੀ ਦੇ ਫੈਸਲੇ ਲੈਂਦੀਆਂ ਹਨ। ਅਜੇ ਵੀ ਸਾਡੀ ਮੱਧ ਵਰਗੀ ਸੋਚ ਤਲਾਕ-ਸ਼ੁਦਾ ਔਰਤ ਨੂੰ ਕਿਸੇ ਹੋਰ ਹੀ ਨਜ਼ਰੀਏ ਨਾਲ ਦੇਖਦੀ ਹੈ। ਰਾਖੇ ਕਹਾਣੀ ਵੀ ਹਰਨੇਕ ਨੇ ਇਕ ਨਵੇਂ ਨਜ਼ਰੀਏ ਤੋਂ ਲਿਖੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਜੇਕਰ ਸਾਡਾ ਮੁੰਡਾ ਵਿਆਹ ਤੋਂ ਪਹਿਲਾਂ ਕਿਤੇ ਤੁਰਿਆ ਫਿਰਦਾ ਤਾਂ ਸਾਡੀ ਮੁੱਛ ਨੀਵੀਂ ਨਹੀਂ ਹੁੰਦੀ ਪਰ ਜੇਕਰ ਇਹੀ ਗਲਤੀ ਜਾਂ ਫੈਸਲਾ ਕੁੜੀ ਕਰੇ ਤਾਂ ਸਾਡੇ ਹੱਥ ਗੰਡਾਸੇ ਨੂੰ ਕਿਉਂ ਜਾਂਦੇ ਹਨ? ਕਿਉਂ ਅਸੀਂ ਆਪਣੀ ਜ਼ਿੰਦਗੀ ਦੇ ਫੈਸਲੇ ਕਰਨ ਵਾਲੀਆਂ ਧੀਆਂ ਨੂੰ ਕਦੇ ਇੰਡੀਆ ਲਿਜਾ ਕੇ ਮਰਵਾਉਂਦੇ ਹਾਂ ਜਾਂ ਇਥੇ ਹੀ ਵੱਡ ਕੇ ਫਰੀਜਰਾਂ ਵਿਚ ਰੱਖ ਦਿੰਦੇ ਹਾਂ। ਸਾਡੀ ਭਾਰਤੀ ਪਾਕਿਸਤਾਨੀ ਜਾਂ ਏਸ਼ੀਅਨ ਕਮਿਊਨਿਟੀ ਤੇ ਇਹ ਦੋਸ਼ ਹੈ ਕਿ ਅਸੀਂ ਸਭ ਤੋਂ ਵੱਧ ਆਪਦੀਆਂ ਧੀਆਂ ਪਤਨੀਆਂ ਮਾਰੀਆਂ ਹਨ। ਜਦ ਕਦੇ ਕਿਸੇ ਆਫ਼ਤ ਮਾਰੇ ਲੋਕਾਂ ਲਈ ਦਾਨ ਵਗੈਰਾ ਇਕੱਠਾ ਕਰਨ ਤੇ ਅਸੀਂ ਪਹਿਲੇ ਨੰਬਰ 'ਤੇ ਆਉਂਦੇ ਹਾਂ ਤੇ ਅਸੀਂ ਛਾਤੀ ਫੁਲਾ ਲੈਂਦੇ ਹਾਂ, ਕੀ ਅਸੀਂ ਇਸ ਕਲੰਕ ਤੋਂ ਬਚ ਜਾਵਾਂਗੇ ਕਿ ਔਰਤਾਂ ਮਾਰਨ ਵਿਚ ਵੀ ਅਸੀਂ ਪਹਿਲੇ ਨੰਬਰ 'ਤੇ ਹਾਂ, ਚਾਹੇ ਉਹ ਔਰਤਾਂ ਸਾਡੀਆਂ ਧੀਆਂ ਹੋਣ ਜਾਂ ਸਾਡੀਆਂ ਪਤਨੀਆਂ? ਜੇਕਰ ਅਸੀਂ ਆਪਣੀਆਂ ਧੀਆਂ ਨੂੰ ਵੀ ਉਨੇ ਅਧਿਕਾਰ ਦੇ ਦੇਈਏ ਜਿੰਨੇ ਆਪਣੇ ਮੁੰਡਿਆਂ ਨੂੰ ਦਿੰਨੇ ਤਾਂ ਸੱਚ ਜਾਣੋ ਸਾਡੀਆਂ ਧੀਆਂ ਸਾਨੂੰ ਨਿਰਾਸ਼ ਨਹੀਂ ਕਰਨਗੀਆਂ। ਉਹ ਆਪਣੇ ਭਲੇ ਬੁਰੇ ਦੀਆਂ ਆਪ ਜ਼ਿੰਮੇਵਾਰ ਹੋਣਗੀਆਂ ਤੇ ਆਤਮ-ਵਿਸ਼ਵਾਸ ਨਾਲ ਭਰੀਆਂ ਸਾਡੀਆਂ ਧੀਆਂ ਸਾਡੇ ਸਮਾਜ ਦਾ ਕੀਮਤੀ ਅੰਗ ਬਣਨਗੀਆਂ।


ਮਿੱਟੀ ਨਾ ਫਰੋਲ ਜੋਗੀਆ ਇਸ ਦੀ ਇਕ ਹੋਰ ਕਹਾਣੀ ਹੈ। ਜਿਸ ਦੇ ਕਿਰਦਾਰ ਕੈਨੇਡਾ ਦਾ ਰੋਣਾ ਰੋਂਦੇ ਹਨ ਕਿ ਉਨ੍ਹਾਂ ਨੇ ਬਹੁਤ ਕੁਝ ਗਵਾ ਲਿਆ ਹੈ। ਇਹ ਇਕ ਬਿਮਾਰੀ ਹੈ, ਹਮੇਸ਼ਾ ਹੀ ਬੀਤੇ ਨੂੰ ਰੋਂਦੇ ਰਹਿਣਾ। ਰੋਂਦਾ ਕੌਣ ਹੈ ਉਹੀ ਜੱਟ ਜਾਂ ਮੱਧ ਵਰਗੀ ਮਾਨਸਿਕਤਾ ਪਰ ਜਿਹੜੇ ਲੋਕ ਉਥੋਂ ਮਜ਼ਦੂਰ ਜਮਾਤ ਵਿਚੋਂ ਆ ਕੇ ਇਥੇ ਵਸੇ ਹਨ ਕਦੇ ਰੋਂਦੇ ਦੇਖੇ ਹਨ? ਜੇਕਰ ਅਸੀਂ ਇਥੇ ਆਏ ਹਾਂ ਤਾਂ ਇਸ ਮੁਲਕ ਦੇ ਬਣ ਕੇ ਰਹੀਏ ਤੇ ਇਸ ਮੁਲਕ ਦੇ ਸਾਰੇ ਮਸਲਿਆਂ ਵਿਚ ਆਪਣੀ ਸ਼ਮੂਲੀਅਤ ਕਰੀਏ। ਜਦੋਂ ਅਸੀਂ ਇਸ ਮੁਲਕ ਨੂੰ ਅਪਣਾ ਲਿਆ ਫੇਰ ਸਾਡੇ ਜੁਆਕ ਚਾਹੇ ਗੋਰਿਆਂ ਨਾਲ ਵਿਆਹ ਕਰਾਉਣ ਜਾਂ ਕਾਲਿਆਂ ਨਾਲ ਸਾਨੂੰ ਕੋਈ ਫਰਕ ਨਹੀਂ ਪੈਣਾ ਚਾਹੀਦਾ। ਅਸੀਂ ਆਪਣੀਆਂ ਬਹੁਤੀਆਂ ਮੁਸ਼ਕਿਲਾਂ, ਸਮੱਸਿਆਵਾਂ ਆਪ ਹੀ ਪੈਦਾ ਕੀਤੀਆਂ ਹਨ ਕਿਉਂਕਿ ਮੱਧ ਵਰਗੀ ਸੋਚ ਦੀਆਂ ਝੂਠੀਆਂ ਕਦਰਾਂ ਕੀਮਤਾਂ ਸਾਡੇ ਵਿਚੋਂ ਨਹੀਂ ਨਿਕਲਦੀਆਂ। ਅਸਲ ਵਿਚ ਕਹਾਣੀਆਂ ਲੇਖਕ ਦੇ ਵਿਚਾਰਾਂ ਨੂੰ ਹੀ ਰੂਪਮਾਨ ਕਰਦੀਆਂ ਹਨ। ਮਾਨਸਿਕ ਤੌਰ 'ਤੇ ਸਾਡੇ ਲੇਖਕ ਨੇ ਅਜੇ ਕੈਨੇਡਾ ਨੂੰ ਅਪਣਾਇਆ ਨਹੀਂ। ਕੈਨੇਡਾ ਦਾ ਸਭਿਆਚਾਰ, ਔਰਤਾਂ ਦੀ, ਰਿਸ਼ਤੇ ਦੀ ਮਨੁੱਖ ਦੀ ਅਜ਼ਾਦੀ ਦੀ ਕਦਰ ਕਰਦਾ ਹੈ। ਅਸੀਂ ਇਥੇ ਖੁਸ਼ ਹਾਂ ਸਾਨੂੰ ਇਹ ਸਭਿਆਚਾਰ ਅਪਣਾਉਣਾ ਚਾਹੀਦਾ ਹੈ, ਮੈਨੂੰ ਨਹੀਂ ਲੱਗਦਾ ਸਾਡੇ ਜਰਜਰੇ ਸਭਿਆਚਾਰ ਵਿਚ ਸਾਂਭਣ ਵਾਲੀ ਕੋਈ ਗੱਲ ਹੈ। ਸਫੈਦ ਖੂਨ ਕਹਾਣੀ ਵਿਚ ਬਜ਼ੁਰਗਾਂ ਦੀ ਸਮੱਸਿਆ ਵੱਲ ਉਂਗਲ ਕੀਤੀ ਗਈ ਹੈ ਪਰ ਸਾਡੇ ਬੱਚੇ ਜੇਕਰ ਅਲਹਿਦਾ ਰਹਿਣਾ ਚਾਹੁੰਦੇ ਹਨ ਤਾਂ ਸਾਨੂੰ ਇਸ ਦੀ ਕਦਰ ਕਰਨੀ ਚਾਹੀਦੀ ਹੈ, ਉਹ



## ਛਪ ਕੇ ਆ ਰਹੀ ਕਿਤਾਬ

'ਸਰੋਕਾਰਾਂ ਦੀ ਆਵਾਜ਼' ਵਲੋਂ ਜਲਦੀ ਹੀ ਪਾਠਕਾਂ ਦੀ ਸੱਥ ਵਿਚ ਇਕ ਪ੍ਰਸਿੱਧ ਪੁਸਤਕ ਜੋ ਕਿ ਕੈਨੇਡੀਅਨ ਲੇਖਕ Hugh J.M. Johnston ਵਲੋਂ ਅੰਗਰੇਜ਼ੀ ਵਿਚ The Voyage of The Kamagata Maru ਦੀ ਇਤਿਹਾਸਕ ਯਾਤਰਾ ਜਿਸ ਦਾ ਪੰਜਾਬੀ ਰੂਪ ਪ੍ਰਕਾਸ਼ਤ ਕੀਤੀ ਜਾ ਰਹੀ ਹੈ, ਸੋ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕਿਤਾਬ ਦੁਆਰਾ ਕਾਮਾਗਾਟਾ ਦੇ ਦੁਖਾਂਤ ਦੀ ਅਸਲੀਅਤ ਨੂੰ ਵੱਧ ਤੋਂ ਵੱਧ ਪੰਜਾਬੀ ਪਾਠਕਾਂ ਤੱਕ ਪਹੁੰਚਣ ਲਈ ਆਰਥਿਕ ਮਦਦ ਲਈ ਅੱਗੇ ਆਓ ਤਾਂ ਕਿ ਵੱਧ ਗਿਣਤੀ ਵਿਚ ਪ੍ਰਕਾਸ਼ਤ ਕੀਤੀ ਜਾ ਸਕੇ।

**ਹਰਬੰਸ ਸਿੰਘ** 416-817-7142
**ਦਵਿੰਦਰ ਤੂਰ** 416-902-9372




ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909
FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

Home Life/Superstars
HOMELIFE HIGHER STANDARDS
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਸਿੱਖਣ। ਇਹ ਜ਼ਰੂਰੀ ਨਹੀਂ ਕਿ ਸਾਰਿਆਂ ਦੇ ਮੂੰਹ ਵਿੰਗੇ ਹੋਣ 'ਤੇ ਇਕੱਠ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇ। ਫੇਰ ਵੀ ਮੁਖਤਿਆਰ ਦੀ ਭੂਆ ਦੇ ਮੁੰਡੇ ਬੜੇ ਲਾਇਕ ਹਨ ਜਿਹੜੇ ਕਿ ਉਸ ਨੂੰ ਘਰ ਤਾਂ ਲੈ ਕੇ ਦਿੰਦੇ ਹਨ।


ਧਾਰਮਿਕ ਪਾਖੰਡ ਦਾ ਮੁੱਦਾ ਉਭਾਰਿਆ ਗਿਆ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਅਸੀਂ ਦੇਗ ਕਰਾਉਣ ਲੰਗਰ ਕਰਾਉਣ, ਰਟੇ ਰਟਾਏ ਪਾਠ, ਸਾਧਾਂ ਸੰਤਾਂ ਦੇ ਪੈਰ ਧੋਣੇ ਇਥੇ ਵੀ ਜਾਰੀ ਰੱਖ ਰਹੇ ਹਾਂ। ਅਸੀਂ ਬਾਪ ਦੇ ਹੱਥਾਂ ਦੇ ਅੱਟਣ ਨਹੀਂ ਦੇਖਦੇ, ਮਾਂ ਦੀਆਂ ਝੁਰੜੀਆਂ ਨਹੀਂ ਦੇਖਦੇ ਪਰ ਅੰਧ ਵਿਸ਼ਵਾਸ ਵਿਚੋਂ ਝੂਠੀ ਤਸੱਲੀ ਭਾਲਦੇ ਹਾਂ। ਅਸੀਂ ਧਾਰਮਿਕ ਪੁਸਤਕਾਂ ਤੇ ਟੀਕਾ ਟਿੱਪਣੀ ਨਹੀਂ ਕਰ ਸਕਦੇ ਅਸੀਂ ਆਪਦੀ ਸੋਚ ਤੇ ਕਿੰਨਾ ਹੀ ਚਿਰ ਪਹਿਲਾਂ ਜਿੰਦਰਾ ਮਾਰ ਲਿਆ ਹੈ। ਪਤਾ ਨਹੀਂ ਅਸੀਂ ਕਦੋਂ ਧਾਰਮਿਕ ਅਡੰਬਰਾ 'ਚੋਂ ਨਿਕਲਦੇ ਖੁੱਲ੍ਹੀ ਹਵਾ ਵਿਚ ਸਾਹ ਲਵਾਂਗੇ ?

ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰਨੇਕ ਨੇ ਵਿਸ਼ਿਆਂ ਦੀ ਚੋਣ ਬਹੁਤ ਸੋਹਣੀ ਕੀਤੀ ਹੈ। ਇਨ੍ਹਾਂ ਵਿਸ਼ਿਆਂ ਨਾਲ ਉਸ ਨੇ ਕਿੰਨਾ ਕੁ ਇਨਸਾਫ਼ ਕੀਤਾ ਹੈ। ਇਹ ਤਾਂ ਪਾਠਕ ਹੀ ਦੱਸਣਗੇ। ਪਰ ਫੇਰ ਵੀ ਹਰਨੇਕ ਨੇ ਕਹਾਣੀ ਦੀਆਂ ਜਾਂ ਪਾਤਰਾਂ ਦੀਆਂ ਲਗਾਮਾਂ ਖੁੱਲ੍ਹੀਆਂ ਨਹੀਂ ਛੱਡੀਆਂ। ਉਹ ਜੋ ਕੁਝ ਕਹਿਣਾ ਚਾਹੁੰਦਾ ਹੈ ਆਪਣੇ ਪਾਤਰਾਂ ਦੇ ਮੂੰਹਾਂ 'ਚੋਂ ਕਹਾ ਰਿਹਾ ਹੈ। ਕਈ ਕਹਾਣੀਆਂ ਫਲੱਸ਼ ਬੈਕ ਵਿਚ ਹਨ ਕਈ ਬਹੁਪਰਤੀ ਹਨ ਤੇ ਕਈ ਕਹਾਣੀਆਂ ਨੂੰ ਕਹਾਣੀ ਦੇ ਟਾਈਟਲ ਦੁਆਲੇ ਘੁਮਾਇਆ ਗਿਆ ਹੈ। ਹਰਨੇਕ ਨੇ ਇਹ ਕਹਾਣੀ ਸੰਗ੍ਰਹਿ ਆਪਣੀਆਂ ਦੋਨਾਂ ਨੂੰਹਾਂਨੂੰ ਸਮਰਪਿਤ ਕੀਤਾ ਹੈ, ਬਹੁਤ ਵਧੀਆ ਗੱਲ ਹੈ ਉਸ ਨੇ ਨੂੰਹਾਂ ਨੂੰ ਨੂੰਹਾਂ ਨਹੀਂ ਬੇਟੀਆਂ ਕਿਹਾ ਇਹ ਹੋਰ ਵੀ ਵਧੀਆ ਗੱਲ ਹੈ। ਹੁਣ ਦੋ ਕੁ ਗੱਲਾਂ ਮੈਂ ਕੈਨੇਡਾ ਵਿਚ ਲਿਖੀ ਜਾਣ ਵਾਲੀ ਕਹਾਣੀ ਬਾਰੇ ਕਰਨੀ ਹੈ। ਕੈਨੇਡਾ ਦੀ ਬਹੁਤੀ ਕਹਾਣੀ ਰਿਸ਼ਤਿਆਂ ਦੇ ਘਾਣ ਬਾਰੇ ਹੈ, ਸਭਿਆਚਾਰ ਦੀ ਟੁੱਟ ਭੱਜ ਬਾਰੇ ਹੈ, ਭੌਂ ਹੇਰਵੇ ਬਾਰੇ ਹੈ। ਅੱਜ ਕੈਨੇਡਾ ਦੀ ਪੰਜਾਬੀ ਕਹਾਣੀ, ਕੈਨੇਡੀਅਨ ਪੰਜਾਬੀ ਕਾਮਿਆਂ ਦੀ ਕਹਾਣੀ ਨਹੀਂ ਬਣੀ। ਜੋ ਦੁੱਖ ਤਕਲੀਫ਼ਾਂ ਬੇਰੀ ਤੋੜਨ ਵਾਲੇ ਸਾਡੇ ਵੀਰ ਭੈਣਾਂ, ਕਲੀਨਅਪ ਕਰਨ ਵਾਲੇ, ਕੰਸਟ੍ਰਕਸ਼ਨ 'ਚ ਕੰਮ ਕਰਨ ਵਾਲੇ ਜਾਂ ਡਰਾਇਵਰੀ ਕਰਨ ਵਾਲੇ ਸਾਡੇ ਆਪਣਿਆਂ ਹੱਥੋਂ ਲੁੱਟੇ ਜਾ ਰਹੇ ਹਨ ਇਸ ਦਾ ਕੈਨੇਡੀਅਨ ਪੰਜਾਬੀ ਕਹਾਣੀ ਵਿਚ ਜ਼ਿਕਰ ਨਹੀਂ ਹੋ ਰਿਹਾ, ਜੇਕਰ ਹੋ ਰਿਹਾ ਹੈ ਤਾਂ ਬਹੁਤ ਘੱਟ ਹੋ ਰਿਹਾ ਹੈ ਕਿਉਂਕਿ ਮੰਨੋ ਜਾਂ ਨਾ ਮੰਨੋ ਪੂੰਜੀਵਾਦੀ ਸੋਚ ਦਾ ਜ਼ਹਿਰ ਸਾਡੇ ਦਿਮਾਗਾਂ ਵਿਚ ਬਹੁਤ ਚੜ੍ਹਿਆ ਹੋਇਆ ਹੈ। ਅਸੀਂ ਜਿਹੜੇ ਇਥੇ ਵੱਡੀਆਂ ਵੱਡੀਆਂ ਕੰਪਨੀਆਂ, ਖੇਤਾਂ ਦੇ ਮਾਲਕ ਹਾਂ ਸਭ ਤੋਂ ਵੱਧ ਲੁੱਟ ਆਪਣੇ ਹੀ ਲੋਕਾਂ ਦੀ ਕਰਦੇ ਹਾਂ। ਇਹ ਭੈੜੀ ਆਰਥਿਕ ਸੋਚ ਸਾਨੂੰ ਤਬਾਹ ਕਰ ਦੇਵੇਗੀ। ਸਾਨੂੰ ਚਾਹੀਦਾ ਹੈ ਕਿ ਕੈਨੇਡਾ ਵਿਚ ਹੁੰਦੀ ਹਰ ਬੇਇਨਸਾਫ਼ੀ ਦਾ ਵਿਰੋਧ ਕਰਨ ਵਿਚ ਅਸੀਂ ਮੂਹਰਲੀ ਕਤਾਰ ਵਿਚ ਹੋਈਏ ਅਤੇ ਮੇਨ ਸਟਰੀਮ ਕੈਨੇਡੀਅਨ ਕਲਚਰ ਦਾ ਹਿੱਸਾ ਬਣੀਏ। ਜਦੋਂ ਅਮਲੀ ਤੌਰ 'ਤੇ ਹੱਕ ਸੱਚ ਦੀ ਲੜਾਈ ਲਈ ਖੜ੍ਹਾਂਗੇ। ਲੁਟੇਰਿਆਂ ਦਾ ਵਿਰੋਧ ਕਰਾਂਗੇ ਉਦੋਂ ਹੀ ਅਸੀਂ ਇਕ ਵਧੀਆ ਸਮਾਜ ਸਿਰਜਣ ਵਿਚ ਆਪਣਾ ਹਿੱਸਾ ਪਾ ਸਕਾਂਗੇ। ਹਰਨੇਕ ਬੱਧਣੀ ਜਿਹੀ ਡੂੰਘੀ ਸੋਚ ਤੋਂ ਮੈਂ ਆਸ ਕਰਦਾ ਹਾਂ ਕਿ ਉਨ੍ਹਾਂ ਦਾ ਅਗਲਾ ਕਹਾਣੀ ਸੰਗ੍ਰਹਿ ਬਸਰੇ ਦੀ ਲਾਮ ਤੇ ਗਏ ਲੋਕਾਂ ਦੀ ਜਦੋ ਜਹਿਦ ਨੂੰ ਸਾਕਾਰ ਕਰੇਗਾ। ਇਕ ਵਾਰ ਫਿਰ ਹਰਨੇਕ ਜਿਹੀ ਅਗਾਂਹਵਧੂ ਸੋਚ ਨੂੰ ਮੇਰਾ ਸਲਾਮ ਹੈ।

# ਖ਼ਾਲਸਤਾਨੀ ਖ਼ਤਰੇ ਦੀਆਂ ਝੂਠੀਆਂ ਕਹਾਣੀਆਂ ਅਤੇ ਹਿੰਦੁਸਤਾਨੀ ਮੀਡੀਆ ਦੀਆਂ ਘਿਣਾਉਣੀਆਂ ਚਾਲਾਂ

-ਗੁਰਪ੍ਰੀਤ ਸਿੰਘ
ਤਰਜਮਾ : ਬੂਟਾ ਸਿੰਘ

*[ ਦ ਟ੍ਰਿਬਿਊਨ ਦੇ ਸਾਬਕਾ ਪੱਤਰਕਾਰ ਗੁਰਪ੍ਰੀਤ ਸਿੰਘ ਕੈਨੇਡਾ ਤੋਂ ਨਿਕਲਦੇ ਮਾਸਿਕ ਅੰਗਰੇਜ਼ੀ ਰੈਡੀਕਲ ਦੇਸੀ ਦੇ ਬਾਨੀ ਹਨ। ਉਹ ਇਸ ਵਕਤ ਸਪਾਈਸ ਰੇਡੀਓ, ਬਰਨਬੀ ਵਿਖੇ ਨਿਊਜ਼ਕਾਸਟਰ ਅਤੇ ਟਾਕ-ਸ਼ੋਅ ਹੋਸਟ ਹਨ। ਅਤੇ ਬਤੌਰ ਫਰੀਲਾਂਸ ਲੇਖਕ ਜਾਰਜੀਆ ਸਟਰੇਟ, ਪੀਪਲਜ਼ ਵਾਇਸ ਅਤੇ ਹਿੰਦੁਸਤਾਨ ਟਾਈਮਜ਼ ਆਦਿ ਅਖ਼ਬਾਰਾਂ ਲਈ ਲਿਖਦੇ ਹਨ। ਹੱਥਲੇ ਲੇਖ ਵਿਚ ਉਨ੍ਹਾਂ ਨੇ ਹਿੰਦੁਸਤਾਨੀ ਏਜੰਸੀਆਂ ਵਲੋਂ ਕੈਨੇਡਾ ਵਿਚ ਖ਼ਾਲਸਤਾਨੀ ਸਿਖਲਾਈ ਕੈਂਪਾਂ ਦੇ ਹਊਏ ਉੱਪਰ ਗ਼ੌਰਤਲਬ ਤਬਸਰਾ ਕੀਤਾ ਹੈ।]*



ਬ੍ਰਿਟਿਸ਼ ਕੋਲੰਬੀਆ ਵਿਚ ਸਿੱਖ ਵੱਖਵਾਦੀਆਂ ਦੇ ਹਥਿਆਰਬੰਦ ਸਿਖਲਾਈ ਕੈਂਪ ਲੱਗਣ, ਅਤੇ ਕੈਨੇਡਾ ਵਿਚ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ. ਐੱਸ. ਐੱਸ. ਨਾਲ ਮਿਲਕੇ ਉਨ੍ਹਾਂ ਵਲੋਂ ਹਿੰਦੁਸਤਾਨ ਵਿਚ ਗੜਬੜ ਕਰਾਉਣ ਦੇ ਹਾਲੀਆ ਦਾਅਵੇ ਉਨ੍ਹਾਂ ਤਾਕਤਾਂ ਅਤੇ ਏਜੰਸੀਆਂ ਵਲੋਂ ਡਰ ਪੈਦਾ ਕਰਨ ਦੀ ਸਾਜ਼ਿਸ਼ ਤੋਂ ਵੱਧ ਕੁਝ ਨਹੀਂ ਜੋ ਸੌੜੇ ਸਿਆਸੀ ਹਿਤਾਂ ਲਈ ਕੰਮ ਕਰ ਰਹੀਆਂ ਹਨ।

ਹਿੰਦੁਸਤਾਨ ਦੇ ਕੁਝ ਉੱਘੇ ਰੋਜ਼ਾਨਾ ਅਖ਼ਬਾਰਾਂ ਨੇ ਹਾਲ ਹੀ ਵਿਚ ਰਿਪੋਰਟ ਛਾਪੀ ਸੀ ਕਿ ਸਿੱਖ ਅੱਤਵਾਦੀਆਂ ਵਲੋਂ ਮਿਸ਼ਨ ਵਿਚ ਇਕ ਹਥਿਆਰਬੰਦ ਸਿਖਲਾਈ ਕੈਂਪ ਚਲਾਇਆ ਜਾ ਰਿਹਾ ਹੈ। ਹਿੰਦੁਸਤਾਨੀ ਖ਼ੁਫ਼ੀਆ ਏਜੰਸੀਆਂ ਦੇ ਬੇਨਾਮ ਸੂਤਰਾਂ ਦਾ ਹਵਾਲਾ ਦਿੰਦਿਆਂ, ਇਸ ਮੀਡੀਆ ਨੇ ਨਾ ਸਿਰਫ਼ ਸਰੀ ਅਧਾਰਤ ਇਕ ਸਿੱਖ ਦੀ ਕੈਂਪ ਆਯੋਜਕ ਦੇ ਤੌਰ 'ਤੇ ਨਿਸ਼ਾਨਦੇਹੀ ਕਰ ਦਿੱਤੀ, ਸਗੋਂ ਇੱਥੋਂ ਤਕ ਕਿਹਾ ਕਿ ਪੰਜਾਬ ਵਿਚ ਦਹਿਸ਼ਤਵਾਦ ਤੇ ਹਿੰਸਾ ਨੂੰ ਮੁੜ-ਸੁਰਜੀਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਕੁਝ ਮੀਡੀਆ ਸਟੋਰੀਆਂ ਵਿਚ ਤਾਂ ਇਹ ਵੀ ਕਿਹਾ ਗਿਆ ਕਿ ਖ਼ਾਲਸਤਾਨ ਦੇ ਹਮਾਇਤੀ ਕੈਨੇਡਾ ਵਿਚ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਦੇ ਅਧਿਕਾਰੀਆਂ ਨਾਲ ਮਿਲਕੇ ਕੰਮ ਕਰ ਰਹੇ ਹਨ। ਪੰਜਾਬ ਵਿਚ ਖ਼ਾਲਸਤਾਨ ਦੀ ਲਹਿਰ ਓਦੋਂ ਸ਼ੁਰੂ ਹੋਈ ਜਦੋਂ ਹਕੂਮਤ ਅਤੇ ਸਿੱਖ ਆਗੂਆਂ ਦਰਮਿਆਨ ਡੈੱਡਲਾਕ ਪੈਦਾ ਹੋ ਗਿਆ ਸੀ ਜੋ ਆਪਣੇ ਸੂਬੇ ਲਈ ਵੱਧ ਅਧਿਕਾਰ ਅਤੇ ਕਈ ਧਾਰਮਿਕ ਰਿਆਇਤਾਂ ਦੀ ਮੰਗ ਕਰ ਰਹੇ ਸਨ। ਇਨ੍ਹਾਂ ਮੰਗਾਂ ਨੂੰ ਨਜ਼ਰਅੰਦਾਜ਼ ਹੀ ਨਹੀਂ ਕੀਤਾ ਗਿਆ, ਸਗੋਂ ਨਰਮ-ਖ਼ਿਆਲ ਸਿੱਖ ਲੀਡਰਸ਼ਿਪ ਦੇ ਕਾਜ ਨੂੰ ਢਾਹ ਲਾਉਣ ਲਈ ਇਕ ਬਰਾਬਰ ਦੀ ਖਾੜਕੂ ਲਹਿਰ ਖੜ੍ਹੀ ਕੀਤੀ ਗਈ। 1984 ਵਿਚ ਅੰਮ੍ਰਿਤਸਰ ਵਿਚ ਸਿੱਖਾਂ ਦੇ ਸਭ ਤੋਂ ਮੁਕੱਦਸ ਸਥਾਨ ਹਰਿਮੰਦਰ ਸਾਹਿਬ ਕੰਪਲੈਕਸ, ਨੂੰ ਸਿਆਸੀ ਇੰਤਹਾਪਸੰਦਾਂ ਵਲੋਂ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਲਏ ਜਾਣ ਤੋਂ ਬਾਦ ਜਿਨ੍ਹਾਂ ਉੱਪਰ ਇਸ ਪੂਜਾ ਸਥਾਨ ਦੇ ਅੰਦਰ ਹਥਿਆਰ ਜਮ੍ਹਾ ਕਰਨ ਅਤੇ ਹਿੰਸਾ ਨੂੰ ਅੰਜਾਮ ਦੇਣ ਦਾ ਇਲਜ਼ਾਮ ਸੀ, ਹਾਲਤ ਪੂਰੀ ਤਰ੍ਹਾਂ ਵਿਗੜ ਚੁੱਕੀ ਸੀ। ਇੰਤਹਾਪਸੰਦਾਂ ਨੂੰ ਉੱਥੋਂ ਹਟਾਏ ਜਾਣ ਲਈ ਹਰਿਮੰਦਰ ਸਾਹਿਬ ਉੱਪਰ ਕੀਤੇ ਫ਼ੌਜੀ ਹਮਲੇ ਨੇ ਬਹੁਤ ਸਾਰੇ ਲੋਕਾਂ ਨੂੰ ਮਾਰਨ ਦੇ ਨਾਲ-ਨਾਲ ਕੰਪਲੈਕਸ ਵਿਚਲੀਆਂ ਇਮਾਰਤਾਂ ਨੂੰ ਵੀ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਸੀ। ਇਸ ਨਾਲ ਦੁਨੀਆ ਭਰ ਵਿਚ ਸਿੱਖਾਂ ਵਿਚ ਰੋਹ ਪੈਦਾ ਹੋ ਗਿਆ। ਇਨ੍ਹਾਂ ਹਾਲਾਤ ਵਿਚ, ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਆਪਣੇ ਹੀ ਅੰਗ-ਰੱਖਿਅਕਾਂ ਹੱਥੋਂ ਮਾਰੀ ਗਈ। ਉਸਦੇ ਕਤਲ ਤੋਂ ਬਾਅਦ ਕਾਂਗਰਸ ਪਾਰਟੀ ਦੇ ਆਗੂਆਂ ਵਲੋਂ ਪੂਰੀ ਤਰ੍ਹਾਂ ਵਿਉਂਤਬਧ ਤਰੀਕੇ ਨਾਲ ਸਿੱਖਾਂ ਦਾ ਕਤਲੇਆਮ ਕਰਵਾਇਆ ਗਿਆ ਜੋ ਓਦੋਂ ਕੇਂਦਰ ਵਿਚ ਸੱਤਾਧਾਰੀ ਸੀ।

ਇਨ੍ਹਾਂ ਘਿਣਾਉਣੀਆਂ ਸਿਆਸੀ ਘਟਨਾਵਾਂ ਨੇ ਖ਼ਾਲਸਤਾਨ ਦੀ ਲਹਿਰ ਨੂੰ ਮਜ਼ਬੂਤ ਕੀਤਾ ਜੋ 1984 ਤਕ ਅਜੇ ਹਰਮਨਪਿਆਰੀ ਨਹੀਂ ਸੀ। ਜਿਸ ਸਾਲ, 1984, ਵਿਚ ਸਿੱਖਾਂ ਉੱਪਰ ਵਿਆਪਕ ਪੈਮਾਨੇ 'ਤੇ ਜ਼ੁਲਮ ਢਾਹੇ ਗਏ ਓਦੋਂ ਤਕ ਸਿੱਖ ਭਾਈਚਾਰੇ ਵਿਚਲੇ ਮਹਿਜ਼ ਚੰਦ ਕੁ ਹਾਸ਼ੀਆਗ੍ਰਸਤ ਤੱਤ ਹੀ ਵੱਖਰੇ ਹੋਮਲੈਂਡ ਦੀ ਵਕਾਲਤ ਕਰਦੇ ਸਨ। ਖ਼ਾਲਸਤਾਨ ਲਈ ਖ਼ੂਨੀ ਸੰਘਰਸ਼ ਵਿਚ ਹਜ਼ਾਰਾਂ ਲੋਕ ਮਾਰੇ ਗਏ। ਖ਼ਾਲਸਤਾਨੀ ਇੰਤਹਾਪਸੰਦਾਂ ਦੀ ਹਥਿਆਰਬੰਦ ਲੜਾਈ 1990 ਦੇ ਅੱਧ ਤਕ ਚਲਦੀ ਰਹੀ। ਇਸ ਤੋਂ ਬਾਦ, ਅੰਸ਼ਕ ਤੌਰ 'ਤੇ ਇੰਤਹਾਪਸੰਦਾਂ ਵਲੋਂ ਕੀਤੀਆਂ ਜ਼ਿਆਦਤੀਆਂ ਕਾਰਨ ਜੋ ਅਕਸਰ ਹੀ ਹਿੰਦੂਆਂ ਤੇ ਆਪਣੇ ਆਲੋਚਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ, ਅਤੇ ਅੰਸ਼ਕ ਤੌਰ 'ਤੇ ਰਾਜਕੀ ਜ਼ੁਲਮਾਂ ਕਾਰਨ ਇਸ ਨੂੰ ਆਮ ਹਮਾਇਤ ਮਿਲਣੀ ਬੰਦ ਹੋ ਗਈ। ਜਦਕਿ, ਕੈਨੇਡਾ ਵਿਚ ਖ਼ਾਲਸਤਾਨ ਲਈ ਹਮਾਇਤ ਅਜੇ ਵੀ ਬਰਕਰਾਰ ਹੈ ਜਿਥੇ ਪੰਜਾਬ ਤੋਂ ਆਕੇ ਸਿਆਸੀ ਪਨਾਹ ਲੈਣ ਵਾਲਿਆਂ ਦੀ ਕਮੀ ਨਹੀਂ ਹੈ। ਨਾਲ ਹੀ, ਕੈਨੇਡਾ ਦੇ ਕੁਝ ਸਿੱਖ ਗੁਰਦਵਾਰਿਆਂ ਉੱਪਰ ਕੰਟਰੋਲ ਹੋਣ ਕਰਕੇ ਖ਼ਾਲਸਤਾਨੀਆਂ ਦਾ ਮੁਕਾਮੀ ਸਿਆਸਤਦਾਨਾਂ ਉੱਪਰ ਚੋਖਾ ਰਸੂਖ਼ ਵੀ ਹੈ।

ਫਿਰ ਵੀ, ਇਹ ਮੰਨਣਾ ਗ਼ਲਤ ਹੋਵੇਗਾ ਕਿ ਖ਼ਾਲਸਤਾਨ ਤਹਿਰੀਕ ਅਜੇ ਵੀ ਬਹੁਤ ਤਕੜੀ ਹੈ ਅਤੇ ਇਸ ਵਕਤ ਹਿੰਦੁਸਤਾਨ ਲਈ ਕੋਈ ਸੱਚੀਮੁੱਚੀਂ ਦਾ ਖ਼ਤਰਾ ਬਣਦੀ ਹੈ। ਆਖ਼ਿਰਕਾਰ, ਜਦੋਂ ਪੰਜਾਬ ਦੇ ਲੋਕਾਂ ਦੀ ਖ਼ਾਲਸਤਾਨ ਵਿਚ ਅਸਲੋਂ ਹੀ ਰੁਚੀ ਨਹੀਂ ਹੈ, ਜੇ ਕੈਨੇਡਾ ਵਿਚ ਕੁਝ ਖ਼ਾਲਸਤਾਨੀ ਆਪਣਾ ਪ੍ਰਚਾਰ ਜਾਰੀ ਰੱਖ ਰਹੇ ਹਨ ਤਾਂ ਇਸ ਨਾਲ ਕੀ ਫ਼ਰਕ ਪੈਂਦਾ ਹੈ ? ਇਕ ਤਹਿਰੀਕ ਦੇ ਜ਼ਿੰਦਾ ਰਹਿਣ ਲਈ ਆਮ ਲੋਕਾਂ ਵਿਚ ਇਸ ਪ੍ਰਤੀ ਖਿੱਚ ਜ਼ਰੂਰੀ ਹੁੰਦੀ ਹੈ। ਇਸ ਮਾਮਲੇ ਵਿਚ ਇਸ ਤਰ੍ਹਾਂ ਦੀ ਖਿੱਚ ਸਪਸ਼ਟ ਤੌਰ 'ਤੇ ਨਦਾਰਦ ਹੈ। ਇਸ ਦਾ ਇਕ ਸੂਚਕ ਇਹ ਹੈ ਕਿ ਪੰਜਾਬ ਵਿਚ ਚੋਣਾਂ ਅੰਦਰ ਖ਼ਾਲਸਤਾਨੀ ਆਗੂਆਂ ਨੂੰ ਲਗਾਤਾਰ ਨਮੋਸ਼ੀ ਵਾਲੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਲਿਹਾਜ਼ਾ ਇਨ੍ਹਾਂ ਹਾਲਾਤ ਵਿਚ ਉਪਰੋਕਤ ਮੀਡੀਆ ਰਿਪੋਰਟਾਂ ਦੇ ਅਸਲ ਮਾਇਨੇ ਕੀ ਹਨ ? ਇਨ੍ਹਾਂ ਦੇ ਤੱਤ ਨੂੰ ਦੇਖੀਏ ਤਾਂ ਇਹ ਰਿਪੋਰਟਾਂ ਮਹਿਜ਼ ਗੁੱਝੇ ਤੁਅੱਸਬ ਅਤੇ ਹਿੰਦੁਸਤਾਨੀ ਰਾਜ ਦੀ ਗੁੱਝੀ ਮਨਸ਼ਾ ਨੂੰ ਹੀ ਜ਼ਾਹਰ ਕਰਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖ਼ਾਲਸਤਾਨੀ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਰਹੇ ਹਨ ਅਤੇ ਪਾਕਿਸਤਾਨ ਦੀ ਹਮਾਇਤ ਨਾਲ ਬੰਬ-ਧਮਾਕਿਆਂ ਤੇ ਕਤਲੋਗ਼ਾਰਤ ਨੂੰ ਅੰਜਾਮ ਦਿੰਦੇ ਰਹੇ ਹਨ, ਪਰ ਕੀ ਇਹ ਸਭ ਕੁਝ ਇਹ ਮੰਨ ਲੈਣ ਲਈ ਕਾਫ਼ੀ ਹੈ ਕਿ ਖ਼ਾਲਸਤਾਨੀ ਹੁਣ ਅਮਨ ਲਈ ਖ਼ਤਰਾ ਹਨ। ਇਥੇ ਜਿਨ੍ਹਾਂ ਮੀਡੀਆ ਰਿਪੋਰਟਾਂ ਦਾ ਜ਼ਿਕਰ ਕੀਤਾ ਗਿਆ ਹੈ ਉਹ ਐਸੇ ਕਿਸੇ ਖ਼ਤਰੇ ਦੀ ਵਾਸਤਵਿਕਤਾ ਨੂੰ ਸਥਾਪਤ ਕਰਨ ਵਿਚ ਨਾਕਾਮ ਹਨ। ਉਲਟਾ, ਇਨ੍ਹਾਂ ਰਿਪੋਰਟਾਂ ਦੇ ਮਨੋਰਥ ਨੂੰ ਲੈਕੇ ਸ਼ੱਕ ਖੜ੍ਹੇ ਹੋ ਜਾਂਦੇ ਹਨ। ਕਨੇਡੀਅਨ ਮੀਡੀਆ ਵਲੋਂ ਇਨ੍ਹਾਂ ਰਿਪੋਰਟਾਂ ਦੇ ਹਵਾਲੇ ਨਾਲ ਜੋ ਕਹਾਣੀਆਂ ਦੁਹਰਾਈਆਂ ਗਈਆਂ ਹਨ, ਉਨ੍ਹਾਂ ਦਾ ਕੋਈ ਮੂੰਹ-ਸਿਰ ਬਣਦਾ ਹੀ ਨਹੀਂ। ਮਿਸਾਲ ਵਜੋਂ, ਇਹ ਦਾਅਵੇ ਕਰਨ ਵਾਲੀਆਂ ਏਜੰਸੀਆਂ ਕਿਹੜੀਆਂ ਹਨ ਉਨ੍ਹਾਂ ਦੀ ਕੋਈ ਉਚਿਤ ਸ਼ਨਾਖ਼ਤ ਨਹੀਂ ਦੱਸੀ ਗਈ। ਇਹ ਦਾਅਵੇ ਕਰਨ ਵਾਲੇ ਅਫ਼ਸਰਾਂ ਦੇ ਕੋਈ ਨਾਂ ਨਹੀਂ ਦਿੱਤੇ ਗਏ। ਵਿਡੰਬਨਾ ਦੇਖੋ, ਕੈਨੇਡੀਅਨ ਮੀਡੀਆ ਨੇ ਵੀ ਇਨ੍ਹਾਂ ਵਿੱਚੋਂ ਕੁਝ ਰਿਪੋਰਟਾਂ ਛਾਪੀਆਂ ਹਨ ਜੋ ਉਂਞ ਲੋੜੀਂਦੀ ਵਾਜਬੀਅਤ ਤੋਂ ਬਗ਼ੈਰ ਖ਼ਬਰਾਂ ਛਾਪਣ ਤੋਂ ਗੁਰੇਜ਼ ਕਰਦਾ ਹੈ।

ਇਨ੍ਹਾਂ ਕਹਾਣੀਆਂ ਦਾ ਸਭ ਤੋਂ ਅਹਿਮ ਪਹਿਲੂ ਇਨ੍ਹਾਂ ਨੂੰ ਛਾਪੇ ਜਾਣ ਦਾ ਬਹੁਤ ਹੀ ਅਹਿਮ ਮੌਕਾ ਹੈ ਜਿਸ ਵੱਲ ਗ਼ੌਰ ਕਰਨਾ ਜ਼ਰੂਰੀ ਹੈ। ਇਨ੍ਹੀਂ ਦਿਨੀਂ ਉਨ੍ਹਾਂ ਹਿੰਦੂਤਵੀ ਇੰਤਹਾਪਸੰਦਾਂ ਨੂੰ ਜਾਂਚ ਏਜੰਸੀਆਂ ਦੀ ਮਦਦ ਨਾਲ ਅਦਾਲਤਾਂ ਵਲੋਂ ਬਰੀ ਕੀਤਾ ਜਾ ਰਿਹਾ ਹੈ ਜੋ ਦਹਿਸ਼ਤਗਰਦ ਕਾਰਵਾਈਆਂ ਵਿਚ ਸ਼ਾਮਲ ਰਹੇ ਹਨ। 2014 'ਚ ਨਰਿੰਦਰ ਮੋਦੀ ਦੇ ਭਾਰੀ ਬਹੁਗਿਣਤੀ ਨਾਲ ਸੱਤਾ ਵਿਚ ਆਉਣ ਅਤੇ ਪ੍ਰਧਾਨ ਮੰਤਰੀ ਬਣਨ ਤੋਂ ਬਾਦ ਇਹ ਸੰਕੇਤ ਆਉਣੇ ਸ਼ੁਰੂ ਹੋ ਗਏ ਸਨ ਕਿ ਇਨ੍ਹਾਂ ਅਨਸਰਾਂ ਉੱਪਰ ਲੱਗੇ ਦਹਿਸ਼ਤਗਰਦੀ ਦੇ ਦੋਸ਼ ਸਹਿਜੇ-ਸਹਿਜੇ ਵਾਪਸ ਲੈ ਲਏ ਜਾਣਗੇ। ਮੋਦੀ ਸਰਕਾਰ ਬਣਦੇ ਸਾਰ ਦਹਿਸ਼ਤਗਰਦੀ ਦੇ ਉਨ੍ਹਾਂ ਮਾਮਲਿਆਂ ਦੇ ਜਾਂਚ ਕਰਤਾਵਾਂ ਉੱਪਰ ਜਾਂਚ ਦੀ ਰਫ਼ਤਾਰ ਮੱਠੀ ਰੱਖਣ ਲਈ ਦਬਾਓ ਪੈਣਾ ਸ਼ੁਰੂ ਹੋ ਗਿਆ ਜਿਨ੍ਹਾਂ ਵਿਚ ਹਿੰਦੂ ਇੰਤਹਾਪਸੰਦ ਸ਼ਾਮਲ ਸਨ। ਇੰਞ, ਚੋਰੀ-ਚੋਰੀ ਹਿੰਦੂ ਇੰਤਹਾਪਸੰਦਾਂ ਨੂੰ ਮੁਆਫ਼ੀ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਹ ਦਬਾਓ ਇਸ ਕਦਰ ਹੈ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਹੀ ਕੌਮੀ ਜਾਂਚ ਏਜੰਸੀ (ਆਈ.ਐੱਨ.ਏ.) ਦੀ ਪਾਬੰਦੀਸ਼ੁਦਾ ਗਰੁੱਪਾਂ ਦੀ ਸੂਚੀ ਵਿਚ ਇਕ ਵੀ ਹਿੰਦੂ ਇੰਤਹਾਪਸੰਦ ਜਥੇਬੰਦੀ ਦਾ ਨਾਂ ਨਹੀਂ ਮਿਲਦਾ। ਉਸ ਸੂਚੀ ਵਿਚ ਮਹਿਜ਼ ਸਿੱਖ, ਮੁਸਲਿਮ ਜਾਂ ਮਾਓਵਾਦੀ ਗਰੁੱਪਾਂ ਦੇ ਨਾਂ ਸ਼ਾਮਲ ਹਨ ਜਾਂ ਫਿਰ ਹਾਸ਼ੀਆਗ੍ਰਸਤ ਕੌਮੀਅਤਾਂ ਦੀਆਂ ਇੰਤਹਾਪਸੰਦ ਲਹਿਰਾਂ ਦੇ ਨਾਂ ਦਿੱਤੇ ਗਏ ਹਨ।

ਹਿੰਦੂ ਇੰਤਹਾਪਸੰਦਾਂ ਪ੍ਰਤੀ ਨਰਮਗੋਸ਼ਾ ਰੱਖਣ ਦੀ ਨੁਕਤਾਚੀਨੀ ਦੀ ਰੋਸ਼ਨੀ ਵਿਚ, ਹਿੰਦੁਸਤਾਨ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਇਹ ਬਹੁਤ ਰਾਸ ਆਉਂਦਾ ਹੈ ਕਿ ਦੁਸ਼ਮਣ ਕਿਤੇ ਹੋਰ ਦਿਖਾਏ ਜਾਣ। ਜੇ ਸਾਜ਼ਿਸ਼ ਮੌਜੂਦ ਹੀ ਨਾ ਹੋਵੇ ਤਾਂ ਸਾਰਾ ਧਿਆਨ ਕਿਸੇ ਖ਼ਤਮ ਹੋ ਚੁੱਕੀ ਲਹਿਰ ਵੱਲ ਲਾ ਦੇਣ ਦੀ ਕੋਈ ਤੁਕ ਨਹੀਂ ਬਣਦੀ। ਇਸ ਵਿਵਾਦਪੂਰਨ ਘਟਨਾ-ਵਿਕਾਸ ਦਾ ਇਕ ਹੋਰ ਪਹਿਲੂ ਵੀ ਗ਼ੌਰਤਲਬ ਹੈ, ਇਹ ਕੁਝ ਉਸ ਵਕਤ ਨਸ਼ਰ ਕੀਤਾ ਜਾ ਰਿਹਾ ਹੈ ਜਦੋਂ ਅਗਲੇ ਸਾਲ ਦੇ ਸ਼ੁਰੂ ਵਿਚ ਪੰਜਾਬ ਵਿਚ ਵਿਧਾਨ-ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਸੂਬੇ ਵਿਚ ਭਾਜਪਾ ਅਕਾਲੀ ਦਲ ਨਾਲ ਸੱਤਾ ਵਿਚ ਭਾਈਵਾਲ ਹੈ ਜੋ ਸਿੱਖ ਭੌਂਇ-ਸਰਦਾਰਾਂ ਅਤੇ ਕਿਸਾਨਾਂ ਦਾ ਨੁਮਾਇੰਦਾ ਹੋਣ ਦੇ ਦਾਅਵੇ ਕਰਦਾ ਹੈ। ਦੋਵਾਂ ਪਾਰਟੀਆਂ ਲੋੜੀਂਦੀ ਸਿਆਸੀ ਹਮਾਇਤ ਗੁਆ ਚੁੱਕੀਆਂ ਹਨ ਅਤੇ ਸਰਕਾਰ ਬਦਲੀ ਦੇ ਸੰਕੇਤ ਨਜ਼ਰ ਆ ਰਹੇ ਹਨ। ਆਲੋਚਕਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਦਹਿਸ਼ਤਗਰਦੀ ਦਾ ਖ਼ੌਫ਼ ਪੈਦਾ ਕਰਕੇ ਖ਼ੁਫ਼ੀਆ ਏਜੰਸੀਆਂ ਇਕ ਵਿਆਪਕ ਚਾਲ ਦੇ ਹਿੱਸੇ ਵਜੋਂ ਇਨ੍ਹਾਂ ਦੋ ਪਾਰਟੀਆਂ ਦੀ ਮਦਦ ਕਰਨ ਦੇ ਯਤਨ ਕਰ ਰਹੀਆਂ ਹਨ। ਇਨ੍ਹਾਂ ਰਿਪੋਰਟਾਂ ਨੇ ਤਾਂ ਕੈਨੇਡਾ ਦੇ ਰੱਖਿਆ ਮੰਤਰੀ, ਜੋ ਕਿ ਸਿੱਖ ਹੈ, ਨੂੰ ਵੀ ਇਸ ਬਿਰਤਾਂਤ ਵਿਚ ਲਿਆ ਘੜੀਸਿਆ। ਰਿਪੋਰਟਾਂ ਕਹਿੰਦੀਆਂ ਹਨ ਕਿ ਹਿੰਦੁਸਤਾਨੀ ਅਥਾਰਟੀਜ਼ ਨੇ ਟਰੂਡੋ ਸਰਕਾਰ ਨੂੰ ਇਨ੍ਹਾਂ ਰਿਪੋਰਟਾਂ ਉੱਪਰ ਗ਼ੌਰ ਕਰਨ ਲਈ ਲਿਖਿਆ ਹੈ ਜਿਸਦਾ ਰੱਖਿਆ ਮੰਤਰੀ ਅੰਮ੍ਰਿਤਧਾਰੀ ਸਿੱਖ ਹੈ। ਰੱਖਿਆ ਮੰਤਰੀ ਨੂੰ ਵਿਚ ਲਿਆ ਘੜੀਸਣ ਅਤੇ ਉਸਦੇ ਧਾਰਮਿਕ ਅਕੀਦੇ ਦਾ ਜ਼ਿਕਰ ਕਰਨ ਦੀ ਇਥੇ ਕੀ ਲੋੜ ਪੈ ਗਈ ? ਕਾਰਨ ਕੁਝ ਵੀ ਹੋਣ, ਇਹ ਰਿਪੋਰਟਾਂ ਦੋਸ਼ਪੂਰਨ ਅਤੇ ਬੇਪ੍ਰਤੀਤੀਆਂ ਹਨ। ਇਨ੍ਹਾਂ ਤੋਂ ਸਾਫ਼ ਪਤਾ ਚਲਦਾ ਹੈ ਕਿ ਇਹ ਹਿੰਦੁਸਤਾਨ ਦੇ ਖ਼ੁਫ਼ੀਆ ਏਜੰਟਾਂ ਵਲੋਂ ਬਣਾਕੇ ਦਿੱਤੀ ਕਹਾਣੀ ਦੇ ਅਧਾਰ 'ਤੇ ਪੇਸ਼ ਕੀਤੀਆਂ ਝੂਠੀਆਂ ਕਹਾਣੀਆਂ ਹਨ ਜੋ ਬਹੁਗਿਣਤੀ ਭਾਈਚਾਰੇ ਦੇ ਦਹਿਸ਼ਤਗਰਦਾਂ ਦੀ ਪੈੜ ਨੱਪਣ ਦੀ ਥਾਂ ਹਿੰਦੁਸਤਾਨੀ ਅਵਾਮ ਦੇ ਮਨਾਂ ਅੰਦਰ ਆਈ.ਐੱਸ.ਆਈ. ਅਤੇ ਖ਼ਾਲਸਤਾਨੀ ਦਹਿਸ਼ਤਗਰਦੀ ਦਾ ਖ਼ੌਫ਼ ਪੈਦਾ ਕਰਨ ਦੇ ਯਤਨ ਕਰ ਰਹੇ ਹਨ। ਬਦਕਿਸਮਤੀ ਇਹ ਹੈ ਕਿ ਕੁਝ ਖ਼ਾਸ ਪੱਤਰਕਾਰ ਸਵੈਇੱਛਾ ਨਾਲ ਇਸ ਚਾਲ ਦੇ ਮੋਹਰੇ ਬਣੇ ਹੋਏ ਹਨ ਅਤੇ ਉਹ ਇਸ ਕੂੜ ਨੂੰ ਪ੍ਰਚਾਰਨ ਦੇ ਸੰਦ ਬਣ ਗਏ। ਹਿੰਦੁਸਤਾਨੀ ਅਵਾਮ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਬਦੇਸ਼ਾਂ ਵਿਚ ਐਸੇ ਸੱਚੇ ਧਰਮਨਿਰਪੱਖ ਹਿੰਦੁਸਤਾਨੀ ਬੈਠੇ ਹਨ ਜਿਨ੍ਹਾਂ ਨੂੰ ਆਪਣੇ ਵਤਨ ਦਾ ਖ਼ਿਆਲ ਹੈ ਅਤੇ ਉਹ ਹਮੇਸ਼ਾ ਸਿੱਖ ਵੱਖਵਾਦੀਆਂ ਦੇ ਖ਼ਿਲਾਫ਼ ਖੜ੍ਹੇ ਹੋਏ ਹਨ। ਐਸੇ ਹਕੀਕੀ ਖ਼ਤਰੇ ਦੀ ਸੂਰਤ ਵਿਚ ਲੋੜ ਪੈਣ 'ਤੇ ਉਹ ਮੁੜ ਵਿਰੋਧ ਕਰਨਗੇ। ਪਰ ਇਸ ਵਕਤ ਹਿੰਦੁਸਤਾਨੀਓ ਤੁਹਾਨੂੰ ਕੈਨੇਡਾ ਤੋਂ ਕੋਈ ਹਕੀਕੀ ਖ਼ਤਰਾ ਨਹੀਂ ਹੈ। ਮੀਡੀਆ ਦੇ ਕੁਝ ਲੋਕਾਂ ਵਲੋਂ ਤੁਹਾਨੂੰ ਜੋ ਪਰੋਸਿਆ ਜਾ ਰਿਹਾ ਹੈ ਉਸ ਉੱਪਰ ਬਿਲਕੁਲ ਯਕੀਨ ਨਾ ਕਰੋ। ਇਸ ਦੀ ਥਾਂ ਸਗੋਂ ਹਾਕਮ ਜਮਾਤਾਂ ਦੇ ਉਸ ਏਜੰਡੇ ਤੋਂ ਚੁਕੰਨੇ ਹੋਵੋ ਜੋ ਸੱਤਾ ਵਿਚ ਬਣੇ ਰਹਿਣ ਲਈ ਲੋਕਾਂ ਨੂੰ ਆਪਸ ਵਿਚ ਪਾੜਕੇ ਰੱਖਣ ਦੀਆਂ ਆਦੀ ਹਨ।



# ਆਰਥਿਕ ਅਸਥਿਰਤਾ ਦਰਮਿਆਨ ਬੇਸਿੱਟਾ ਰਹੀ ਜੀ-20 ਮੀਟਿੰਗ

**ਮਾਨਵ**


ਸੰਸਾਰ ਦੇ ਸਭ ਤੋਂ ਵੱਡੇ ਸਰਮਾਏਦਾਰਾ ਮੁਲਕਾਂ ਦੇ ਇੱਕ ਗੱਠਜੋੜ ਜੀ-20 ਦੀ ਇੱਕ ਬੈਠਕ ਚੀਨ ਦੇ ਸ਼ਹਿਰ ਸ਼ੰਘਾਈ ਵਿਖੇ ਅਪ੍ਰੈਲ ਦੇ ਦੂਜੇ ਹਫ਼ਤੇ ਹੋਈ। ਇਹ ਬੈਠਕ ਸੰਸਾਰ-ਭਰ ਵਿੱਚ ਚੱਲ ਰਹੀ ਆਰਥਿਕ ਮੰਦੀ ਉੱਤੇ ਚਰਚਾ ਕਰਨ ਅਤੇ ਇਸ ਸੰਕਟ ਵਿੱਚੋਂ ਨਿੱਕਲਣ ਦਾ ਕੋਈ ਰਾਹ ਖੋਜਣ ਲਈ ਬੁਲਾਈ ਗਈ ਸੀ। ਇਹ ਮੀਟਿੰਗ ਉਸ ਵਡੇਰੀ ਮੀਟਿੰਗ, ਜੋ ਕਿ ਇਸੇ ਸਾਲ ਦੇ ਸਤੰਬਰ ਵਿੱਚ ਚੀਨ ਦੇ ਹਾਂਗਜ਼ੂ ਸ਼ਹਿਰ ਵਿਖੇ ਹੋਣੀ ਹੈ, ਦਾ ਇੱਕ ਤਰ੍ਹਾਂ ਨਾਲ ਟ੍ਰੇਲਰ ਸੀ ਅਤੇ ਕਾਫੀ ਹੱਦ ਤੱਕ ਇਸ ਮੀਟਿੰਗ ਦੌਰਾਨ ਵੀ ਇਹ ਸਪੱਸ਼ਟ ਹੋ ਗਿਆ ਕਿ ਸਤੰਬਰ ਵਾਲੀ ਮੀਟਿੰਗ ਵਿੱਚ ਕਿਸ ਤਰ੍ਹਾਂ ਦੇ ਸਵਾਲ ਅਤੇ ਕਿਸ ਤਰ੍ਹਾਂ ਦੇ ਹੱਲ ਸੁਝਾਏ ਜਾਣੇ ਹਨ। ਇਸ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਅਧਿਕਾਰਿਤ ਬਿਆਨ ਵਿੱਚ ਇਹਨਾਂ ਸੰਸਾਰ ਆਗੂਆਂ ਵੱਲੋਂ ਇਹ ਮੰਨਿਆ ਗਿਆ ਕਿ ਆਰਥਿਕ ਸੰਕਟ ਤੋਂ ਅਜੇ ਨਿਜਾਤ ਨਹੀਂ ਮਿਲੀ ਹੈ, ਸਗੋਂ ਜੇਕਰ ਜਲਦੀ ਕੁੱਝ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਅੰਦਰ ਇੱਕ ਸੰਭਾਵੀ ਮੰਦੀ ਬਰੂਹਾਂ ਉੱਤੇ ਖੜ੍ਹੀ ਹੈ। ਇਸੇ ਮੀਟਿੰਗ ਤੋਂ ਕੁੱਝ ਦਿਨ ਪਹਿਲਾਂ ਹੀ ਆਈ. ਐੱਮ. ਐੱਫ (ਅੰਤਰਰਾਸ਼ਟਰੀ ਮੁਦਰਾ ਕੋਸ਼) ਦੀ ਇੱਕ ਰਿਪੋਰਟ ਜਾਰੀ ਹੋਈ ਜਿਸ ਵਿੱਚ ਆਈ. ਐੱਮ. ਐੱਫ. ਨੇ ਸੰਸਾਰ ਆਰਥਿਕਤਾ ਦੀ ਵਾਧਾ ਦਰ ਬਾਰੇ ਆਪਣੇ ਪਹਿਲਾਂ ਕੀਤੇ ਮੁਲਿਆਂਕਣਾਂ ਨੂੰ ਸੋਧ ਕੇ ਇਸਦੀ ਘਟਾਈ ਕੀਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2016 ਦੌਰਾਨ ਸੰਸਾਰ ਆਰਥਿਕਤਾ 3.2% ਦੀ ਰਫ਼ਤਾਰ ਨਾਲ ਹੀ ਵਧੇਗੀ। ਇਹ 3.4% ਦੇ ਉਸ ਅੰਕੜੇ ਤੋਂ ਘੱਟ ਹੈ ਜੋ ਆਈ. ਐੱਮ. ਐੱਫ ਨੇ ਅਜੇ ਤਿੰਨ ਮਹੀਨੇ ਪਹਿਲਾਂ ਹੀ ਜਾਰੀ ਕੀਤੇ ਸਨ। ਇਸ ਤੋਂ ਪਹਿਲਾਂ ਫ਼ਰਵਰੀ ਵਿੱਚ ਸਾਲ 2015 ਵਿੱਚ ਸੰਸਾਰ ਵਪਾਰ ਦੇ ਅੰਕੜੇ ਆਏ ਸਨ ਜਿਸ ਵਿੱਚ ਦਿਖਾਇਆ ਗਿਆ ਸੀ ਕਿ ਜੇਕਰ ਵਸਤਾਂ ਦੇ ਲੈਣ-ਦੇਣ ਵਾਲੇ ਪੱਖ ਤੋਂ ਦੇਖੀਏ ਤਾਂ 2015 ਵਿੱਚ ਸੰਸਾਰ ਵਪਾਰ 13.9% ਤੱਕ ਘਟਿਆ ਹੈ। ਇਹਨਾਂ ਰਿਪੋਰਟਾਂ ਨੇ ਅਤੇ ਜੀ-20 ਦੀ ਮੀਟਿੰਗ ਨੇ ਇਹ ਤਾਂ ਸਪੱਸ਼ਟ ਕਰ ਦਿੱਤਾ ਹੈ ਕਿ ਸੰਸਾਰ ਆਰਥਿਕਤਾ ਉੱਤੇ ਚੱਲ ਰਹੇ ਸੰਕਟ ਤੋਂ ਫ਼ਿਲਹਾਲ ਰਾਹਤ ਦੀ ਕੋਈ ਉਮੀਦ ਨਜ਼ਰ ਨਹੀਂ ਆ ਰਹੀ। ਇਸ ਸੰਕਟ ਤੋਂ ਰਾਹਤ ਪਾਉਣ ਦੇ ਜੋ ਸੁਝਾਅ ਇਸ ਮੀਟਿੰਗ ਵਿੱਚ ਦਿੱਤੇ ਗਏ ਅਤੇ ਜੋ ਯਤਨ ਸਰਮਾਏਦਾਰਾ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਹਨ, ਹੁਣ ਉਹਨਾਂ ਨੂੰ ਪੜਚੋਲੇ ਜਾਣ ਦੀ ਲੋੜ ਹੈ ਕਿ ਕੀ ਇਹ ਯਤਨ ਕਾਮਯਾਬ ਹੋਣਗੇ?

ਆਰਥਿਕ ਸੰਕਟ ਤੋਂ ਉੱਭਰਨ ਲਈ ਬੁਰਜੂਆ ਅਰਥਸ਼ਾਸਤਰੀ ਦੋ ਤਰਾਂ ਦੀਆਂ ਨੀਤੀਆਂ ਪ੍ਰਸਤਾਵਿਤ ਕਰਦੇ ਹਨ – ਇੱਕ ਮੁਦਰਾ ਨੀਤੀ (Monetary Policy) ਅਤੇ ਦੂਜੀ ਵਿੱਤੀ ਨੀਤੀ (Fiscal Policy)। ਮੁਦਰਾ ਨੀਤੀ ਕਿਸੇ ਦੇਸ਼ ਦੀ ਕੇਂਦਰੀ ਬੈਂਕ ਵੱਲੋਂ ਤੈਅ ਕੀਤੀ ਜਾਂਦੀ ਹੈ, ਜਿਵੇਂ ਕਿ ਭਾਰਤ ਵਿੱਚ ਰਿਜ਼ਰਵ ਬੈਂਕ ਆਫ਼ ਇੰਡੀਆ। ਇਸ ਨੀਤੀ ਜ਼ਰੀਏ ਵਿਆਜ ਦਰਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ, ਮਤਲਬ ਕਿ, ਜੇਕਰ ਵਿਆਜ ਦਰਾਂ ਘਟਾਈਆਂ ਜਾਣ ਤਾਂ ਇਸ ਨਾਲ ਕੇਂਦਰੀ ਬੈਂਕਾਂ ਉੱਤੇ ਨਿਰਭਰ ਸਾਰੇ ਬੈਂਕਾਂ ਨੂੰ ਸਸਤਾ ਪੈਸਾ ਮਿਲੇਗਾ ਜੋ ਅੱਗੇ ਉਹ ਨਿਵੇਸ਼ਕਾਂ (ਸਰਮਾਏਦਾਰਾਂ) ਅਤੇ ਆਮ ਲੋਕਾਂ ਨੂੰ ਸਸਤੀਆਂ ਦਰਾਂ ਉੱਤੇ ਦੇ ਸਕਣਗੇ। ਸਸਤੇ ਕਰਜ਼ੇ ਮਿਲਣ ਦੀ ਸੂਰਤ ਵਿੱਚ ਲੋਕ/ਸਰਮਾਏਦਾਰ ਖ਼ਰੀਦਦਾਰੀ (ਅਤੇ ਨਿਵੇਸ਼) ਕਰਨਗੇ ਜਿਸ ਨਾਲ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਅਤੇ ਆਰਥਿਕਤਾ ਲੀਹਾਂ ਉੱਤੇ ਆ ਜਾਵੇਗੀ।

ਵਿੱਤੀ ਨੀਤੀ ਜ਼ਰੀਏ ਸਰਕਾਰ ਘਟੀ ਹੋਈ ਮੰਗ ਨੂੰ ਪ੍ਰਭਾਵਿਤ ਕਰਨ ਲਈ ਸਿੱਧਾ ਦਖ਼ਲ ਦਿੰਦੀ ਹੈ। ਇਹ ਦਖ਼ਲ ਲੋਕਾਂ ਅਤੇ ਸਰਮਾਏਦਾਰਾਂ ਦੀ ਆਮਦਨ ਉੱਤੇ ਟੈਕਸ ਘਟਾਕੇ ਹੋ ਸਕਦਾ ਹੈ ਜਾਂ ਫ਼ਿਰ ਆਲ-ਜੰਜਾਲ, ਨਿਰਮਾਣਸਾਜ਼ੀ ਆਦਿ ਵਿੱਚ ਸਰਕਾਰੀ ਪੈਸਾ ਲਾ ਕੇ। ਇਹ ਨੀਤੀ ਇਸ ਅਧਾਰ ਉੱਤੇ ਟਿਕੀ ਹੁੰਦੀ ਹੈ ਕਿ ਸਰਕਾਰੀ ਨਿਵੇਸ਼ ਨਾਲ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਰੁਜ਼ਗਾਰ ਮਿਲਣ ਨਾਲ ਉਹਨਾਂ ਕੋਲ ਤਨਖਾਹਾਂ ਦੇ ਰੂਪ ਵਿੱਚ ਪੈਸਾ ਆਵੇਗਾ ਅਤੇ ਇਸ ਪੈਸੇ ਨਾਲ ਉਹ ਖ਼ਰੀਦਦਾਰੀ ਕਰਨਗੇ, ਭਾਵ ਆਰਥਿਕਤਾ ਵਿੱਚ ਮੰਗ ਵਧੇਗੀ। ਇਸ ਵਧੀ ਹੋਈ ਮੰਗ ਨੂੰ ਪੂਰਾ ਕਰਨ ਲਈ ਹੋਰ ਨਿਵੇਸ਼ ਹੋਵੇਗਾ ਅਤੇ ਚੱਲ-ਸੋ-ਚੱਲ ਪੂਰੀ ਆਰਥਿਕਤਾ ਵਿਕਾਸ ਦੇ ਰਾਹ ਉੱਤੇ ਤੁਰ ਪਵੇਗੀ। ਕੀਨਸ ਵੱਲੋਂ ਆਰਥਿਕ ਸੰਕਟ ਦੇ ਹੱਲ ਲਈ ਸੁਝਾਇਆ ਗਿਆ ਰਾਹ ਵੀ ਇਸ ਸਰਕਾਰੀ ਦਖ਼ਲ ਉੱਤੇ ਜ਼ੋਰ ਦਿੰਦਾ ਹੈ।

ਇਸ ਤਰ੍ਹਾਂ, ਭਾਵੇਂ ਮੁਦਰਾ ਨੀਤੀ ਹੋਵੇ ਜਾਂ ਫ਼ਿਰ ਵਿੱਤੀ ਨੀਤੀ, ਦੋਨੋ ਇਸ ਗੱਲ ਨੂੰ ਅਗਾਊਂ ਮੰਨ ਕੇ ਚਲਦੇ ਹਨ ਕਿ ਆਰਥਿਕ ਸੰਕਟ ਦਾ ਕਾਰਨ ਘਟੀ ਹੋਈ ਮੰਗ ਹੈ (Lack of Effective Demand) ਕਿ ਘਟੀ ਹੋਈ ਮੰਗ ਕਰਕੇ ਨਿਵੇਸ਼ ਵੀ ਘੱਟ ਹੁੰਦਾ ਹੈ ਅਤੇ ਇਸ ਦੇ ਸਿੱਟੇ ਵਜੋਂ ਆਰਥਿਕ ਦਰ ਵੀ ਘਟਦੀ ਹੈ ਅਤੇ ਬੇਰੁਜ਼ਗਾਰੀ ਆਦਿ ਵਧਦੀ ਹੈ। ਹਾਲਾਂਕਿ ਅਸਲ ਵਿੱਚ ਹੁੰਦਾ ਇਸ ਦੇ ਉਲਟ ਹੈ। ਆਰਥਿਕ ਸੰਕਟ ਦੇ ਕਾਰਨ ਮੰਗ ਘਟਦੀ ਹੈ। ਮੰਗ ਘਟਣ ਕਰਕੇ ਆਰਥਿਕ ਸੰਕਟ ਨਹੀਂ ਪੈਦਾ ਹੁੰਦਾ ਸਗੋਂ ਆਰਥਿਕ ਸੰਕਟ ਕਰਕੇ ਮੰਗ ਘਟਦੀ ਹੈ ਅਤੇ ਆਰਥਿਕ ਸੰਕਟ ਹੁੰਦਾ ਕਿਉਂ ਹੈ ? ਸਰਮਾਏਦਾਰੀ ਵਿੱਚ ਆਰਥਿਕ ਸੰਕਟ ਵਾਧੂ-ਪੈਦਾਵਾਰ ਦਾ ਸੰਕਟ ਹੁੰਦਾ ਹੈ। ਇੱਕ-ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵਿੱਚ ਸਰਮਾਏਦਾਰ ਵਾਧੂ ਪੈਦਾ ਕਰ ਦਿੰਦੇ ਹਨ (ਇਹ ਵਾਧੂ ਸਾਪੇਖਕ ਹੁੰਦਾ ਹੈ। ਇਹ ਲੋਕਾਂ ਦੀਆਂ ਅਸਲ ਲੋੜਾਂ ਤੋਂ ਵਾਧੂ ਨਹੀਂ ਹੁੰਦਾ, ਸਗੋਂ ਉਹਨਾਂ ਦੀ ਖ਼ਰੀਦ-ਸਮਰੱਥਾ ਤੋਂ ਵਧਕੇ ਹੁੰਦਾ ਹੈ)। ਸਿੱਟੇ ਵਜੋਂ, ਇਸ ਪੈਦਾ ਕੀਤੇ ਮਾਲ ਦੇ ਗਾਹਕ ਨਹੀਂ ਮਿਲਦੇ ਅਤੇ ਇਹ ਮਾਲ ਅਣਵਿਕਿਆ ਪਿਆ ਰਹਿ ਜਾਂਦਾ ਹੈ। ਜਾਹਰਾ ਤੌਰ ਉੱਤੇ ਜਦੋਂ ਪਹਿਲਾਂ ਦਾ ਮਾਲ ਹੀ ਨਹੀਂ ਵਿਕਦਾ ਤਾਂ ਸਰਮਾਏਦਾਰ ਨਵਾਂ ਮਾਲ ਕਿਉਂ ਪੈਦਾ ਕਰੇਗਾ ? ਉਹ ਨਵਾਂ ਨਿਵੇਸ਼ ਕਿਉਂ ਕਰੇਗਾ? ਇਸ ਲਈ ਨਵੇਂ ਕਾਰਖ਼ਾਨੇ ਨਹੀਂ ਲੱਗਦੇ, ਸਗੋਂ ਪਹਿਲਾਂ ਲੱਗੇ ਵੀ ਬੰਦ ਹੋਣ ਲਗਦੇ ਹਨ। ਇਸ ਨਾਲ ਬੇਰੁਜ਼ਗਾਰੀ ਵਧਦੀ ਹੈ ਜੋ ਘਟੀ ਹੋਈ ਮੰਗ ਨੂੰ ਹੋਰ ਘਟਾ ਦਿੰਦੀ ਹੈ।

ਹੁਣ ਦੇਖਦੇ ਹਾਂ ਕਿ ਆਰਥਿਕ ਸੰਕਟ ਤੋਂ ਬਾਅਦ ਅਪਣਾਏ ਗਏ ਇਹਨਾਂ ਤਰੀਕਿਆਂ ਦਾ ਅਸਰ ਕੀ ਹੋਇਆ ਹੈ ਅਤੇ ਮੌਜੂਦਾ ਜੀ-20 ਮੀਟਿੰਗ ਵਿੱਚ ਕਿਹੜੇ ਨਵੇਂ ਸੁਝਾਅ ਸੁਝਾਏ ਗਏ ਹਨ। ਆਰਥਿਕ ਸੰਕਟ ਤੋਂ ਬਾਅਦ ਸਰਮਾਏਦਾਰਾ ਸਰਕਾਰਾਂ ਦਾ ਮੁੱਖ ਜ਼ੋਰ ਮੁਦਰਾ ਨੀਤੀ ਉੱਤੇ ਹੀ ਰਿਹਾ ਹੈ। ਸੰਸਾਰ ਭਰ ਦੇ ਪ੍ਰਮੁੱਖ ਕੇਂਦਰੀ ਬੈਂਕਾਂ ਨੇ ਪਹਿਲਾਂ ਵਿਆਜ ਦਰਾਂ ਨੂੰ ਘਟਾਇਆ, ਇਸ ਉਮੀਦ ਵਿੱਚ ਕਿ ਹੁਣ ਨਿਵੇਸ਼ ਵਧੇਗਾ। ਪਰ ਹੋਇਆ ਇਸ ਦੇ ਉਲਟ। ਆਰਥਿਕ ਸੰਕਟ ਦੌਰਾਨ ਨਵਾਂ ਉਪਜਾਊ ਨਿਵੇਸ਼ (Productive Investment) ਨਾ ਹੋਣ ਜਾਂ ਘੱਟ ਹੋਣ ਦਾ ਕਾਰਨ ਪੈਸੇ ਦੀ ਘਾਟ ਨਹੀਂ, ਸਗੋਂ ਇਸ ਕਰਕੇ ਘੱਟ ਹੁੰਦਾ ਹੈ ਕਿ ਸਰਮਾਏਦਾਰਾਂ ਨੂੰ ਪੈਸਾ ਲਾਉਣ ਲਈ ਕੋਈ ਜਗ੍ਹਾ ਨਹੀਂ ਹੁੰਦੀ, ਭਾਵ ਮੰਡੀਆਂ ਪਹਿਲਾਂ ਕੀਤੀ ਪੈਦਾਵਾਰ ਦੇ ਨਾਲ ਹੀ ਭਰੀਆਂ ਹੋਈਆਂ ਹੁੰਦੀਆਂ ਹਨ, ਜੇਕਰ ਉਹ ਵਿਕੇਗਾ ਤਾਂ ਹੀ ਨਵਾਂ ਨਿਵੇਸ਼ ਹੋਵੇਗਾ। ਫ਼ਿਰ ਆਖ਼ਰ ਇਸ ਸਸਤੇ ਪੈਸੇ ਦਾ ਸਰਮਾਏਦਾਰਾਂ ਨੇ ਕੀਤਾ ਕੀ? ਉਹਨਾਂ ਨੇ ਬੈਂਕਾਂ ਤੋਂ ਇਹ ਸਸਤੇ ਕਰਜ਼ੇ ਲੈ-ਲੈ ਕੇ ਸ਼ੇਅਰ ਬਾਜ਼ਾਰਾਂ ਵਿੱਚ ਸੱਟਾ ਖੇਡਣ ਲਈ ਨਿਵੇਸ਼ ਕਰ ਦਿੱਤੇ ਤਾਂ ਕਿ ਰਾਤੋ-ਰਾਤ ਮੁਨਾਫ਼ੇ ਕਮਾਏ ਜਾ ਸਕਣ। ਇਸ ਤਰ੍ਹਾਂ ਆਰਥਿਕਤਾ ਵਿੱਚ ਕੋਈ ਨਵਾਂ ਉਤਪਾਦਕ ਨਿਵੇਸ਼ ਤਾਂ ਹੋਇਆ ਨਹੀਂ ਪਰ ਇਸ ਸੱਟੇਬਾਜ਼ੀ ਵਿੱਚੋਂ ਵਿੱਤੀ ਸੱਟੇਬਾਜਾਂ ਨੇ ਵਾਧੂ ਮੁਨਾਫ਼ਾ ਜ਼ਰੂਰ ਕਮਾ ਲਿਆ। ਘਰੇਲੂ ਖ਼ਪਤ ਉੱਤੇ ਵੀ ਇਹਨਾਂ ਘੱਟ ਦਰਾਂ ਦਾ ਕੋਈ ਖ਼ਾਸ ਅਸਰ ਨਹੀਂ ਹੋਇਆ ਕਿਉਂਕਿ ਲੋਕਾਂ ਕੋਲੋਂ ਲਗਾਤਾਰ ਰੁਜ਼ਗਾਰ ਖੁੱਸਦਾ ਜਾ ਰਿਹਾ ਸੀ, ਉਜਰਤਾਂ ਘਟਦੀਆਂ ਜਾ ਰਹੀਆਂ ਸਨ, ਇਸ ਲਈ ਲੋਕਾਂ ਲਈ ਕਰਜਾ ਤਾਂ ਕੀ ਵਿਆਜ ਮੋੜਨਾ ਵੀ ਸੌਖਾ ਨਹੀਂ ਸੀ। ਇਸ ਕਰਕੇ ਲੋਕਾਂ ਨੇ ਇਹ ਕਰਜ਼ੇ ਲੈਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ ਜਿਸਦਾ ਅਸਰ ਘਟਦੀ ਹੋਈ ਮੰਗ ਦੇ ਰੂਪ ਵਿੱਚ ਸਾਹਮਣੇ ਆਇਆ।



ਇਸ ਤੋਂ ਬਾਅਦ ਤਾਂ ਕੇਂਦਰੀ ਬੈਂਕਾਂ ਨੇ ਵਿਆਜ ਦਰਾਂ ਸਿਫ਼ਰ ਕਰ ਦਿੱਤੀਆਂ, ਜਦੋਂ ਇਸ ਉੱਤੇ ਵੀ ਗੱਲ ਨਾ ਬਣੀ ਤਾਂ ਇੱਕ ਅਨੋਖੀ ਚੀਜ਼ ਸੰਸਾਰ ਦੇ ਪ੍ਰਮੁੱਖ ਕੇਂਦਰੀ ਬੈਂਕਾਂ ਨੇ ਕੀਤੀ – ਉਹ ਇਤਿਹਾਸ ਵਿੱਚ ਪਹਿਲੀ ਵਾਰ ਵਿਆਜ ਦਰਾਂ ਨੂੰ ਮਨਫ਼ੀ ਵਿੱਚ ਲੈ ਗਏ! ਭਾਵ, ਕੇਂਦਰੀ ਬੈਂਕ ਹੁਣ ਉਹਨਾਂ ਸਾਰੇ ਬੈਂਕਾ ਤੋਂ ਖ਼ਰਚਾ ਵਸੂਲਣ ਲੱਗੇ ਜਿਹਨਾਂ ਨੇ ਕੇਂਦਰੀ ਬੈਂਕ ਵਿੱਚ ਆਪਣਾ ਪੈਸਾ ਰੱਖਿਆ ਹੈ। ਇਹ ਇਸ ਲਈ ਕੀਤਾ ਗਿਆ ਸੀ ਤਾਂ ਕਿ ਬੈਂਕ ਹਰ ਹੀਲੇ ਅਗਾਊਂ ਕਰਜ਼ੇ ਦੇਣ ਅਤੇ ਆਰਥਿਕਤਾ ਵਿੱਚ ਨਿਵੇਸ਼ ਹੋਵੇ। ਪਰ ਹੋਇਆ ਕੀ ? ਬੈਂਕਾ ਨੂੰ ਕੇਂਦਰੀ ਬੈਂਕ ਵੱਲੋਂ ਸਸਤਾ ਕਰਜਾ ਮਿਲ ਰਿਹਾ ਸੀ ਅਤੇ ਅਗਾਊਂ ਉਧਾਰ ਨਾ ਦੇਣ ਉੱਤੇ ਜੁਰਮਾਨਾ ਵੀ ਲਾਇਆ ਜਾ ਰਿਹਾ ਸੀ। ਪਰ ਆਰਥਿਕਤਾ ਡਾਂਵਾਡੋਲ ਹੋਣ ਕਰਕੇ ਉਤਪਾਦਕ ਨਿਵੇਸ਼ ਦੀਆਂ ਸੰਭਾਵਨਾਵਾਂ ਵੀ ਨਹੀਂ ਸਨ। ਸੋ ਬੈਂਕਾ ਨੇ ਇਹ ਸਾਰਾ ਪੈਸਾ ਸ਼ੇਅਰ ਬਾਜ਼ਾਰ ਅਤੇ ਰੀਅਲ ਅਸਟੇਟ ਦੇ ਸੱਟੇ ਵਿੱਚ ਲਾ ਦਿੱਤਾ। ਇਸ ਮਨਫ਼ੀ ਵਿਆਜ ਦਰ ਨੀਤੀ (ਜਿਸ ਨੂੰ NIRP - Negative Interest Rate Policy ਵੀ ਕਿਹਾ ਗਿਆ ਹੈ) ਦੇ ਫ਼ੇਲ ਹੋਣ ਦੀ ਪ੍ਰਤੀਨਿਧ ਉਦਹਾਰਣ ਸਵੀਡਨ ਹੈ ਜਿੱਥੇ ਬੈਂਕਾਂ ਵੱਲੋਂ ਕੀਤੀ ਸੱਟੇਬਾਜ਼ੀ ਕਾਰਨ ਘਰਾਂ ਦੀਆਂ ਕੀਮਤਾਂ ਪਿਛਲੇ ਤਿੰਨ ਸਾਲਾਂ ਵਿੱਚ ਹੀ ਇੱਕ-ਤਿਹਾਈ ਵਧ ਚੁੱਕੀਆਂ ਹਨ। ਇਸੇ ਤਰ੍ਹਾਂ ਜਾਪਾਨ ਵਿੱਚ ਇਸ ਨੀਤੀ ਨੂੰ ਲਾਗੂ ਕਰਨ ਦੇ ਵੀ ਕੋਈ ਸਾਰਥਕ ਸਿੱਟੇ ਨਹੀਂ ਨਿੱਕਲੇ।

ਵਿਆਜ ਦਰਾਂ ਘਟਾਉਣ ਦਾ ਇੱਕ ਹੋਰ ਵੀ ਸਿੱਟਾ ਨਿੱਕਲਿਆ ਹੈ। ਕੋਈ ਮੁਲਕ ਜੇਕਰ ਵਿਆਜ ਦਰਾਂ ਘਟਾਉਂਦਾ ਹੈ ਤਾਂ ਉਸ ਮੁਲਕ ਦੀ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਬਾਂਡਾਂ ਵਿੱਚ ਵਿਦੇਸ਼ੀ ਨਿਵੇਸ਼ਕ ਆਪਣਾ ਪੈਸਾ ਨਹੀਂ ਲਗਾਉਣਾ ਚਾਹੁੰਦੇ ਕਿਉਂਕਿ ਉਹਨਾਂ ਨੂੰ ਇਸ ਬਦਲੇ ਬੇਹੱਦ ਘੱਟ ਵਿਆਜ ਮਿਲੇਗਾ। ਇਸ ਕਰਕੇ ਅਜਿਹੇ ਮੁਲਕ ਦੀ ਮੁਦਰਾ ਦੀ ਮੰਗ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਘਟ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਉਸ ਦੀ ਕਦਰ ਘਟਦੀ ਹੈ। ਕਿਸੇ ਮੁਲਕ ਦੀ ਮੁਦਰਾ ਦੀ ਕਦਰ ਘਟਾਈ ਹੋਣ ਨਾਲ ਵਿਦੇਸ਼ੀ ਮੁਲਕਾਂ ਦੇ ਲੋਕਾਂ ਲਈ ਉਸ ਦੇਸ਼ ਦਾ ਮਾਲ ਸਸਤਾ ਹੋ ਜਾਂਦਾ ਹੈ, ਮਸਲਨ ਜੇਕਰ 1 ਅਮਰੀਕੀ ਡਾਲਰ 60 ਰੁਪਏ ਤੋਂ 50 ਉੱਤੇ ਆ ਜਾਵੇ ਤਾਂ ਇਸਦਾ ਮਤਲਬ ਹੋਵੇਗਾ ਕਿ ਰੁਪਿਆ ਮਜ਼ਬੂਤ ਹੋ ਗਿਆ ਹੈ ਅਤੇ ਅਮਰੀਕੀ ਡਾਲਰ ਦੀ ਕਦਰ ਰੁਪਈਏ ਦੇ ਮੁਕਾਬਲੇ ਘਟ ਗਈ ਹੈ। ਹੁਣ ਭਾਰਤ ਦੇ ਲੋਕਾਂ ਨੂੰ 1 ਡਾਲਰ ਦੇ ਜਿਸ ਅਮਰੀਕੀ ਮਾਲ ਲਈ ਪਹਿਲਾਂ 60 ਰੁਪੇ ਦੇਣੇ ਪੈਂਦੇ ਸੀ, ਹੁਣ 50 ਦੇਣੇ ਪੈਣਗੇ, ਭਾਵ ਅਮਰੀਕਾ ਤੋਂ ਭਾਰਤ ਵੰਨੀ ਬਰਾਮਦਾਂ ਵਧ ਜਾਣਗੀਆਂ ਅਤੇ ਭਾਰਤ ਵੱਲੋਂ ਅਮਰੀਕਾ ਜਾਣ ਵਾਲੀਆਂ ਚੀਜ਼ਾਂ ਦੀ ਮੰਗ ਵਿੱਚ ਕਮੀ ਆਵੇਗੀ। ਇਸ ਕਰਕੇ ਭਾਰਤ ਦਾ ਵਪਾਰ ਸੰਤੁਲਨ (Trade Balance) ਵਿਗੜੇਗਾ। ਇਸ ਕਰਕੇ ਹੀ ਵੱਡੇ ਸਾਮਰਾਜੀ ਮੁਲਕਾਂ ਦਰਮਿਆਨ (ਖਾਸ ਤੌਰ ਉੱਤੇ ਚੀਨ ਅਤੇ ਅਮਰੀਕਾ ਦਰਮਿਆਨ) ਮੁਦਰਾ ਦੀ ਡਿੱਗ ਰਹੀ ਕਦਰ ਤਿੱਖੀ ਸਿਆਸੀ ਕਸ਼ਮਕਸ਼ ਦਾ ਰੂਪ ਲੈਂਦੀ ਹੈ ਜਿਸਦਾ ਸਿੱਟਾ ਹੁੰਦਾ ਹੈ ਹਰ ਮੁਲਕ ਦੂਜੇ ਨੂੰ ਥੱਲੇ ਲਾਹੁਣ ਦਾ ਜ਼ੋਰ ਲਾਉਂਦਾ ਹੈ ਜਿਸਦਾ ਮਾਰੂ ਅਸਰ ਪੂਰੀ ਸੰਸਾਰ ਆਰਥਿਕਤਾ ਉੱਤੇ ਪੈਂਦਾ ਹੈ ਅਤੇ ਪਿਆ ਵੀ ਹੈ।

ਮੁਦਰਾ ਨੀਤੀ ਦੀ ਇਸੇ ਨਾਕਾਮੀ ਨੂੰ ਦੇਖਦੇ ਹੋਏ ਇਸ ਜੀ-20 ਮੀਟਿੰਗ ਵਿੱਚ ਵਿੱਤੀ ਨੀਤੀ ਉੱਤੇ ਅਮਲ ਕਰਨ ਉੱਤੇ ਵਿਚਾਰ ਕੀਤਾ ਗਿਆ ਸੀ ਪਰ ਐਥੇ ਵੀ ਉਹੀ ਅੰਤਰ-ਸਾਮਰਾਜੀ ਵਿਰੋਧਤਾਈਆਂ ਉੱਭਰ ਕੇ ਸਾਹਮਣੇ ਆਈਆਂ। ਅਮਰੀਕਾ ਨੇ ਜਰਮਨੀ ਉੱਤੇ ਜ਼ੋਰ ਪਾਇਆ ਕਿ ਉਹ ਵਿੱਤੀ ਨੀਤੀ ਲਾਗੂ ਕਰੇ, ਕਿ ਆਲ-ਜੰਜਾਲ ਆਦਿ ਉੱਤੇ ਭਾਰੀ ਸਰਕਾਰੀ ਨਿਵੇਸ਼ ਕਰੇ। ਪਰ ਜਰਮਨੀ ਅਜਿਹਾ ਕਰਨਾ ਨਹੀਂ ਚਾਹੁੰਦਾ ਕਿਉਂਜੋ ਜਰਮਨੀ ਦਾ ਸਰਕਾਰੀ ਕਰਜਾ ਜੀ. ਡੀ. ਪੀ. (ਕੁੱਲ ਘਰੇਲੂ ਪੈਦਾਵਾਰ) ਦੇ ਪ੍ਰਤੀਸ਼ਤ ਵਜੋਂ ਪਹਿਲਾਂ ਹੀ ਬਹੁਤ ਜ਼ਿਆਦਾ ਹੈ ਅਤੇ ਜਰਮਨੀ ਐਨੇ ਕਰਜ਼ੇ ਦੇ ਬੋਝ ਹੇਠ ਆ ਕੇ ਅਮਰੀਕਾ ਤੋਂ ਪੱਛੜਨਾ ਨਹੀਂ ਚਾਹੁੰਦਾ। ਦੂਜੇ ਪਾਸੇ ਅਮਰੀਕਾ ਨੇ ਚੀਨ ਤੋਂ ਵੀ ਮੰਗ ਕੀਤੀ ਕਿ ਉਹ ਆਪਣੀ ਘਰੇਲੂ ਮੰਗ ਨੂੰ ਵਧਾਵੇ ਅਤੇ ਸਰਕਾਰ ਲਗਾਤਾਰ ਭਾਰੀ ਨਿਵੇਸ਼ ਕਰੇ। ਪਰ ਚੀਨ ਪਿਛਲੇ ਲੰਮੇ ਸਮੇਂ ਤੋਂ ਅਜਿਹੀ ਹੀ ਵਿੱਤੀ ਨੀਤੀ ਲਾਗੂ ਕਰਦਾ ਆ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਉੱਥੇ ਸਰਕਾਰ ਲਗਾਤਾਰ ਆਲ-ਜੰਜਾਲ, ਨਵੇਂ ਸ਼ਹਿਰਾਂ, ਰੀਅਲ ਅਸਟੇਟ ਆਦਿ ਨੂੰ ਖੜ੍ਹੇ ਕਰਦੀ ਆ ਰਹੀ ਸੀ। ਪਰ ਸਰਕਾਰ ਵੱਲੋਂ ਫੁਲਾਇਆ ਗਿਆ ਇਹ ਬੁਲਬੁਲਾ ਕਿਸੇ ਸਮੇਂ ਤਾਂ ਫਟਣਾ ਹੀ ਸੀ, ਐਨੇ ਸਾਰੇ ਘਰਾਂ ਆਦਿ ਨੂੰ ਖਰੀਦਣ ਵਾਲਾ ਹੀ ਕੋਈ ਨਹੀਂ ਸੀ, ਸੋ ਰੀਅਲ ਅਸਟੇਟ ਖੇਤਰ ਭਾਰੀ ਮੰਦੀ ਦਾ ਸ਼ਿਕਾਰ ਹੋ ਗਿਆ ਅਤੇ ਉੱਪਰੋਂ ਇਸ ਸਾਰੀ ਪ੍ਰਕਿਰਿਆ ਦੌਰਾਨ ਸਰਕਾਰ ਉੱਤੇ ਭਾਰੀ ਕਰਜਾ ਵੀ ਚੜ੍ਹ ਗਿਆ। ਹੁਣ ਚੀਨੀ ਆਰਥਿਕਤਾ ਦੀ ਗਤੀ ਪਹਿਲਾਂ ਦੇ ਮੁਕਾਬਲੇ ਕਾਫ਼ੀ ਹੌਲੀ ਹੋ ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਮਾੜੇ ਹਾਲਤਾਂ ਦਾ ਅੰਦੇਸ਼ਾਂ ਜ਼ਾਹਰ ਕੀਤਾ ਜਾ ਰਿਹਾ ਹੈ। ਇਸ ਲਈ ਚੀਨ ਨੇ ਵੀ ਅਮਰੀਕਾ ਦੇ ਇਹਨਾਂ ਸੁਝਾਵਾਂ ਉੱਤੇ ਕੋਈ ਕੰਨ ਨਹੀਂ ਧਰਿਆ।

ਪਿਛੇ ਜਿਹੇ ਰਿਪੋਰਟ ਆਈ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ ਅਮਰੀਕਾ ਅਤੇ ਯੂਰਪ ਵਿੱਚ ਸਰਕਾਰੀ ਸਹੂਲਤਾਂ, ਆਲ-ਜੰਜਾਲ ਉੱਤੇ ਹੋਣ ਵਾਲਾ ਖ਼ਰਚਾ ਪਿਛਲੇ 30 ਸਾਲਾਂ ਦੇ ਮੁਕਾਬਲੇ ਸਭ ਤੋਂ ਹੇਠਲੇ ਪੱਧਰ ਉੱਤੇ ਹੈ। ਅਮਰੀਕਾ ਵਿੱਚ ਸਰਕਾਰ ਇਸ ਖੇਤਰ ਵਿੱਚ ਜੀ.ਡੀ.ਪੀ ਦਾ ਕੇਵਲ 0.5% ਹੀ ਨਿਵੇਸ਼ ਕਰਦੀ ਹੈ। ਫ਼ਿਰ ਵੀ ਸਰਕਾਰ ਇਸ ਪਾਸੇ ਨਿਵੇਸ਼ ਕਿਉਂ ਨਹੀਂ ਕਰ ਰਹੀ? ਕੀ ਇਸ ਨਾਲ ਆਰਥਿਕਤਾ ਨੂੰ ਥੋੜ੍ਹ-ਚਿਰਾ (ਸਰਮਾਏਦਾਰਾ ਢਾਂਚੇ ਵਿੱਚ ਕੋਈ ਵੀ ਰਾਹਤ ਥੋੜ੍ਹ-ਚਿਰੀ ਹੀ ਹੋ ਸਕਦੀ ਹੈ) ਹੁਲਾਰਾ ਨਹੀਂ ਮਿਲੇਗਾ? ਹਾਂ, ਇਸ ਨਾਲ ਹੁਲਾਰਾ ਮਿਲ ਸਕਦਾ ਹੈ ਪਰ ਇੱਕ ਹੋਰ ਪਹਿਲੂ ਐਥੇ ਬੇਹੱਦ ਅਹਿਮ ਰੋਲ ਅਦਾ ਕਰਦਾ ਹੈ, ਉਹ ਹੈ ਸਰਕਾਰ ਸਿਰ ਚੜ੍ਹੇ ਕਰਜ਼ੇ ਦਾ (Public Debts). ਸਰਕਾਰ ਕੋਲ ਆਮਦਨ ਦਾ ਜ਼ਰਿਆ ਲੋਕਾਂ ਅਤੇ ਸਰਮਾਏਦਾਰਾਂ ਤੋਂ ਇੱਕਠਾ ਕੀਤਾ ਟੈਕਸ ਹੀ ਹੁੰਦਾ ਹੈ। ਉਹ ਇਸ ਆਮਦਨ ਵਿੱਚੋਂ ਹੀ ਕੋਈ ਖ਼ਰਚਾ ਕਰ ਸਕਦੀ ਹੈ ਜਾਂ ਫ਼ਿਰ ਉਸ ਨੂੰ ਸਰਕਾਰੀ ਬਾਂਡ ਜਾਰੀ ਕਰਕੇ, ਭਾਵ ਕਰਜਾ ਚੁੱਕ ਕੇ, ਇਹ ਸ੍ਰੋਤ ਇੱਕਠੇ ਕਰਨੇ ਪੈਂਦੇ ਹਨ। ਹੁਣ ਹਾਲਤ ਇਹ ਹੈ ਕਿ ਆਰਥਿਕ ਸੰਕਟ ਤੋਂ ਬਾਅਦ, ਅਮਰੀਕੀ ਸਰਕਾਰ ਨੇ ਬੈਂਕਾਂ ਨੂੰ ਖਰਬਾਂ ਡਾਲਰ ਦੇ ਬੇਲ-ਆਉਟ ਪੈਕੇਜ ਦਿੱਤੇ ਸਨ ਜਿਸ ਕਰਕੇ ਉਸ ਉੱਤੇ ਅਗਾਊਂ ਹੀ ਭਾਰੀ ਕਰਜਾ ਚੜ੍ਹਿਆ ਹੋਇਆ ਹੈ। ਆਲ-ਜੰਜਾਲ ਉੱਤੇ ਨਵਾਂ ਖ਼ਰਚਾ ਕਰਨ ਲਈ ਉਹ ਸਰਮਾਏਦਾਰਾਂ ਦੇ ਮੁਨਾਫ਼ੇ ਉੱਤੇ ਟਾਕੀ ਲਾ ਨਹੀਂ ਸਕਦੇ ਕਿਉਂਜੋ ਅਜਿਹਾ ਹੋਣ ਦੀ ਸੂਰਤ ਵਿੱਚ ਸਰਮਾਏਦਾਰਾ ਵਿਰੋਧ ਕਰਨਗੇ ਅਤੇ ਆਪਣਾ ਸਰਮਾਇਆ ਅਮਰੀਕਾ ਤੋਂ ਬਾਹਰ ਲਿਜਾਣਗੇ ਜਿਸ ਦਾ ਆਰਥਿਕਤਾ ਉੱਤੇ ਮਾਰੂ ਅਸਰ ਪਵੇਗਾ। ਇਸ ਲਈ ਸਰਕਾਰ ਕੋਲ ਇੱਕ ਹੀ ਚਾਰਾ ਬਚਦਾ ਹੈ ਕਿ ਉਹ ਲੋਕਾਂ ਤੋਂ ਜਿਆਦਾ ਟੈਕਸ ਵਸੂਲੀ ਕਰੇ । ਪਰ ਆਰਥਿਕ ਸੰਕਟ ਕਰਕੇ ਲੋਕਾਂ ਦੀਆਂ ਅਸਲ ਉਜਰਤਾਂ ਵੀ ਹੇਠਾਂ ਗਈਆਂ ਹਨ ਜਾਂ ਖੜੋਤ ਦਾ ਸ਼ਿਕਾਰ ਹਨ, ਨਾਲ ਹੀ ਬੇਰੁਜ਼ਗਾਰੀ ਵੀ ਵਧੀ ਹੈ ਅਤੇ ਬਹੁਤੇ ਲੋਕ ਤਾਂ ਸਰਕਾਰੀ ਸਹਾਇਤਾ ਉੱਤੇ ਨਿਰਭਰ ਹਨ ਜਿਨ੍ਹਾਂ ਉੱਤੇ ਕੋਈ ਟੈਕਸ ਨਹੀਂ ਲਾਇਆ ਜਾ ਸਕਦਾ। ਇਸ ਲਈ ਇਸ ਸ੍ਰੋਤ ਤੋਂ ਵੀ ਪੈਸਾ ਇੱਕਠਾ ਹੋਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ।

ਸੋ, ਮੁਦਰਾ ਨੀਤੀ ਦੀ ਅਸਫ਼ਲਤਾ ਅਤੇ ਵਿੱਤੀ ਨੀਤੀ ਦੀ ਕਾਰਗਰਤਾ ਉੱਤੇ ਪਹਿਲੋਂ ਹੀ ਸਵਾਲੀਆ ਚਿੰਨ ਲੱਗ ਜਾਣ ਕਾਰਨ ਸੰਸਾਰ ਦੇ ਬੁਰਜੂਆ ਅਰਥਸ਼ਾਸਤਰੀ ਅਤੇ ਆਗੂ ਹਨ੍ਹੇਰੇ ਵਿੱਚ ਟੱਕਰਾਂ ਮਾਰ ਰਹੇ ਹਨ। ਸਤੰਬਰ ਮਹੀਨੇ ਚੀਨ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਵੀ ਕੋਈ ਰਾਸਤਾ ਨਿੱਕਲਦਾ ਨਜ਼ਰ ਨਹੀਂ ਆ ਰਿਹਾ ਅਤੇ ਅਸਲ ਵਿੱਚ ਇਸ ਢਾਂਚੇ ਅੰਦਰ ਰਾਸਤਾ ਹੈ ਵੀ ਨਹੀਂ . ਸਿਰਫ਼ ਪੈਦਾ ਕੀਤੇ ਮਾਲਾਂ ਦੀ ਵੱਡੇ ਪੱਧਰ ਉੱਤੇ ਤਬਾਹੀ ਕਰਕੇ ਅਤੇ ਇਸਦੇ ਸਿੱਟੇ ਵਜੋਂ ਕਰੋੜਾਂ ਲੋਕਾਂ ਨੂੰ ਬੇਰੁਜ਼ਗਾਰੀ ਵੱਲ ਧੱਕ ਕੇ ਹੀ ਇਹ ਢਾਂਚਾ ਆਪਣੇ ਲਈ ਥੋੜ੍ਹ-ਚਿਰੇ ਸਾਂਹ ਹਾਸਲ ਕਰ ਸਕਦਾ ਹੈ। ਸਤੰਬਰ ਮਹੀਨੇ ਦੀ ਮੀਟਿੰਗ ਵਿੱਚ ਜੋ ਵੀ ਫ਼ੈਸਲਾ ਤੈਅ ਹੋਵੇ, ਐਨਾ ਸਪਸ਼ੱਟ ਹੈ ਕਿ ਨਵਾਂ ਸੰਕਟ ਇਸ ਢਾਂਚੇ ਵੱਲ ਮੂੰਹ ਅੱਡੀ ਖੜ੍ਹਾ ਹੈ।


ਰਣਜੀਤ ਲਹਿਰਾ

# ਪਨਾਮਾ ਪੇਪਰਜ਼ ਗਲੀ-ਸੜੀ ਸਰਮਾਏਦਾਰੀ ਦਾ ਨੰਗੇਜ਼

ਦੋਸਤੋ, ਭਾਰਤ ਵਿੱਚ ਇਨੀਂ ਦਿਨੀਂ ਕਿੰਗਫਿਸ਼ਰ ਕੰਪਨੀ ਵਾਲੇ ਆਯਾਸ਼ ਵਿਜੈ ਮਾਲਿਆ ਵੱਲੋਂ ਬੈਂਕਾ ਦਾ ਨੌਂ ਹਜਾਰ ਕਰੋੜ ਰੁ. ਲੈਕੇ ਉਡੰਤਰ ਹੋ ਜਾਣ ਅਤੇ ਸੁਰੱਖਿਅਤ ਲੰਡਨ ਪਹੁੰਚ ਜਾਣ ਦਾ ਸ਼ੋਰ ਮੱਚਿਆ ਹੋਇਆ ਸੀ, ਉਨਾਂ ਦਿਨਾਂ ਵਿੱਚ ਹੀ ਜਰਮਨ ਅਖਬਾਰ ਸਿਉਡਿਊਤਚੇ ਸਮੇਤ ਸੌ ਤੋਂ ਵੱਧ ਮੀਡੀਆ ਹਾਊਸਾਂ ਨੇ, ਲੱਗਭੱਗ ਇੱਕੋ ਸਮੇਂ, 'ਪਨਾਮਾ ਪੇਪਰਜ' ਦੇ ਨਾਂ 'ਤੇ ਸਰਮਾਏਦਾਰਾ ਜਗਤ ਤੇ ਉਸ ਦੇ ਭੱਦਰਪੁਰਸ਼ਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਨੰਗੇ ਕਰਦੀਆਂ ਰਿਪੋਰਟਾਂ ਛਾਪ ਕੇ ਦੁਨੀਆਂ ਭਰ 'ਚ ਤਹਿਲਕਾ ਮਚਾ ਦਿੱਤਾ ਸੀ।

ਪਾਠਕ ਦੋਸਤੋ, 'ਪਨਾਮਾ ਪੇਪਰਜ' ਉਨਾਂ ਖੁਫੀਆ ਦਸਤਾਵੇਜਾਂ ਦਾ ਇੱਕ ਵੱਡਾ ਪੁਲੰਦਾ ਹੈ ਜਿਹੜਾ ਸੰਯੁਕਤ ਰਾਜ ਅਮਰੀਕਾ ਅਤੇ ਦੱਖਣੀ ਅਮਰੀਕਾ ਦੇ ਵਿਚਕਾਰ ਜਿਹੇ ਕਰਕੇ ਪੈਂਦੇ ਛੋਟੇ ਜਿਹੇ ਦੇਸ਼ ਵਿੱਚ ਕਾਲੇ ਧਨ ਨੂੰ ਚਿੱਟੇ ਧਨ ਵਿੱਚ ਬਦਲਣ ਦੇ ਵੱਡੇ ਘਾਲੇ-ਮਾਲੇ ਨੂੰ ਨੰਗਾ ਕਰਦਾ ਹੈ। ਇਸ ਪਲੰਦੇ ਵਿੱਚ 1.15 ਕਰੋੜ ਖੁਫੀਆ ਦਸਤਾਵੇਜ ਹਨ। ਦਸਤਾਵੇਜਾਂ ਦੇ ਇਸ ਪਲੰਦੇ ਨੂੰ ਕਿਸੇ ਖੋਜੀ ਹੈਕਰ ਨੇ 'ਮੋਸੈਕ ਫੋਨਸੈਕਾ' ਕੰਪਨੀ ਦੇ ਕੰਪਿਊਟਰਾਂ ਤੋਂ ਹੈਕ ਕਰ ਲਿਆ ਅਤੇ ਜਰਮਨੀ ਦੇ ਅਖਬਾਰ 'ਸਿਊਡਿਊਤਚੇ' ਨੂੰ ਸੰਭਾਲ ਦਿੱਤਾ। ਅੱਗੇ ਇਨਾਂ ਦਸਤਾਵੇਜਾਂ ਨੂੰ ਖੋਜੀ ਪੱਤਰਕਾਰਾਂ ਦੀ ਕੌਮਾਂਤਰੀ ਐਸੋਸੀਏਸ਼ਨ ਨੇ ਖੰਗਾਲ ਕੇ ਅਤੇ ਇੱਕੋ ਸਮੇਂ ਦੁਨੀਆਂ ਸਾਹਮਣੇ ਪੇਸ਼ ਕਰਨ ਦਾ ਕਾਰਨਾਮਾ ਕਰ ਵਿਖਾਇਆ। ਇਹ ਇਤਿਹਾਸ ਦਾ ਇੱਕ ਵੱਡਾ ਪਰਦਾਫਾਸ ਹੋ ਨਿੱਬੜਿਆ ਹੈ।

ਕੈਰੇਬੀਅਨ ਦੇਸ਼ ਪਨਾਮਾ ਵਿੱਚ ਇੱਕ ਨਾਂ ਮਾਲੂਮ ਜਿਹੀ ਲਾਅ ਫਰਮ ਹੈ, ਮੋਨਸੈਕ ਫੋਨਸੇਕਾ। 'ਮੋਨਸੈਕ ਫੋਨਸੇਕਾ' ਤੀਹ ਕੁ ਸਾਲ ਪਹਿਲਾਂ ਪਨਾਮਾ ਤੋਂ ਲਾਅ ਦੀ ਡਿਗਰੀ ਪ੍ਰਾਪਤ ਦੋ ਸੱਜਣਾਂ ਜਰਗਿਨ ਮੋਸੈਕ ਅਤੇ ਰੋਮਨ ਫੋਨਸੈਕਾ ਵੱਲੋਂ ਮਿਲਕੇ ਬਣਾਈ ਗਈ ਸੀ। ਕਹਿਣ-ਸੁਨਣ ਨੂੰ ਇਹ 'ਲਾਅ ਫਰਮ' ਹੈ ਪਰ ਕੰਮ ਇਹ 'ਅਨ-ਲਾਅਫੁਲ' ਕਰਦੀ ਰਹੀ ਹੈ। ਮੋਸੈਕ ਫੋਨਸੈਕਾ ਨਾਂ ਦੀ ਇਸ ਲਾਅ ਫਰਮ ਦੀਆਂ 2 ਲੱਖ 14 ਹਜਾਰ ਗੁਪਤ ਜਾਂ ਜਾਅਲੀ ਕੰਪਨੀਆਂ ਹਨ। ਇਹ ਕੰਪਨੀਆਂ ਤਾਂ ਪਨਾਮਾ ਵਿੱਚ ਦਰਜ ਹਨ ਪਰ ਇਸ ਤੋਂ ਇਲਾਵਾ ਹੋਰਨਾਂ ਥਾਈਂ ਵੀ ਇਸਦੀਆਂ ਬ੍ਰਾਂਚਾਂ ਹਨ। 'ਨਿਊ ਟਾਪੂ' ਦੇ ਬੱਜਟ ਦਾ ਤਾਂ 80 ਫੀਸਦੀ ਇਸ ਕੰਪਨੀ ਤੋਂ ਹੀ ਆਉਂਦਾ ਦੱਸੀਂਦਾ ਹੈ। ਪੂਰੀ ਤਰ੍ਹਾਂ ਕੰਪਨੀ ਢੰਗ ਨਾਲ ਬਣਾਈਆਂ ਇਹ ਕੰਪਨੀਆਂ ਕਾਲੇ ਧਨ ਨੂੰ ਚਿੱਟੇ ਧਨ ਵਿੱਚ ਬਦਲਣ ਵਿੱਚ ਗੈਰ-ਕਾਨੂੰਨੀ ਕੰਮ ਕਰਦੀਆਂ ਹਨ। ਕਰਦੀਆਂ ਕਿਵੇਂ ਹਨ ਇਹ ਇੱਕ ਪੂਰਾ ਗੋਰਖਧੰਦਾ ਹੈ। ਇਨਾਂ ਕੰਪਨੀਆਂ ਨੂੰ 'ਲੈਟਰਬਾਕਸ' ਕੰਪਨੀਆਂ ਵੀ ਕਿਹਾ ਜਾਂਦਾ ਹੈ। ਇਨਾਂ ਕੰਪਨੀਆਂ ਵਿੱਚ ਪੈਸਾ ਕਿਸੇ ਹੋਰ ਕੰਪਨੀ ਦਾ ਲੱਗਿਆ ਹੁੰਦਾ ਹੈ ਤੇ ਲੈਟਰ ਹੈੱਡ 'ਤੇ ਮਾਲਕੀ ਕਿਸੇ ਹੋਰ ਦੀ ਦਿਖਾਈ ਜਾਂਦੀ ਹੈ। ਮੋਸੈਕ ਫੋਨਸੈਕਾ ਤੇ ਉਸ ਨਾਲ ਜੁੜੀਆਂ ਜਾਅਲਸਾਜ ਕੰਪਨੀਆਂ 200 ਤੋਂ ਵੱਧ ਦੇਸ਼ਾਂ ਦੇ ਅਮੀਰਾਂ-ਨਵਾਬਾਂ ਦਾ ਟੈਕਸ ਚੋਰੀ ਵਾਲਾ 'ਕਾਲਾਧਨ' ਆਉਂਦਾ ਹੈ ਤੇ ਮੁੜ ਸਫੈਦ ਧਨ ਬਣਕੇ ਦੁਨੀਆਂ ਭਰ ਦੇ ਰੀਅਲ ਅਸਟੇਟ ਅਤੇ ਸ਼ੇਅਰ ਬਾਜਾਰਾਂ ਵਿੱਚ ਜਾ ਲੱਗਦਾ ਹੈ। ਯਾਨਿ ਮੋਨਸੈਕ ਫੋਨਸੈਕਾ ਕੰਪਨੀ 'ਕਾਲੇ ਕਾਗਾਂ ਨੂੰ ਚਿੱਟੇ ਕਾਗ' ਬਨਾਉਣ ਦਾ ਪੁੰਨ ਦਾ ਕੰਮ ਕਰਦੀ ਹੈ ਤੇ ਬਦਲੇ 'ਚ ਆਪਣੀ ਦਾਨ ਦਕਸ਼ਣਾ ਲੈ ਲੈਂਦੀ ਹੈ। 'ਪਨਾਮਾ ਪੇਪਰਜ਼' ਨੇ ਸਰਮਾਏਦਾਰਾ ਜਗਤ ਦੇ ਜਿਨਾਂ ਹਜ਼ਾਰਾਂ ਭੱਦਰਪੁਰਸ਼ਾਂ ਦੇ ਮਨਹੂਸ ਚਿਹਰਿਆਂ ਦੇ ਦਰਸ਼ਨ-ਏ-ਦੀਦਾਰ ਲੋਕਾਂ ਨੂੰ ਕਰਵਾਏ ਹਨ ਉਨਾਂ ਵਿੱਚ 40 ਦੇਸ਼ਾਂ ਦੀ ਸਰਕਾਰਾਂ ਦੇ ਉੱਚ ਪੱਧਰੀ ਨੁਮਾਇੰਦੇ ਤੇ ਮੁਖੀ ਸ਼ਾਮਿਲ ਹਨ। ਕੁੱਲ ਮਿਲਾ ਕੇ 200 ਦੇਸ਼ਾਂ ਦੇ ਕਾਰੋਬਾਰੀ ਭੱਦਰਪੁਰਸ਼ 'ਪਨਾਮਾ ਪੇਪਰਜ਼' ਨੇ ਕਟਹਿਰੇ ਵਿੱਚ ਲਿਅ ਖੜੇ ਕੀਤੇ ਹਨ। ਸਿਰਫ਼ ਇੰਨਾ ਹੀ ਨਹੀਂ ਇਨਾਂ ਵਿੱਚ ਡਰੱਗ ਮਾਫੀਆ ਤੇ ਅੱਤਵਾਦੀ ਜ਼ਥੇਬੰਦੀਆਂ ਤੱਕ ਦਾ ਪੈਸਾ ਵੀ ਲੱਗਿਆ ਹੈ। ਆਲਮੀ ਪੱਧਰ ਦੀਆਂ ਜਿਨਾਂ ਨਾਮੀ ਸ਼ਖਸ਼ੀਅਤਾਂ ਦਾ ਨਾਂ 'ਪਨਾਮਾ




ਪੇਪਰਜ਼' ਵਿੱਚ ਬੋਲਿਅ ਹੈ ਉਨਾਂ ਵਿੱਚ ਰੂਸ ਦਾ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਇੰਗਲੈਂਡ ਦਾ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ, ਆਈਸਲੈਂਡ ਦਾ ਪ੍ਰਧਾਨ ਮੰਤਰੀ ਸੀਮੁੰਡਰ ਗਨਲਾਊਸਨ, ਯੁਕਰੇਨ ਦਾ ਰਾਸ਼ਟਰਪਤੀ ਪੈਂਟਰੋ ਪੈਰੋਸੇਕੋ, ਪਾਕਿਸਤਾਨ ਦਾ ਪ੍ਰਧਾਨ ਨਵਾਜ਼ ਸ਼ਰੀਫ, ਸਾਊਦੀ ਅਰਬ ਦਾ ਸ਼ਾਹ, ਯੂ.ਏ.ਈ. ਦਾ ਸੁਲਤਾਨ, ਚੀਨ ਦੀ ਸੋਧਵਾਦ ਕਮਿਊਨਿਸਟ ਪਾਰਟੀ ਦੇ ਪੋਲਿਟ ਬਿਊਰੋ ਦੇ ਮੈਂਬਰ ਆਦਿ ਉੱਚ ਕੋਟੀ ਦੇ ਸਿਆਸੀ ਆਗੂ ਤੇ ਸਰਕਾਰਾਂ ਦੇ ਮੁਖੀ ਹਨ। ਇਨਾਂ ਵਿੱਚੋਂ ਕੁੱਝ ਨੂੰ ਅਸਤੀਫਾ ਦੇਣਾ ਪੈ ਗਿਆ ਹੈ, ਕੁੱਝ ਨੂੰ ਸਪਸ਼ਟੀਕਰਨ ਤੇ ਕਈਆਂ ਦੀ ਰਾਤਾਂ ਦੀ ਨੀਂਦ ਹਰਾਮ ਹੋ ਗਈ ਹੈ।

ਜਦੋਂ 200 ਦੇਸ਼ਾਂ ਦੇ ਧੰਨਾ-ਸੇਠਾਂ ਦੀ ਅਰਬਾਂ-ਖਰਬਾਂ ਦੀ ਮਾਇਆ ਤੇ ਮਾਇਆ ਦੇ ਗੋਰਖਧੰਦੇ ਦੀ ਗੱਲ ਚੱਲ ਰਹੀ ਹੋਵੇ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ 'ਭਾਰਤ ਮਾਤਾ' ਤੇ ਉਸ ਦੇ 'ਲਾਲਾਂ' ਦਾ ਜ਼ਿਕਰ ਨਾ ਹੋਵੇ, 'ਭਾਰਤ ਮਾਤਾ' ਦੇ ਲਾਲ ਤਾਂ ਸਵਿੱਸ ਬੈਂਕਾਂ ਸਮੇਤ ਕਾਲੇ ਧਨ ਨੂੰ ਛੁਪਾਉਣ ਦੇ ਹੋਰਨਾਂ ਟਿਕਾਣਿਆਂ ਦੇ ਮੁੱਖ ਗਾਹਕ ਹਨ। 'ਪਨਾਮਾ ਪੇਪਰਜ਼' ਵਿੱਚ 'ਭਾਰਤ ਮਾਤਾ' ਦੇ ਇੱਕਾ-ਦੁੱਕਾ ਨਹੀਂ 500 ਤੋਂ ਉੱਤੇ 'ਲਾਲਾਂ' ਦਾ ਨਾਂ ਸਾਹਮਣੇ ਆਇਆ ਹੈ। ਇੱਕ 'ਵਿਜੇ ਮਾਲਿਆ' ਨੂੰ ਕੀ ਰੋਣਾ ਇੱਥੇ ਤਾਂ 'ਆਵਾ ਹੀ ਊਤ ਗਿਐ'। ਇਹ ਸਾਰੇ ਟੈਕਸ ਚੋ ਤੇ ਕਾਲਾ ਬਾਜ਼ਾਰੀਏ 'ਭਾਰਤ ਮਾਤਾ ਦੀ ਜੈ' ਕਹਿਣ ਵਾਲੀ ਮੋਦੀ ਸਰਕਾਰ ਦੇ ਨੱਕ ਹੇਠ ਮੌਜਾਂ ਮਾਣ ਰਹੇ ਹਨ। ਨੱਕ ਹੇਠ ਮੌਜਾਂ ਹੀ ਨਹੀਂ ਮਾਣ ਰਹੇ ਕਈ ਤਾਂ 'ਭਗਤ ਦੀ ਸਰਕਾਰ' ਦੇ ਆਪਣੇ ਹੀ ਸਕੇ-ਸਬੰਧੀ ਹਨ। ਹੋਰਨਾਂ ਤੋਂ ਇਲਾਵਾ ਜਿਹੜੇ ਨਾਵਾਂ ਦਾ ਖੁਲਾਸਾ 'ਪਨਾਮਾ ਪੇਪਰਜ਼' ਵਿੱਚ ਹੋਇਆ ਹੈ ਉਨਾਂ ਵਿੱਚ ਸ਼ਾਮਲ ਹਨ ਨਰਿੰਦਰ ਮੋਦੀ ਦੀ ਸੱਜੀ ਬਾਂਹ ਗੌਤਮ ਅਡਾਨੀ ਦਾ ਭਰਾ ਵਿਨੋਦ ਅਦਾਨੀ, ਛਤੀਸਗੜ੍ਹ ਦੇ ਮੁੱਖ ਮੰਤਰੀ ਦਾ ਪੁੱਤਰ ਅਭਿਸ਼ੇਕ, ਵਿੱਤ ਮੰਤਰੀ ਅਰੁਨ ਜੇਤਲੀ ਦਾ ਲੰਗੋਟੀਆ ਯਾਰ ਲੋਕੇਸ਼ ਸ਼ਰਮਾ (ਟੈਵੇਂਟੀ ਫਸਟ ਸੈਂਚੁਰੀ ਮੀਡੀਆ ਕੰਪਨੀ), ਰੀਅਲ ਅਸਟੇਟ ਕਿੰਗ ਕੇ.ਪੀ. ਸਿੰਘ, ਮਾਫੀਆ ਡਾਨ ਇਕਬਾਲ ਮਰਚੀ। 'ਕੌਣ ਬਣੇਗਾ ਕਰੋੜਪਤੀ' ਖਿਡਾਉਣ ਵਾਲਾ ਅਮਿਤਾਬ ਬਚਨ ਤੇ ਉਸ ਦੀ ਨੂੰਹ ਰਾਣੀ ਐਸ਼ਵਰਿਆ ਰਾਏ ਵੀ ਖਲਨਾਇਕਾਂ 'ਚ ਸ਼ੁਮਾਰ ਹਨ।


'ਪਨਾਮਾ ਪੇਪਰਜ਼' ਨਾਲ ਇੱਕ ਹੋਰ ਗੱਲ ਸਾਹਮਣੇ ਆਉਂਦੀ ਹੈ ਕਿ ਸਰਮਾਏਦਾਰਾ ਜਗਤ ਵਿੱਚ ਸਿਰਫ਼ ਸਵਿੱਸ ਬੈਂਕਾਂ ਹੀ ਕਾਲੇ ਧਨ ਨੂੰ ਛੁਪਾਉਣ ਦੀ ਇੱਕੋ-ਇੱਕ ਥਾਂ ਜਾਂ ਢੰਗ ਨਹੀਂ, ਇਸ ਸਿਸਟਮ ਵਿੱਚ ਅਨੇਕਾਂ ਟਿਕਾਣੇ ਤੇ ਢੰਗ ਤਰੀਕੇ ਹਨ ਕਾਲੇ ਧਨ ਨੂੰ ਛੁਪਾਉਣ ਦੇ ਵੀ ਤੇ ਚਿੱਟੇ ਧਨ ਵਿਚ ਵਟਾਉਣ ਦੇ ਵੀ। ਪਨਾਮਾ ਛੋਟਾ ਜਿਹਾ ਦੇਸ਼ ਹੈ ਪਰ ਇੱਥੇ 3 ਲੱਖ 50 ਹਜ਼ਾਰ ਅੰਤਰ ਰਾਸ਼ਟਰ ਕੰਪਨੀਆਂ ਰਜਿਸਟਰਡ ਹਨ। ਕੇਅਮੈਨ ਟਾਪੂ ਦੀ ਵਸੋਂ ਸਿਰਫ਼ 60 ਹਜ਼ਾਰ ਹੈ ਪਰ ਉੱਥੇ ਦੋ ਲੱਖ, ਅੰਤਰ-ਰਾਸ਼ਟਰੀ ਕੰਪਨੀਆਂ ਰਜਿਸਟਰਡ ਹਨ। ਜਰਸੀ, ਨਿਊ ਟਾਪੂ, ਨੇਵਾਦਾ, ਹਾਂਗਕਾਂਗ, ਮਾਰੀਸ਼ਸ਼, ਬ੍ਰਿਟਿਸ਼ ਆਈਸਲੈਂਡ, ਸਵਿਟਜ਼ਰਲੈਂਡ ਅਨੇਕਾਂ ਹੀ ਅਜਿਹੇ ਟਿਕਾਣੇ ਹਨ ਜਿੱਥੇ ਦੁਨੀਆਂ ਭਰ ਦੇ ਬਦਨਾਮ ਮਾਫੀਆ ਗਰੋਹਾਂ ਦਾ ਹੀ ਨਹੀਂ ਸਗੋਂ ਸਿਆਸੀ ਲੀਡਰਾਂ, ਅਫਸਰਸ਼ਾਹਾਂ, ਵਪਾਰੀਆਂ, ਸਨਅਤਕਾਰਾਂ ਦਾ ਅਰਬਾਂ-ਖਰਬਾਂ ਡਾਲਰ ਇੱਧਰੋਂ-ਉੱਧਰ ਕੀਤਾ ਜਾਂਦਾ ਹੈ।

'ਪਨਾਮਾ ਪੇਪਰਜ਼' ਦੇ ਬਹਾਨੇ ਇੱਕ ਵਾਰ ਫਿਰ ਦੁਨੀਆਂ ਨੂੰ ਸਰਮਾਏਦਾਰਾ ਸੰਸਾਰ ਦਾ ਕਰੂਪ ਚਿਹਰਾ ਦੇਖਣ ਨੂੰ ਮਿਲਿਆ ਹੈ। ਸਰਮਾਏਦਾਰਾ ਪ੍ਰਬੰਧ ਇੰਨਾਂ ਨਿੱਘਰ ਚੁੱਕਿਆ ਹੈ ਕਿ ਇਹ ਮਨੁੱਖਤਾ ਲਈ ਸਰਾਪ ਬਣ ਚੁੱਕਿਆ ਹੈ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੀ ਬੁਨਿਆਦ 'ਤੇ ਟਿਕਿਆ ਸਰਮਾਏਦਾਰਾ ਪ੍ਰਬੰਧ ਆਪਣੇ-ਆਪ 'ਚ ਹੀ ਸਭ ਤੋਂ ਵੱਡਾ ਫਰਾਡ ਹੈ। ਇਹ ਗਲ ਸੜ ਚੁੱਕਿਆ ਹੈ। ਇਹ ਗਲ ਸੜ ਚੁੱਕਿਆ ਹੈ ਤੇ ਇਤਿਹਾਸ ਦਾ ਕੂੜੇਦਾਨ ਹੀ ਇਸ ਦੀ ਅਸਲ ਥਾਂ ਹੈ।

# ਸ਼ਹੀਦ ਭਗਤ ਸਿੰਘ ਦੇ ਸਿਰ ਦੇ ਵਾਲ ਤੇ ਦਾੜ੍ਹੀ ਕਟਵਾਉਣ ਸਬੰਧੀ ਇਤਿਹਾਸਕ ਸੱਚ



ਰਾਕੇਸ਼ ਕੁਮਾਰ



ਕ੍ਰਾਂਤੀਕਾਰੀਆਂ ਨੇ ਦਿੱਲੀ ਦੇ ਫਿਰੋਜ਼ਸ਼ਾਹ ਤੁਗਲਕ ਕਿਲ੍ਹੇ 'ਚ 8-9 ਸਤੰਬਰ 1928 ਨੂੰ ਮੀਟਿੰਗ ਕੀਤੀ ਜਿਸ ਵਿੱਚ ਪੰਜਾਬ ਵਲੋਂ ਸੁਖਦੇਵ ਤੇ ਭਗਤ ਸਿੰਘ, ਯੂ. ਪੀ. ਵਲੋਂ ਸ਼ਿਵ ਵਰਮਾ, ਜੈ ਦੇਵ ਤੇ ਵਿਜੈ ਕੁਮਾਰ ਸਿਨਹਾ, ਬਿਹਾਰ ਵਲੋਂ ਫਨਿੰਦਰ ਘੋਸ਼ ਅਤੇ ਰਾਜਸਥਾਨ ਵਲੋਂ ਕੁੰਦਨ ਲਾਲ ਸ਼ਾਮਲ ਹੋਏ ਆਜ਼ਾਦ ਅੱਖਾਂ ਦੀ ਬੀਮਾਰੀ ਕਾਰਨ ਨਹੀਂ ਪਹੁੰਚ ਸਕਿਆ ਸੀ। ਇਥੇ ਇਕ ਕੇਂਦਰੀ ਕਮੇਟੀ ਬਣਾਈ ਗਈ ਅਤੇ ਹੇਠ ਲਿਖੇ ਫੈਸਲੇ ਲਏ ਗਏ

(1) ਕਾਕੋਰੀ ਕੇਸ ਦੇ ਬੰਦੀ ਯੋਗੇਸ਼ ਚੈਟਰਜੀ ਨੂੰ ਜੇਲ੍ਹ ਬਦਲੀ ਸਮੇਂ ਮੁਕਤ ਕਰਵਾਉਣਾ।

(2) ਭਗਤ ਸਿੰਘ ਨੇ ਸਾਈਮਨ ਕਮਿਸ਼ਨ ਵਿਰੁੱਧ ਕਾਰਵਾਈ ਸੁਝਾਉਣ ਤੇ ਮਹਿਸੂਸ ਕੀਤਾ ਗਿਆ ਕਿ ਇਸ ਲਈ ਬੰਬ ਜਰੂਰੀ ਹਨ। ਕਲਕੱਤੇ ਫਨਿੰਦਰ ਘੋਸ਼ ਰਾਹੀਂ ਬੰਬ ਮਾਹਰ ਦੀਆਂ ਸੇਵਾਵਾਂ ਜੁਟਾਉਣ ਦਾ ਫੈਸਲਾ ਵੀ ਲਿਆ ਗਿਆ।

(3) ਵੀ. ਕੇ. ਸਿਨਹਾ ਦੇ ਕਹਿਣ 'ਤੇ ਕਿ ਦਲ ਕੋਲ ਧਨ ਦੀ ਬੜੀ ਘਾਟ ਹੈ ਅਤੇ ਫਨਿੰਦਰ ਘੋਸ਼ ਦੇ ਸੁਝਾਅ ਤੇ ਬਿਹਾਰ 'ਚ ਡਕੈਤੀ ਮਾਰਨ ਦਾ ਫੈਸਲਾ ਲਿਆ ਗਿਆ ਅਤੇ ਭਗਤ ਸਿੰਘ ਅਤੇ ਚੰਦਰ ਸੇਖਰ ਆਜ਼ਾਦ ਨੂੰ ਸਤੰਬਰ ਦੇ ਅਖੀਰ 'ਚ ਉਸ ਕੋਲ ਪਹੁੰਚ ਜਾਣ ਲਈ ਕਿਹਾ ਗਿਆ। ਭਗਤ ਸਿੰਘ ਦੇ ਉਥੇ ਜਾਣ ਦੀ ਤਜ਼ਵੀਜ 'ਤੇ ਚਰਚਾ ਕਰਦਿਆਂ ਇਹ ਮਹਿਸੂਸ ਕੀਤਾ ਗਿਆ ਕਿ ਜੇ ਮੌਜੂਦਾ ਸਿੱਖੀ ਸਰੂਪ ਵਿੱਚ ਉਥੇ ਵਿਚਰੇਗਾ ਤਾਂ ਹਰੇਕ ਦੀਆਂ ਨਜਰਾਂ 'ਚ ਚੜ੍ਹ ਜਾਵੇਗਾ ਇਸ ਲਈ ਉਹ ਕੇਸ ਕਟਵਾ ਲਵੇ ਤੇ ਦਾੜ੍ਹੀ ਮੁੱਛ ਵੀ ਮੁੰਡਵਾ ਲਵੇ ਪਰ ਫਨਿੰਦਰ ਘੋਸ਼ ਵਲੋਂ ਮੁੱਛਾ ਰੱਖ ਲੈਣ ਦਾ ਸੁਝਾਅ ਦਿੱਤਾ ਗਿਆ ਕਿਉਂਕਿ ਉਸ ਵੇਲੇ ਮੁੱਛਾ ਮੁੰਡਵਾਉਣ ਦਾ ਰਿਵਾਜ ਨਹੀਂ ਸੀ।

ਸਤੰਬਰ 1928 ਦੇ ਲਗਭਗ ਅੱਧ ਵਿੱਚ ਭਗਤ ਸਿੰਘ ਅਤੇ ਸੁਖਦੇਵ ਫਿਰੋਜ਼ਪੁਰ ਗਏ ਤੇ ਦਿੱਲੀ ਦੀ ਮੀਟਿੰਗ ਵਿਚ ਕੀਤੇ ਨਿਰਣੇ ਅਨੁਸਾਰ ਭਗਤ ਸਿੰਘ ਨੇ ਆਪਣੀ ਦਾੜ੍ਹੀ ਅਤੇ ਸਿਰ ਦੇ ਵਾਲ ਕਟਵਾ ਦਿੱਤੇ।

ਸਤੰਬਰ 1928 ਦੇ ਅੰਤ 'ਚ ਭਗਤ ਸਿੰਘ ਬੇਤੀਆਂ (ਬਿਹਾਰ) ਪਹੁੰਚੀਆ ਉਸ ਨੇ ਫਨਿੰਦਰ ਨਾਥ ਘੋਸ਼ ਨਾਲ ਵਾਅਦਾ ਕੀਤਾ ਸੀ ਕਿ ਉਹ ਉਥੇ ਇਕ ਡਕੈਤੀ ਦੇ ਸਿਲਸਿਲੇ ਵਿੱਚ ਗੱਲਬਾਤ ਕਰਨਗੇ। ਬੇਤੀਆਂ ਆਉਣ ਤੇ ਭਗਤ ਸਿੰਘ ਅਤੇ ਚੰਦਰ ਸੇਖਰ ਆਜ਼ਾਦ (ਪੰਡਿਤ) ਨੇ ਫਨਿੰਦਰ ਨਾਥ ਘੋਸ਼ ਅਤੇ ਮਨਮੋਹਨ ਬੈਨਰਜੀ ਨਾਲ ਮੁਲਾਕਾਤ ਕੀਤੀ। ਫੈਸਲਾ ਹੋਇਆ ਕਿ ਬੇਤੀਆਂ ਜਾਂ ਬਿਹਾਰ ਪ੍ਰਾਂਤ ਵਿਚ ਇਸ ਵੇਲੇ ਡਕੈਤੀ ਸੰਭਵ ਨਹੀ ਪਰ ਭਗਤ ਸਿੰਘ ਨੇ ਫਨਿੰਦਰ ਨਾਥ ਘੋਸ਼ ਤੋਂ ਕੁਝ ਰਿਵਾਲਵਰ ਲਏ।

ਕ੍ਰਾਂਤੀਕਾਰੀ ਪਾਰਟੀ ਨੇ ਅਪਣੀਆਂ ਸਰਗਰਮੀਆਂ ਦੇਸ਼ ਦੇ ਵੱਖ-ਵੱਖ ਹਿੱਸਿਆ 'ਚ ਗੁਪਤ ਰੂਪ 'ਚ ਕੀਤੀਆਂ ਕ੍ਰਾਂਤੀਕਾਰੀ ਪਾਰਟੀ ਨੇ ਫਿਰੋਜ਼ਪੁਰ ਦੇ ਤੂੜੀ ਬਜ਼ਾਰ ਵਿਚ 10 ਅਗਸਤ 1928 ਨੂੰ ਇਕ ਗੁਪਤ ਟਿਕਾਣਾ ਬਣਾਇਆ ਸੀ। ਫਿਰੋਜ਼ਪੁਰ ਦਾ ਟਿਕਾਣਾ ਇਕ ਵਿਸ਼ੇਸ ਉਦੇਸ਼ ਨੂੰ ਸਾਹਮਣੇ ਰੱਖ ਕੇ ਵਿਉਤੀਆਂ ਗਿਆ ਸੀ ਇਸ ਟਿਕਾਣੇ ਦੀ ਸਥਾਪਿਤ ਹੋਣ ਤੇ ਇਸ ਨੂੰ ਨਵੀਂ ਸਥਾਪਤ ਕੀਤੀ ਜਾਣ ਵਾਲੀ ਪਾਰਟੀ ਦੇ ਮੁੱਖ ਦਫਤਰ ਵਜੋਂ ਵਿਉਂਤਿਆ ਗਿਆ ਸੀ ਪਾਰਟੀ ਫੈਸਲੇ ਮੁਤਾਬਿਕ ਡਾ. ਗਯਾ ਪ੍ਰਸਾਦ ਨੇ ਫਿਰੋਜ਼ਪੁਰ ਵਿੱਚ ਡਾ. ਬੀ. ਐੱਸ. ਨਿਗਮ ਦੇ ਫਰਜ਼ੀ ਨਾਮ ਨਾਲ ਮਕਾਨ ਕਿਰਾਏ 'ਤੇ ਲਿਆ ਸੀ, ਹੇਠਾਂ ਦਵਾਖਾਨਾ ਖੋਲ੍ਹਿਆਂ ਤੇ ਉਪਰ ਰਿਹਾਇਸ਼ ਕੀਤੀ। ਬਾਹਰ ਬੋਰਡ ਲਗਾਇਆ "ਨਿਗਮ ਫਾਰਮੇਸ਼ੀ ਕਮਿਸਟਸ ਅਤੇ ਡੱਰਗਇਸਟ" ਸੁਖਦੇਵ ਨੇ ਜੈ ਗੋਪਾਲ ਨੂੰ ਭੇਜਿਆ ਕਿ ਉਹ ਡਾ. ਨਿਗਮ ਕੋਲ ਸਹਿ ਕੰਮਪਾਉਡਰ ਦੀ ਨੌਕਰੀ ਲਵੇ। ਇਹ ਟਿਕਾਾਣਾ 9 ਫਰਵਰੀ 1929 ਤੱਕ ਰਿਹਾ। ਬਾਅਦ 'ਚ ਕ੍ਰਾਂਤੀਕਾਰੀਆਂ ਦੇ ਫੜੇ ਜਾਣ ਤੇ ਅੰਗਰੇਜ਼ਾਂ ਵਲੋਂ 1 ਮਈ 1930 ਨੂੰ ਸਪੈਸ਼ਲ ਟ੍ਰਿਬਿਊਨਲ ਗਠਿਤ ਕੀਤਾ ਗਿਆ ਅਤੇ ਕ੍ਰਾਂਤੀਕਾਰੀਆਂ ਤੇ ਮੁਕੱਦਮਾ ਚਲਾਇਆ ਗਿਆ। ਜੈ ਗੋਪਾਲ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਸਤੰਬਰ 1928 'ਚ ਇਕ ਦਿਨ ਭਗਤ ਸਿੰਘ ਤੇ ਸੁਖਦੇਵ ਰਾਤ ਨੂੰ ਗੱਡੀ ਤੇ ਸਾਨੂੰ ਮਿਲਣ ਆਏ ਉਹ ਦੇਰ ਰਾਤ ਤੱਕ ਗੱਲਾ ਕਰਦੇ ਰਹੇ। ਦੂਜੇ ਦਿਨ ਸੁਖਦੇਵ ਲਾਹੌਰ ਚਲਾ ਗਿਆ ਅਤੇ ਭਗਤ ਸਿੰਘ ਸਾਰਾ ਦਿਨ ਸਾਡੇ ਕੋਲ ਰਿਹਾ। ਸੁਖਦੇਵ ਸ਼ਾਮ ਨੂੰ ਵਾਪਸ ਆ ਗਿਆ। ਸੁਖਦੇਵ ਦੇ ਆਉਣ ਤੇ ਭਗਤ ਸਿੰਘ ਦੇ ਵਾਲ ਕਟਾਏ ਗਏ। ਭਗਤ ਸਿੰਘ ਦੇ ਵਾਲ ਕਟਵਾਉਣ 'ਚ ਮੈਂ, ਡਾਕਟਰ ਤੇ ਸੁਖਦੇਵ ਨੇ ਭਗਤ ਸਿੰਘ ਦੇ ਵਾਲ ਅਤੇ ਦਾੜ੍ਹੀ ਮੁੰਨ ਦਿੱਤੇ ਤੇ ਭਗਤ ਸਿੰਘ ਨੇ ਵਿਲਾਇਤੀ ਫੈਸ਼ਨ ਦੇ ਵਾਲ ਬਣਾ ਲਏ ਫੇਰ ਉਹ ਯੂ. ਪੀ. ਵਾਲਾ ਪਹਿਰਾਵਾ ਧੋਤੀ ਤੇ ਕਮੀਜ਼ ਪਾ ਕੇ ਦਿੱਲੀ ਗਿਆ। ਡਾ. ਗਯਾ ਪ੍ਰਸਾ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਵਿਲੇਜ਼ਰ ( ਸੁਖਦੇਵ ) ਨੇ ਭਗਤ ਸਿੰਘ ਦੇ ਵਾਲ ਮੇਰੇ ਘਰ ਫਿਰੋਜ਼ਪੁਰ ਕੱਟੇ ਸਨ ਅਤੇ ਗੋਪਾਲ ਨੇ ਉਹਨਾਂ ਨੂੰ ਜਲਾ ਦਿਤਾ ਸੀ। ਕ੍ਰਾਂਤੀਕਾਰੀ ਹੰਸ ਰਾਜ ਵੋਹਰਾ ਨੇ ਅਦਾਲਤ ਵਿੱਚ ਬਿਆਨ ਦਿਤਾ ਪਹਿਲੀ ਦਸੰਬਰ 1928 ਨੂੰ ਸੁਖਦੇਵ ਨੇ ਮੈਨੂੰ ਲਾਰੇਸ਼ ਬਾਗ ਬੁਲਾਇਆ ਅਤੇ ਫੇਰ ਮੋਜੰਗ ਵਾਲੇ ਮਕਾਨ ਲੈ ਗਿਆ ਜਿਹੜਾ ਅਰਾਈ ਇਮਾਰਤ ਵਿੱਚ ਸੀ। ਉਸ ਨੇ ਮਕਾਨ ਦੇ ਵਾਰੇ ਮੈਨੂੰ ਕੁਝ ਨਹੀ ਦੱਸਿਆ ਉਥੇ ਮੈਨੇ ਕ੍ਰਾਂਤੀਕਾਰੀ ਪਾਰਟੀ ਪੰਜਾਬ ਤੇ ਉੱਤਰ ਪ੍ਰਦੇਸ਼ ਦੇ ਵਰਕਰ ਦੇਖੇ। ਪੰਜਾਬ ਤੋ ਭਗਤ ਸਿੰਘ, ਸੁਖਦੇਵ, ਕਿਸ਼ੋਰੀ ਲਾਲ ਤੇ ਜੈ ਗੋਪਾਲ ਸੀ। ਭਗਤ ਸਿੰਘ ਦੀ ਸ਼ਕਲ ਉਸ ਵੇਲੇ ਬਦਲ ਚੁੱਕੀ ਸੀ ਕਿਉਂਕਿ ਉਸ ਦੇ ਸਿਰ ਤੇ ਨਾ ਵਾਲ ਸੀ ਨਾ ਮੂੰਹ ਤੇ ਦਾੜ੍ਹੀ ਸੀ।

ਕ੍ਰਾਂਤੀਕਾਰੀਆਂ ਵਲੋਂ ਜੇ.ਪੀ. ਸਾਂਡਰਸ ਦਾ ਕਤਲ ਵੀ ਬਆਦ 'ਚ 17 ਦਸੰਬਰ 1928 ਨੂੰ ਲਾਹੌਰ ਵਿਚ ਕੀਤਾ ਗਿਆ ਸੀ।

ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਦੇਸ਼ ਦੀ ਆਜ਼ਾਦੀ ਲਈ ਨਵੇ ਢਾਂਚੇ ਤੇ ਨਵੇਂ ਰਾਜ ਦੀ ਸਥਾਪਨਾ ਲਈ ਹੱਸਦੇ ਹੱਸਦੇ ਫਾਂਸੀ ਦੇ ਰੱਸੇ ਚੁੰਮੇ ਆਪਣੀ ਅਨਮੋਲ ਜਿੰਦਗੀਆਂ ਕੁਰਬਾਨ ਕਰ ਦਿੱਤੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ ਹੱਸਦੇ-ਹੱਸਦੇ ਝਲੀਆਂ, ਜੇਲ੍ਹਾਂ ਕੱਟੀਆਂ। ਭਗਤ ਸਿੰਘ ਨੇ ਆਪਣੇ ਸਿਰ ਦੇ ਵਾਲ 'ਤੇ ਦਾੜ੍ਹੀ ਵੀ ਕ੍ਰਾਂਤੀਕਾਰੀ ਪਾਰਟੀ ਦੀਆਂ ਜ਼ਰੂਰਤਾਂ ਮੁਤਾਬਕ ਕਟਵਾਏ ਸਨ।

ਮੋਬਾ: 9779232276

ਲੇਖਕ ਵਲੋਂ ਲਿਖਿਆ ਕਿਤਾਬਾਂ:
ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਫਿਰੋਜ਼ਪੁਰ ਸ਼ਹਿਰ 'ਚ ਗੁਪਤ ਟਿਕਾਣੇ ਵਾਰੇ ਦੋ ਕਿਤਾਬਾਂ
ਸ਼ਹੀਦ ਊਧਮ ਸਿੰਘ ਵਾਰੇ ਤਿੰਨ ਕਿਤਾਬਾਂ
ਗ਼ਦਰ ਲਹਿਰ ਵਾਰੇ ਇਕ ਕਿਤਾਬ।

# ਗੁਰੀਲਾ ਨੌਜਵਾਨ-ਅਰਨੈਸਟੋ ਚੀ ਗੁਵੇਰਾ

ਚੀ-ਗੁਵੇਰਾ ਦੁਨੀਆਂ ਭਰ ਦੇ ਹਰ ਨੌਜਵਾਨ ਬਾਗੀ ਦਿਲ ਦਾ ਚਹੇਤਾ ਹੈ। ਐਲਬਰਟੋ ਕੋਰਡਾ ਦੁਆਰਾ ਸੰਨ 1960 'ਚ ਖਿੱਚੀ ਗਈ ਟੋਪੀ ਤੇ ਪੰਜ ਨੁਕਰਾ ਤਾਰੇ ਵਾਲੀ ਫੋਟੋ ਨੌਜਵਾਨਾਂ ਨੂੰ ਖਾਸ ਖਿੱਚ ਪਾਉਂਦੀ ਹੈ। ਲਾਤੀਨੀ ਅਮਰੀਕਾ ਦੇ ਬਾਗੀ ਟਾਪੂਆਂ 'ਚ ਉਸਦੀਆਂ ਦਲੇਰ ਗੁਰੀਲਾ ਕਾਰਵਾਈਆਂ ਦੀਆਂ ਅਨੇਕਾਂ ਦੰਦ-ਕਥਾਵਾਂ ਪ੍ਰਚਲਿਤ ਹਨ। ਪੇਸ਼ ਹਨ ਉਸ ਸੂਰਮੇ ਦੀ ਜੀਵਨ ਗਾਥਾ ਦੀਆਂ ਕੁੱਝ ਝਲਕਾਂ-


ਅਰਨੈਸਟੋ ਗੁਵੇਰਾ ਡੀ ਲਾ ਸੇਰਨਾ ਦਾ ਜਨਮ 14 ਜੂਨ 1928 ਨੂੰ ਅਰਜਨਟੀਨਾ ਦੇ ਸ਼ਹਿਰ ਰੋਸਾਰੀਓ ਵਿਖੇ ਹੋਇਆ। ਚੀ ਦੇ ਪਿਤਾ ਅਰਨੈਸਟੋ ਗੁਵੇਰਾ ਲਿੰਚ ਤੇ ਮਾਂ ਸੇਲੀਆ ਡੀ ਲਾ ਸੇਰਨਾ ਅਰਜਨਟੀਨਾ ਦੇ ਉੱਚ ਮੱਧ ਵਰਗੀ ਤਬਕੇ ਨਾਲ ਸਬੰਧਤ ਅਗਾਂਹਵਧੂ ਵਿਚਾਰਾ ਦੇ ਧਾਰਨੀ ਸਨ। ਬਚਪਨ 'ਚ ਤਲਾਅ ਦੇ ਠੰਢੇ ਪਾਣੀ 'ਚ ਨਹਾਉਣ ਕਾਰਨ ਗੁਵੇਰਾ ਦਮੇ ਦਾ ਰੋਗੀ ਹੋ ਗਿਆ। ਪਿਤਾ ਦੇ ਦੱਸਣ ਮੁਤਾਬਿਕ ਗੁਵੇਰਾ ਨੂੰ ਉਸਦੀ ਬਿਮਾਰੀ ਕਾਰਨ ਸਕੂਲ ਲੇਟ ਦਾਖਲ ਕਰਵਾਇਆ ਗਿਆ। ਮਾਂ ਨੇ ਦੋ ਸਾਲ ਤੱਕ ਉਸਨੂੰ ਘਰ 'ਚ ਹੀ ਪੜ੍ਹਾਇਆ। ਚੀ ਨੂੰ ਬਚਪਨ ਤੋਂ ਹੀ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹ ਕਵਿਤਾ ਨੂੰ ਬੜਾ ਪਿਆਰ ਕਰਦਾ, ਜੋ ਉਸਨੇ ਆਖਰੀ ਦਮ ਤੱਕ ਨਿਭਾਇਆ। ਕਵਿਤਾ ਤੇ ਕਲਾ ਦੇ ਨਾਲ-ਨਾਲ ਚੀ ਸਾਹਸ ਵਾਲੇ ਖੋਜ ਕਾਰਜਾਂ ਵਿਚ ਵੀ ਬਹੁਤ ਰੁਚੀ ਰੱਖਦਾ ਸੀ। ਚੀ ਨੂੰ ਪੇਂਟਿੰਗ, ਸੰਗੀਤ, ਫੁੱਟਬਾਲ, ਘੋੜਸਵਾਰੀ, ਗੌਲਫ, ਸਾਇਕਲਿੰਗ ਤੇ ਸਤਰੰਜ ਖੇਡਣਾ ਪਸੰਦ ਸੀ।

ਬਚਪਨ ਵਿਚ ਉਹ ਬਿਜਲੀ ਕਾਮਿਆਂ ਦੀ ਹੜਤਾਲ ਸਮੇਂ ਆਪਣੇ ਹਾਣੀਆਂ ਨਾਲ ਮਿਲਕੇ ਰਾਤੋ-ਰਾਤ ਸ਼ਹਿਰ ਦੇ ਸਾਰੇ ਬਲਬ ਗੁਲੇਲਾਂ ਨਾਲ ਤੋੜ ਸੁੱਟਣ ਦੇ ਕਾਰਨਾਮੇ ਕਰਦਾ ਰਿਹਾ। ਸਕੂਲ ਪੜਦਿਆਂ ਹੀ ਉਸਨੇ ਦੱਖਣੀ ਅਮਰੀਕਾ ਦੇ ਦੌਰੇ ਤੇ ਜਾਣ ਦਾ ਨਿਰਣਾ ਆਪਣੇ ਦੋਸਤ ਅਲਬਰਟੋ ਗਰੈਨਾਡੋਸ ਨਾਲ ਮਿਲਕੇ ਪੂਰ ਚੜ੍ਹਾਇਆ। ਉਸਦੀ ਪਹਿਲੀ ਯਾਤਰਾ ਤਿੰਨ ਮਹੀਨੇ ਲਈ ਸੀ ਜੋ ਜ਼ਿੰਦਗੀ ਦੀਆਂ ਅਗਲੀਆਂ ਯਾਤਰਾਵਾਂ ਦਾ ਮੁੱਢ ਹੋ ਨਿੱਬੜੀ। ਯਾਤਰਾ ਤੋਂ ਪਰਤਦਿਆਂ 19 ਸਾਲਾ ਗੱਭਰੂ ਚੀ ਯੂਨੀਵਰਸਿਟੀ 'ਚ ਪ੍ਰੀ-ਮੈਡੀਕਲ ਦਾ ਵਿਦਿਆਰਥੀ ਬਣ ਜਾਂਦਾ ਹੈ। ਉਸਨੇ ਭਰ ਜੁਆਨੀ 'ਚ ਡਾਕਟਰ ਬਣਕੇ ਬਿਮਾਰ ਤੇ ਗਰੀਬ ਕੋਹੜੀਆਂ ਦੀ ਸੇਵਾ ਕਰਨ ਦਾ ਸੁਪਨਾ ਲਿਆ। ਲੋਕ ਸੇਵਾ ਦੀ ਇਸੇ ਧੁਨ 'ਚ ਉਸਨੇ ਸੱਤ ਸਾਲਾ ਡਾਕਟਰੀ ਕੋਰਸ ਤਿੰਨ ਸਾਲਾਂ 'ਚ ਪਾਸ ਕਰ ਲਿਆ। ਇੰਨੀ ਦਿਨੀਂ ਉਸਨੂੰ ਜ਼ਬਰੀ ਸੈਨਿਕ ਭਰਤੀ ਦਾ ਪੱਤਰ ਮਿਲਿਆ। ਚੀ ਨਹੀਂ ਸੀ ਚਾਹੁੰਦਾ ਕਿ ਉਹ ਬੇਵਜ਼ਾ ਫੌਜੀ ਬੈਰਕਾਂ 'ਚ ਧੱਕੇ ਖਾਵੇ। ਉਹ ਬਰਫੀਲੇ ਪਾਣੀ 'ਚ ਇਸ਼ਨਾਨ ਕਰਕੇ ਫੌਜੀ ਮੈਡੀਕਲ ਕਮਿਸ਼ਨ ਸਾਹਮਣੇ ਪੇਸ਼ ਹੋਇਆ। ਉਸਦੇ ਇਰਾਦੇ ਅਨੁਸਾਰ ਮੁਆਇਨੇ ਦੌਰਾਨ ਉਸਨੂੰ ਸੈਨਿਕ ਵਜੋਂ ਅਯੋਗ ਕਰਾਰ ਦਿੱਤਾ ਗਿਆ। 1947 ਤੋਂ 1953 ਦੇ ਸਾਲਾਂ ਦੌਰਾਨ ਚੀ ਪੀਰੂ, ਚਿੱਲੀ, ਕੋਲੰਬੀਆ ਅਤੇ ਵੈਨਜ਼ੁਏਲਾ ਦੀ ਯਾਤਰਾ ਕਰ ਚੁੱਕਾ ਸੀ, ਜਿਸਤੋਂ ਚੀ ਨੇ ਕੀਮਤੀ ਅਨੁਭਵ ਹਾਸਿਲ ਕੀਤੇ। ਇਹਨਾਂ ਯਾਤਰਾਵਾਂ ਦੌਰਾਨ ਉਸਨੇ ਲੋਕਾਂ ਦੀਆਂ ਤੰਗੀਆਂ-ਤੁਰਸ਼ੀਆਂ ਭਰੀ ਜ਼ਿੰਦਗੀ ਅਤੇ ਫਟੇਹਾਲ ਕਿਸਾਨ ਮਜ਼ਦੂਰਾਂ ਤੇ ਬਿਮਾਰ ਕੋਹੜੀਆਂ ਦੀ ਹਾਲਤ ਨੂੰ ਨੇੜਿਓਂ ਤੱਕਿਆ। ਉਸਨੇ ਬੋਲੀਵੀਆ (ਜਿਸਨੂੰ ਸੋਨੇ ਦੇ ਤਖਤ ਤੇ ਬੈਠਾ ਮੰਗਤਾ ਕਿਹਾ ਜਾਂਦਾ ਸੀ) ਵਿਚ ਇੱਥੋਂ ਦੇ ਮੂਲ ਵਸਨੀਕਾਂ ਤੇ ਰੈੱਡ ਇੰਡੀਅਨਾਂ ਦੀ ਮਾੜੀ ਹਾਲਤ ਨੂੰ ਵੀ ਅਨੁਭਵ ਕੀਤਾ। 1953 ਤੋਂ ਚੀ ਗੁਵੇਰਾ ਨੇ ਸਦਾ ਲਈ ਅਰਜਨਟੀਨਾ ਨੂੰ ਛੱਡ ਦਿੱਤਾ। 1954 'ਚ ਗੁਆਟੇਮਾਲਾ ਦੀਆਂ ਰਾਜਨੀਤਿਕ ਗਤੀਵਿਧੀਆਂ 'ਚ ਚੀ ਨੇ ਸਿੱਧਾ ਭਾਗ ਲਿਆ। ਇੱਥੇ ਉਸਦੀ ਮੁਲਾਕਾਤ ਖੱਬੇਪੱਖੀ ਵਰਕਰ ਹਿਲਡਾ ਗਾਡੀਆ ਨਾਲ ਹੋਈ। ਪੀਰੂਵੀਅਨ ਮਾਰਕਸਵਾਦੀ ਮੁਟਿਆਰ ਹਿਲਡਾ ਤੇ ਚੀ ਨੇ 1956 'ਚ ਮੈਕਸੀਕੋ 'ਚ ਪ੍ਰੇਮ ਵਿਆਹ ਕਰਵਾ ਲਿਆ। ਇਸ ਪ੍ਰੇਮੀ ਜੋੜੇ ਦੇ ਘਰ ਇਕ ਲੜਕੀ ਨੇ ਜਨਮ ਲਿਆ। ਬਹੁਤ ਜਲਦ (1955 'ਚ) ਚੀ ਦਾ ਸੰਪਰਕ ਨੌਜਵਾਨ ਵਕੀਲ ਫੀਦਲ ਕਾਸਤਰੋ ਨਾਲ ਹੋਇਆ ਤੇ ਉਹ ਦੋਵੇਂ ਇਨਕਲਾਬੀ ਨੌਜਵਾਨ ਕਿਊਬਾ 'ਚ ਕ੍ਰਾਂਤੀ ਦੀਆਂ ਵਿਉਂਤਾ 'ਚ ਰੁੱਝ ਗਏ। ਫੀਦਲ ਜੋਸ਼ੀਲਾ ਨੌਜਵਾਨ ਸੀ। ਉਸਨੇ ਦ੍ਰਿੜ ਵਿਸ਼ਵਾਸ ਨਾਲ ਕਿਹਾ ਕਿ 'ਮੈਂ ਤੁਹਾਨੂੰ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਸੀਂ 1956 'ਚ ਅਜ਼ਾਦੀ ਪ੍ਰਾਪਤ ਕਰ ਲਵਾਂਗੇ ਜਾਂ ਸ਼ਹੀਦ ਹੋ ਜਾਵਾਂਗੇ'। ਇਸ ਜੋਸ਼ ਭਰਪੂਰ ਐਲਾਨ ਉਪਰੰਤ ਕਿਊਬਾ ਤੇ ਚੜ੍ਹਾਈ ਦੀਆਂ ਮੁਹਿੰਮਾਂ ਤੇਜ਼ ਹੋਣ ਲੱਗੀਆਂ। ਗੁਰੀਲਾ ਯੁੱਧ ਤੇ ਸੈਨਿਕ ਵਿਗਿਆਨ ਦੇ ਮਾਹਿਰ ਐਲਬਰਟੋ ਬਾਓ ਨੇ ਨੌਜਵਾਨ ਗੁਰੀਲਾ ਦਸਤਿਆਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਚੀ ਗੁਰੀਲਾ ਟਰੇਨਿੰਗ ਦੇ ਨਾਲ-ਨਾਲ ਡਾਕਟਰ ਵਜੋਂ ਕੰਮ ਕਰਦਾ ਰਿਹਾ। ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲੇ ਇਸ ਅਰਜਨਟੀਨੀ ਨੌਜਵਾਨ ਡਾਕਟਰ ਨੂੰ ਗੁਰੀਲਾ ਕੈਂਪ 'ਚ ਸਿਖਲਾਈ ਦੌਰਾਨ ਸਭ ਤੋਂ ਵੱਧ 10 ਨੰਬਰ ਮਿਲਦੇ ਸਨ। ਉਸਦੇ ਇਹਨਾਂ ਇਖਲਾਕੀ ਗੁਣਾ ਕਾਰਨ ਸਪੇਨ ਦੀ ਗਣਰਾਜੀ ਫੌਜ ਦਾ ਸਾਬਕਾ ਕਰਨਲ ਉਸਨੂੰ 'ਸਭ ਤੋਂ ਵੱਧ ਕਾਬਿਲ ਵਿਦਿਆਰਥੀ' ਆਖਿਆ ਕਰਦਾ ਸੀ। ਹਥਿਆਰ, ਹਥਿਆਰਾਂ ਲਈ ਪੈਸਾ, ਹਥਿਆਰ ਚਲਾਉਣ ਲਏ ਫੈਸਲਾਕੁੰਨ ਗੁਰੀਲੇ, ਰਾਜਸੀ ਵਿਚਾਰਾਂ ਲਈ ਸਕੂਲਿੰਗ ਤੇ ਹੋਰਨਾਂ ਇਨਕਲਾਬੀ ਗਰੁੱਪਾਂ ਨਾਲ ਤਾਲਮੇਲ ਦਾ ਇਕ ਲੰਮਾ ਤੇ ਤੇਜ਼ ਸਿਲਸਿਲਾ ਚੱਲ ਰਿਹਾ ਸੀ। ਇਨਕਲਾਬ ਦੇ ਪੰਧ 'ਚ ਔਕੜਾਂ ਕੋਈ ਅਨਹੋਣੀ ਗੱਲ ਨਹੀਂ ਹੁੰਦੀਆਂ। ਕਿਊਬਾ ਦਾ ਜ਼ਾਲਮ ਸ਼ਾਸ਼ਕ ਬਟਿਸਟਾ ਉਸਦੇ ਏਜੰਟ ਤੇ ਸੀ. ਆਈ. ਏ. ਦੇ ਸੂਹੀਏ ਗੁਰੀਲਾ ਕਾਰਵਾਈਆਂ ਤੋਂ ਤ੍ਰਭਕੇ ਗੁਰੀਲਿਆਂ ਨੂੰ ਗ੍ਰਿਫਤਾਰ ਕਰਨ ਦੀਆਂ ਗੋਦਾਂ ਗੁੰਦਣ ਲੱਗੇ। 22 ਜੂਨ 1956 ਨੂੰ ਮੈਕਸੀਕੋ ਪੁਲਿਸ ਨੇ ਫੀਦਲ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਵਿਰੁੱਧ ਪ੍ਰਗਤੀਸ਼ੀਲ ਹਲਕੇ ਹਰਕਤ 'ਚ ਆਏ। ਜਲਦ ਗੁਰੀਲੇ ਰਿਹਾਅ ਕਰਵਾ ਲਏ ਗਏ। ਬਾਹਰ ਆਉਂਦਿਆਂ 12 ਹਜ਼ਾਰ ਡਾਲਰ 'ਚ ਅੱਠ-ਦਸ ਸਵਾਰੀਆਂ ਵਾਲੀ ਕਿਸ਼ਤੀ (ਗਰੈਨਮਾ) ਖਰੀਦੀ ਗਈ। ਅੱਠ-ਦਸ ਯਾਤਰੂਆਂ ਦੀ ਸਮਰੱਥਾ ਵਾਲੀ ਕਿਸ਼ਤੀ 'ਚ ਖੁਰਾਕ ਤੇ ਹਥਿਆਰਾਂ ਨਾਲ ਲੈੱਸ 82 ਗੁਰੀਲੇ ਸਵਾਰ ਹੋ ਸਮੁੰਦਰੀ ਤੂਫਾਨਾਂ ਨੂੰ ਚੀਰਦੇ ਹੋਏ ਮੈਕਸੀਕੋ ਤੋਂ ਕਿਊਬਾ ਵੱਲ ਨੂੰ ਕੂਚ ਕਰਨ ਲੱਗੇ। ਕਿਸੇ ਠੀਕ ਹੀ ਕਿਹਾ 'ਬਹਾਦਰ ਦੀ ਕਦਰ ਇਕ ਬਹਾਦਰ ਹੀ ਕਰ ਸਕਦਾ ਹੈ।' ਅੱਜ ਵੀ ਦੁਨੀਆਂ ਭਰ ਦੇ ਬਹਾਦਰ ਲੋਕ ਉਹਨਾਂ ਸੂਰਮਿਆਂ ਦੀ ਦ੍ਰਿੜ ਪ੍ਰਤੀਬੱਧਤਾ ਵਾਲੀਆਂ ਕਾਰਵਾਈਆਂ ਨੂੰ ਸਲਾਮ ਕਰਦੇ ਹਨ। ਅਨੇਕਾਂ ਮੁਸੀਬਤਾਂ ਨੂੰ ਸਰ ਕਰਦੇ ਹੋਏ ਯੋਧੇ ਭੁੱਖੇ-ਤਿਹਾਏ 2 ਦਸੰਬਰ ਨੂੰ ਕਿਊਬਾ ਤੱਟ ਤੇ ਪਹੁੰਚੇ। ਦੁਸ਼ਮਣ ਦੀ ਜ਼ਾਲਮ ਫੌਜ ਨੇ ਹਵਾਈ ਜਹਾਜ਼ਾਂ ਤੇ ਵਰਦੀਆਂ ਗੋਲੀਆਂ ਨਾਲ ਗੁਰੀਲਿਆਂ ਦਾ 'ਸਵਾਗਤ' ਕੀਤਾ। ਉਹ 'ਨਿਓਟੇ' ਆਪਣੇ ਸੱਚੇ-ਸੁੱਚੇ ਮਹਾਨ ਮਕਸਦ ਨੂੰ ਹਾਸਲ ਕਰਨ ਦੇ ਭਰੋਸੇ ਦੀ 'ਓਟ' ਨਾਲ ਦੁਸ਼ਮਣ ਖਿਲਾਫ ਲੜੇ। ਪਹਿਲੀ ਹੀ ਲੜਾਈ 'ਚ 62 ਸ਼ਹੀਦ ਹੋਏ ਤੇ ਬਾਕੀ ਭੁੱਖੇ-ਭਿੱਜੇ ਤੇ ਬਿਮਾਰ 20 ਯੋਧੇ ਬਚੇ। ਗੁਰੀਲੇ ਆਪਣੀ ਘੱਟ ਤਜ਼ਰਬੇਕਾਰੀ ਤੇ ਰੁਚਾਂਟਿਕ ਇਨਕਲਾਬੀ ਪਹੁੰਚ ਦੀ ਪੜਚੋਲ ਕਰਦਿਆਂ, ਹਾਰਾਂ ਤੋਂ ਸਬਕ ਲੈਂਦਿਆਂ ਫਿਰ ਤੋਂ ਆਪਣੀ ਤਾਕਤ ਇਕੱਠੀ ਕਰਨ ਲੱਗੇ। ਗੁਰੀਲਾ ਯੁੱਧ ਲਈ ਆਧਾਰ ਇਲਾਕੇ ਦੇ ਭੂਗੋਲ, ਸੱਭਿਆਚਾਰ, ਭਾਸ਼ਾ ਤੇ ਲੋਕ ਮਾਨਸਿਕਤਾ ਨੂੰ ਸਮਝਦਿਆਂ ਕਿਸਾਨਾਂ-ਮਜ਼ਦੂਰਾਂ ਨਾਲ ਨੇੜਲੇ ਸੰਪਰਕ ਬਣਾਕੇ ਆਪਣੇ ਲੋਕ ਪੱਖੀ ਸਮਾਜ ਸਿਰਜਣ ਦੇ ਏਜੰਡੇ ਨੂੰ ਲੋਕਾਂ ਨਾਲ ਸਾਂਝਾ ਕੀਤਾ ਜਾਣ ਲੱਗਾ। ਉਹਨਾਂ ਸਮਝ ਲਿਆ ਸੀ ਕਿ ਸਧਾਰਨ ਮਜ਼ਦੂਰਾਂ ਕਿਸਾਨਾਂ ਅੰਦਰ ਡੂੰਘੀ ਵਿਚਾਰਧਾਰਕ ਸਿਆਸੀ ਸਿੱਖਿਆ ਦਾ ਪ੍ਰਚਾਰ-ਪ੍ਰਸਾਰ ਬੇਹੱਦ ਲੋੜੀਂਦਾ ਹੈ। ਜ਼ਾਲਮ ਬਟਿਸਟਾ ਦੇ ਸਿਪਾਹੀਆਂ ਨਾਲ ਗੁਰੀਲਾ ਜੰਗ ਲੜਦਿਆਂ ਚੀ ਦੀ ਪਹਿਲਕਦਮੀਂ ਤੇ ਉਸਦੀ ਸੰਪਾਦਕੀ ਹੇਠ ਪਹਾੜਾਂ 'ਚ 'ਅਲ ਕਿਊਬਾਨੋ ਲਿਬਰ' (ਆਜ਼ਾਦ ਕਿਊਬਾ) ਨਾਂ ਦਾ ਅਖਬਾਰ ਕੱਢਿਆ ਗਿਆ। ਚੀ ਨੇ ਜਿੱਤਾਂ-ਹਾਰਾਂ ਦੇ ਸਬਕਾਂ ਨੂੰ ਗ੍ਰਹਿਣ ਕਰਦਿਆਂ ਗੁਰੀਲਾ ਦਾਅ-ਪੇਚ ਘੜਨੇ ਸ਼ੁਰੂ ਕਰ ਦਿੱਤੇ, ਜੋ 1960 'ਚ ਲਿਖੀ ਉਸਦੀ ਪਹਿਲੀ ਪੁਸਤਕ 'ਗੁਰੀਲਾ ਜੰਗ' ਦਾ ਅੰਗ ਬਣੇ। ਪਹਿਲੀ ਹਾਰ ਤੋਂ ਸਬਕ ਲੈਂਦਿਆਂ 16 ਜਨਵਰੀ 1957 ਨੂੰ ਪੂਰੇ ਯੋਜਨਾਬੱਧ ਢੰਗ ਨਾਲ ਦੁਸ਼ਮਣ ਫੌਜੀ ਕੈਂਪ ਤੇ ਹਮਲਾ ਬੋਲਕੇ ਵੱਡੀ ਗਿਣਤੀ 'ਚ ਗੋਲੀ ਸਿੱਕਾ ਹਾਸਿਲ ਕੀਤਾ। ਕੈਦੀ ਤੇ ਜ਼ਖਮੀ ਸਿਪਾਹੀਆਂ ਨਾਲ ਪਿਆਰ ਭਰਿਆ ਸਲੂਕ ਕੀਤਾ ਗਿਆ। ਇਸ ਸ਼ਾਨਦਾਰ ਜਿੱਤ ਤੋਂ ਬਾਅਦ ਲੋਕਾਂ ਦਾ ਗੁਰੀਲਿਆ 'ਚ ਵਿਸ਼ਵਾਸ਼ ਵਧਿਆ, ਨਵੀਂ ਭਰਤੀ ਹੋਈ। ਇਹਨਾਂ ਸਭ ਲੜਾਈਆਂ ਦੇ ਕੌੜੇ-ਮਿੱਠੇ ਅਨੁਭਵਾਂ ਨੂੰ ਚੀ ਲਗਾਤਾਰ ਆਪਣੀ ਡਾਇਰੀ 'ਚ ਨੋਟ ਕਰਦਾ। ਕਈ ਮਹੀਨਿਆਂ ਦੀ ਗੁਰੀਲਾ ਜੰਗ ਦੌਰਾਨ ਚੀ ਹੁਣ ਇਕ ਤਕੜਾ ਪ੍ਰਬੰਧਕ, ਚਿੰਤਕ, ਦਾਅ-ਪੇਚਕ ਮਾਹਿਰ ਤੇ ਨਾਇਕ ਬਣ ਚੁੱਕਾ ਸੀ।

ਅਮਰੀਕੀ ਸ਼ਹਿ ਪ੍ਰਾਪਤ ਬਟਿਸਟਾ ਦੀ ਵੀਹ ਹਜ਼ਾਰ ਹਥਿਆਰਬੰਦ ਫੌਜ ਨਾਲ ਟੱਕਰ ਲੈਣ ਲਈ ਫੀਦਲ ਬਾਹਰਲੇ ਕ੍ਰਾਂਤੀਕਾਰੀ ਗਰੁੱਪਾਂ ਨਾਲ ਲਗਾਤਾਰ ਤਾਲਮੇਲ ਬਣਾ ਰਿਹਾ ਸੀ। ਉਸਨੇ '26 ਜੁਲਾਈ ਲਹਿਰ' ਨਾਂ ਦੀ ਗੁਪਤ ਜਥੇਬੰਦੀ ਨਾਲ ਸੰਪਰਕ ਸਥਾਪਤ ਕਰਕੇ ਚਲ ਰਹੇ ਯੁੱਧ ਵਿਚ ਹਥਿਆਰ, ਗੋਲੀ-ਸਿੱਕਾ, ਕੱਪੜੇ, ਦਵਾਈਆਂ, ਪੈਸੇ ਤੇ ਵਲੰਟੀਅਰ ਹਾਸਿਲ ਕਰਨ ਦਾ ਇਕਰਾਰ ਪ੍ਰਾਪਤ ਕੀਤਾ। ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਹਰਬਰਟ ਮੈਥੀਓ ਨੂੰ ਗੁਰੀਲਾ ਕੈਂਪ 'ਚ ਬੁਲਾ ਕੇ ਪੂਰੀ ਸਥਿਤੀ ਤੇ ਗੁਰੀਲਾ ਯੁੱਧ ਦੇ ਉਦੇਸ਼ ਨੂੰ ਦੇਸ਼ ਦੇ ਅੰਦਰ ਬਾਹਰ ਪ੍ਰਕਾਸ਼ਿਤ ਕਰਵਾਇਆ।

ਗੁਰੀਲਾ ਯੁੱਧ ਦੇ ਅੰਤ ਤੋਂ ਕੁੱਝ ਸਮਾਂ ਪਹਿਲਾਂ ਚੀ ਦਾ ਸੰਪਰਕ '26 ਜੁਲਾਈ ਲਹਿਰ' ਦੀ ਕਾਰਕੁੰਨ ਅਲੀਡਾ ਮਾਰਚ ਨਾਂ ਦੀ ਇਕ ਕਿਊਬੀਆਈ ਲੜਕੀ ਨਾਲ ਹੋਇਆ। ਕਿਊਬਾ ਦੀ ਜਿੱਤ ਤੋਂ ਬਾਅਦ ਚੀ ਨੇ ਆਪਣੀ ਪਹਿਲੀ ਪਤਨੀ ਤੋਂ ਤਲਾਕ ਲੈ ਅਲੀਡਾ ਨਾਲ ਵਿਆਹ ਕਰਵਾਇਆ। ਅਲੀਡਾ ਨੇ ਚਾਰ ਬੱਚਿਆਂ ਨੂੰ ਜਨਮ ਦਿੱਤਾ।

2 ਜੁਲਾਈ 1959 ਨੂੰ ਗੁਰੀਲਾ ਯੋਧਿਆਂ ਤੇ ਫੌਜ ਦੀ ਸਿੱਧੀ ਟੱਕਰ 'ਚ ਬਟਿਸਟਾ ਦੇ ਭਾੜੇ ਦੇ ਟੱਟੂਆਂ ਨੂੰ ਹਰਾ ਦਿੱਤਾ ਗਿਆ ਅਤੇ ਹਵਾਨਾਂ ਦੇ ਪੁਰਾਣੇ ਕਿਲੇ ਉਪਰ ਚੀ ਦੇ ਲੜਾਕਿਆਂ ਦਾ ਕਬਜ਼ਾ ਹੋ ਜਾਂਦਾ ਹੈ। ਇੰਝ ਸੱਤਾਂ ਸਾਲਾਂ ਦੌਰਾਨ ਵੀਹ ਹਜ਼ਾਰ ਕਿਊਬਨਾਂ ਨੂੰ ਕਤਲ ਕਰਨ ਵਾਲੇ ਬਟਿਸਟਾ



ਦੇ ਜ਼ਾਲਮ ਰਾਜ ਦਾ ਖਾਤਮਾ ਕਰ ਦਿੱਤਾ ਗਿਆ, ਅਖੀਰ ਦੋ ਸਾਲਾਂ ਦੇ ਬਹੁਤ ਹੀ ਘੱਟ ਅਰਸੇ 'ਚ 20 ਗੁਰੀਲਿਆਂ ਦੀ ਇਕ ਟੁਕੜੀ ਨੇ ਅਮਰੀਕੀ ਬਘਿਆੜ ਦੇ ਖੂਨੀ ਪੰਜਿਆਂ ਤੋਂ 90 ਕਿਲੋਮੀਟਰ ਦੂਰ ਨਿੱਕੇ ਜਿਹੇ ਟਾਪੂ ਕਿਊਬਾ ਵਿਚ ਇਨਕਲਾਬ ਕਰ ਦਿੱਤਾ। ਹੁਣ ਇਨਕਲਾਬ ਦੇ ਆਗੂਆਂ ਸਾਹਮਣੇ ਅਗਲਾ ਸਵਾਲ ਕਿਊਬਾ 'ਚ ਆਰਥਿਕ ਸਿਆਸੀ ਪ੍ਰੋਗਰਾਮ ਨੂੰ ਘੜਨਾ ਤੇ ਲਾਗੂ ਕਰਨਾ ਸੀ। ਸੋਵੀਅਤ ਯੂਨੀਅਨ ਦੀ ਹੋਂਦ ਤੇ ਸਹਿਯੋਗ ਨਾਲ ਕਿਊਬਾ ਦਾ ਇਨਕਲਾਬ ਨੇਪਰੇ ਚੜ੍ਹਿਆ ਤੇ ਅਗਲਾ ਆਰਥਿਕ ਸਿਆਸੀ ਪ੍ਰੋਗਰਾਮ ਵੀ ਸੰਸਾਰ ਵਿਚ ਸਮਾਜਵਾਦ ਦੀ ਮਾਂ-ਭੂਮੀ ਸੋਵੀਅਤ ਯੂਨੀਅਨ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਣ ਲੱਗਿਆ। ਮਈ 1959 ਦੇ ਜ਼ਰਈ ਸੁਧਾਰ ਕਾਨੂੰਨ ਤਹਿਤ ਵੱਡੇ ਬਾਗਾਂ, ਫਾਰਮਾਂ ਤੇ ਜ਼ਾਇਦਾਦਾਂ ਦਾ ਕੌਮੀਕਰਨ ਕੀਤਾ ਗਿਆ। ਚੀ ਨੂੰ ਪਹਿਲਾਂ ਦਸਤਕਾਰੀ ਵਿਭਾਗ ਦਾ ਮੁੱਖੀ ਤੇ ਫਿਰ ਨੈਸ਼ਨਲ ਬੈਂਕ ਆਫ ਕਿਊਬਾ ਦਾ ਪ੍ਰਧਾਨ ਬਣਾ ਦਿੱਤਾ ਗਿਆ। ਚੀ ਛੱਤੀ-ਛੱਤੀ ਘੰਟੇ ਸਖਤ ਮੇਹਨਤ ਕਰਦਾ। ਉਹ ਨਿੱਜੀ ਸੁੱਖ ਅਰਾਮ ਨੂੰ ਤਰਜੀਹ ਨਹੀਂ ਸੀ ਦਿੰਦਾ। ਗੁਰੀਲਾ ਜੰਗ ਸਮੇਂ ਵੀ ਉਸਦਾ ਮਿਸ਼ਨ ਸਭ ਤੋਂ ਔਖਾ ਸੀ। 'ਸਮਾਜਵਾਦ ਅਧੀਨ ਮਨੁੱਖ ਦਾ ਵਿਕਾਸ' ਉਸਦੀ ਮੁੱਖ ਚਿੰਤਾ ਸੀ। ਜੰਗਲੀ ਗੁਰੀਲਾ ਮੁਹਿੰਮਾਂ ਦੀ ਤੇਜ਼ੀ ਵਾਂਗ ਇਨਕਲਾਬ ਤੋਂ ਬਾਅਦ ਵੀ ਚੀ ਲਗਾਤਾਰ ਆਪਣੇ ਪਿਆਰੇ ਲੋਕਾਂ ਦੀ ਬੇਹਤਰ ਜ਼ਿੰਦਗੀ ਲਈ ਅਥਾਹ ਊਰਜਾ ਨਾਲ ਕੰਮਾਂ 'ਚ ਜੁਟਿਆ ਰਹਿੰਦਾ। ਆਪਣੇ ਬੇਹੱਦ ਰੁਝੇਵਿਆਂ ਭਰੇ ਕੰਮਾਂ-ਕਾਰਾਂ ਚੋਂ ਸਮਾਂ ਕੱਢਕੇ ਮਾਰਕਸਵਾਦ ਦਾ ਬੜੀ ਦਿਲਚਸਪੀ ਨਾਲ ਅਧਿਐਨ ਕਰਦਾ। ਸੰਸਾਰ ਇਤਿਹਾਸ ਇਨਕਲਾਬੀ ਨੌਜਵਾਨਾਂ ਦੀਆਂ ਮਹਾਨ ਪ੍ਰਾਪਤੀਆਂ ਤੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਪਰ ਛੋਟੀ ਉਮਰ 'ਚ ਗੁਰੀਲਾ ਯੁੱਧਨੀਤੀ ਤੇ ਹੋਰ ਜਿੰਨੇ ਅਨੁਭਵ ਚੀ ਨੇ ਹਾਸਲ ਕੀਤੇ ਦੁਨੀਆਂ ਦਾ ਸ਼ਾਇਦ ਹੀ ਕੋਈ ਹੋਰ ਨੌਜਵਾਨ ਹੋਵੇ ਜਿਸਨੂੰ ਇਹ ਮਾਣ ਪ੍ਰਾਪਤ ਹੋਵੇ।

ਇੰਨੀ ਦਿਨੀਂ ਦੁਸ਼ਮਣ ਤੇ ਪਿਛਾਂਹਖਿਚੂ ਤਾਕਤਾਂ ਨੇ ਚੀ ਨੂੰ ਗੁਆਟੇਮਾਲਾ ਇਨਕਲਾਬ ਦਾ ਰੱਖਿਅਕ, ਸੀਅਰਾਂ ਮੈਸਤਰਾਂ ਦੇ ਵਿਦਰੋਹੀ ਇਨਕਲਾਬ 'ਚ ਹਿੱਸਾ ਲੈਣ ਵਾਲਾ, ਸਾਂਤਾ ਕਲਾਰਾ ਨੂੰ ਮੁਕਤ ਕਰਵਾਉਣ ਵਾਲਾ, ਕਿਊਬਾ ਨੂੰ 'ਲਾਲ ਬਸਤੀ' 'ਚ ਬਦਲਣ ਵਾਲਾ 'ਮਾਸਕੋ ਤੋਂ ਭੇਜਿਆ' ਏਜੰਟ ਵਜੋਂ ਪ੍ਰਚਾਰਿਆ। ਅਮਰੀਕੀ ਖੁਫੀਆ ਏਜੰਟਾਂ ਨੇ ਉਸਦਾ ਨਾਂ 'ਖਤਰਨਾਕ ਕਮਿਊਨਿਸਟਾਂ' ਦੀ ਸੂਚੀ ਵਿਚ ਦਰਜ ਕੀਤਾ। ਮੈਕਸਿਕੋ ਦੇ ਅਖਬਾਰ 'ਅਕਸੈਲੀਅਰ' ਨੇ ਚੀ ਨੂੰ 'ਖਤਰਨਾਕ ਕੌਮਾਂਤਰੀ ਕਮਿਊਨਿਸਟ ਐਜੀਟੇਟਰ' ਕਿਹਾ।

1960-65 ਦੇ ਸਾਲਾਂ ਦੌਰਾਨ ਚੀ ਨੇ ਦੱਖਣੀ ਅਮਰੀਕਾ, ਅਫਰੀਕਾ ਤੇ ਏਸ਼ੀਆ ਦੇ ਅਨੇਕਾਂ ਦੇਸ਼ਾਂ ਦੇ ਦੌਰੇ ਕੀਤੇ। ਇਹਨਾਂ ਦੇਸ਼ਾਂ ਨਾਲ ਸੰਧੀਆਂ ਸਮਝੌਤੇ ਸਹੀਬੰਦ ਕੀਤੇ। ਕੌਮਾਂਤਰੀ ਮੰਚ ਉਪਰ ਮਹੱਤਵਪੂਰਨ ਤਕਰੀਰਾਂ ਕੀਤੀਆਂ। ਅਪ੍ਰੈਲ 1965 ਨੂੰ ਚੀ ਅਫਰੀਕੀ-ਏਸ਼ੀਆਈ ਏਕਤਾ ਸੰਮੇਲਨ ਤੋਂ ਕਿਊਬਾ ਪਰਤ ਫੀਦਲ ਨੂੰ ਵਿਦਾਇਗੀ ਪੱਤਰ ਸੌਂਪ ਕੇ ਅਫਰੀਕੀ ਮਹਾਂਦੀਪੀ ਦੇਸ਼ਾਂ 'ਚ ਚੱਲ ਰਹੇ ਗੁਰੀਲਾ ਯੁੱਧ ਦਾ ਜਾਇਜ਼ਾ ਲੈਣ ਲਈ ਦੁਨੀਆਂ ਦੀ ਨਜ਼ਰ ਤੋਂ ਭੇਦ ਭਰੇ ਢੰਗ ਨਾਲ ਅਲੋਪ ਹੋ ਜਾਂਦਾ ਹੈ।

11 ਫਰਵਰੀ 1959 ਨੂੰ '26 ਜੁਲਾਈ ਲਹਿਰ' ਦੇ ਤਰਜਮਾਨ ਅਖਬਾਰ 'ਰੈਵੋਲੂਸ਼ਨ' 'ਚ ਚੀ ਦਾ ਪਹਾੜੀਵਾਸ ਸਮੇਂ ਲਿਖਿਆ ਲੇਖ 'ਗੁਰੀਲਾ ਕੀ ਹੈ' ਛਾਪਿਆ ਗਿਆ। ਅਖਬਾਰਾਂ ਵਿਚਲੇ ਲੇਖਾਂ ਤੋਂ ਇਲਾਵਾ ਚੀ ਨੇ ਅਨੇਕਾਂ ਮਸਲਿਆਂ ਦੇ ਸਬੰਧ 'ਚ ਪੈਂਫਲੈਂਟ ਵੀ ਲਿਖੇ। ਉਸਦੀਆਂ 100 ਤੋਂ ਵੱਧ ਰਚਨਾਵਾਂ ਛਪ ਚੁੱਕੀਆਂ ਹਨ। ਵਿਸ਼ਵ ਪ੍ਰਸਿੱਧ ਲੇਖਕਾਂ ਤੇ ਵਿਗਿਆਨੀਆਂ ਨਾਲ ਚੀ ਦੀ ਚੰਗੀ ਮਿੱਤਰਤਾ ਸੀ। ਪਹਿਲਾ ਪੁਲਾੜ ਯਾਤਰੀ ਯੂਰੀ ਗਗਾਰਿਨ ਤੇ ਬੋਰਿਸ ਪਲੇਵੋਈ ਵਰਗੇ ਸੰਸਾਰ ਪ੍ਰਸਿੱਧ ਲੇਖਕ ਉਸਦੇ ਖਾਸ ਦੋਸਤਾਂ 'ਚ ਸ਼ੁਮਾਰ ਸਨ।

ਚੀ ਦਾ ਵਿਸ਼ਵਾਸ਼ ਸੀ ਕਿ ਸਮਾਜ ਭਾਲਾਈ ਸਵੈ ਇੱਛੁਕ ਕਿਰਤ ਇਨਕਲਾਬੀ ਸੂਝ ਨੂੰ ਵਧਾਉਂਦੀ ਹੈ ਅਤੇ ਨਵੇਂ ਸਮਾਜਵਾਦੀ ਇਖਲਾਕ ਦੇ ਤੱਤ ਦੀ ਲਖਾਇਕ ਹੈ। ਇਸੇ ਸੇਧ ਅਨੁਸਾਰ ਉਹ ਖੁਦ ਸਖਤ ਮਿਹਨਤ ਕਰਦਿਆਂ ਨਿੱਜੀ ਮਿਸ਼ਾਲਾਂ ਕਾਇਮ ਕਰਦਾ। ਇਸੇ ਕਾਰਨ ਅਗਸਤ 1964 'ਚ ਉਸਨੂੰ 240 ਘੰਟਿਆਂ ਦੇ ਰਜ਼ਾਕਾਰੀ (ਸਵੈ ਇੱਛੁਕ) ਕੰਮ ਲਈ 'ਕਮਿਊਨਿਸਟ ਕਿਰਤ ਦਾ ਤੂਫਾਨੀ ਵਰਕਰ' ਦਾ ਆਨਰੇਰੀ ਖਿਤਾਬ ਦਿੱਤਾ ਗਿਆ। ਜਨਰਲ ਹੈਡਕੁਆਟਰ ਦਫਤਰ ਦੇ ਇੰਚਾਰਜ ਸੀਲੀਆ ਸੰਚੇਜ ਨੇ ਚੀ ਨੂੰ ਪੰਜ ਨੁਕਰਾ ਤਾਰਾ ਸਨਮਾਨ ਵਜੋਂ ਭੇਂਟ ਕੀਤਾ, ਜਿਸਨੂੰ ਉਹ ਆਪਣੀ ਟੋਪੀ ਉਪਰ ਲਗਾਕੇ ਰੱਖਦਾ ਸੀ।

ਚੀ ਅਮਰੀਕੀ ਸਾਮਰਾਜ ਵਿਰੋਧੀ ਹਰ

ਅਵਾਜ਼ ਨੂੰ, ਹਰ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਪੂਰਾ ਤਤਪਰ ਸੀ। ਆਲੋਪ ਹੋਣ ਤੋਂ ਪਹਿਲਾਂ ਉਸਦੇ ਐਫਰੋ-ਏਸ਼ੀਅਨ ਸਾਲੀਡੈਰਿਟੀ ਆਰਗੇਨਾਈਜ਼ੇਸ਼ਨ ਦੇ ਇਕ ਸੈਮੀਨਾਰ 'ਚ ਕਹੇ ਇਹ ਸ਼ਬਦ ਕਾਫੀ ਮਹੱਤਵਪੂਰਨ ਹਨ ਇਸ ਸੰਘਰਸ਼ 'ਚ ਮਰ ਮਿਟਣ ਲਈ ਕੋਈ ਹੱਦਬੰਦੀਆਂ ਨਹੀਂ ਹਨ। ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਜੋ ਕੁਝ ਵੀ ਵਾਪਰ ਰਿਹਾ ਹੋਵੇ, ਅਸੀਂ ਉਸਤੋਂ ਬੇਮੁੱਖ ਨਹੀਂ ਰਹਿ ਸਕਦੇ। ਸਾਮਰਾਜ ਦੇ ਵਿਰੁੱਧ ਕਿਸੇ ਵੀ ਦੇਸ਼ ਦੀ ਜਿੱਤੀ ਜਿੱਤ ਸਾਡੀ ਜਿੱਤ ਹੈ। ਕਿਸੇ ਵੀ ਦੇਸ਼ ਦੀ ਹੋਈ ਹਾਰ ਸਾਡੀ ਆਪਣੀ ਹਾਰ ਹੈ। ਪ੍ਰੋਲੇਤਾਰੀ ਕੌਮਾਂਤਰੀਵਾਦ ਦਾ ਅਮਲ ਚੰਗੇਰੇ ਭਵਿੱਖ ਲਈ ਲੜਨ ਵਾਲੇ ਲੋਕਾਂ ਦਾ ਸਿਰਫ ਫਰਜ਼ ਹੀ ਨਹੀਂ, ਸਗੋਂ ਇਹ ਐਸੀ ਜ਼ਰੂਰਤ ਹੈ, ਜਿਸਤੋਂ ਬਚਨਾ ਅਸੰਭਵ ਹੈ। ਜੇ ਏਕਤਾ ਲਈ ਹੋਰ ਕੋਈ ਆਧਾਰ ਨਾ ਵੀ ਹੋਵੇ ਤਾਂ ਸਾਂਝਾ ਦੁਸ਼ਮਣ ਇਕੋ ਹੀ ਹੈ। ਸਾਮਰਾਜ ਵਿਰੁੱਧ ਘੋਲ ਨੂੰ ਹੋਰ ਮਜ਼ਬੂਤ ਕਰਨ ਲਈ ਗੁਵੇਰਾ ਦੱਖਣੀ ਅਫਰੀਕਾ ਦੇ ਦੇਸ਼ ਕਾਂਗੋ ਨੂੰ ਆਪਣੀ ਅਗਲੀ ਗੁਰੀਲਾ ਮੁਹਿੰਮ ਦਾ ਕੇਂਦਰ ਮਿੱਥਦਾ ਹੈ। 24 ਅਪ੍ਰੈਲ ਨੂੰ ਚੀ ਆਪਣੇ 13 ਜੰਗਜੂਆਂ ਸਮੇਤ ਕਾਂਗੋ ਦੇ ਨੀਕਾ ਤੱਟ ਉਤੇ ਪਹੁੰਚ ਜਾਂਦਾ ਹੈ, ਤੇ ਜਲਦੀ ਹੀ ਸਮਝ ਜਾਂਦਾ ਹੈ ਕਿ ਕਾਂਗੋ ਦੇ ਬਾਗੀਆਂ ਵਿਚ ਅਨੁਸ਼ਾਸ਼ਨ ਤੇ ਰਾਜਨੀਤਿਕ ਚੇਤਨਾ ਦੀ ਬਹੁਤ ਘਾਟ ਹੈ। ਇਹਨਾਂ ਬਾਗੀਆਂ ਦੀਆਂ ਕਮਜ਼ੋਰੀਆਂ ਕਾਰਨ ਕਿਊਬਾ ਦੇ ਗੁਰੀਲਿਆਂ ਨੂੰ ਆਪਣਾ ਮਨੋਬਲ ਕਾਇਮ ਰੱਖਣ ਲਈ ਲਗਾਤਾਰ ਇਮਤਿਹਾਨ ਚੋਂ ਗੁਜ਼ਰਨਾ ਪੈਂਦਾ। ਇਹ ਦਿਨ ਚੀ ਲਈ ਬੜੀਆਂ ਕਠਨ ਔਕੜਾਂ ਦੇ ਦਿਨ ਸਨ। ਚੀ ਨੂੰ ਦਮੇ ਦੇ ਗੰਭੀਰ ਅਟੈਕ ਹੁੰਦੇ। ਲਗਾਤਾਰ ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋ ਰਹੇ ਭੁੱਖੇ-ਪਿਆਸੇ, ਜ਼ਖਮੀ ਗੁਰੀਲੇ ਅਕਸਰ ਆਪਣਾ ਸੰਤੁਲਨ ਖੋ ਬੈਠਦੇ। ਚੀ ਨੂੰ ਲਗਾਤਾਰ ਹਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸਦੀ ਡਾਇਰੀ ਦੇ ਪੰਨੇ ਦਰਸਾਉਂਦੇ ਹਨ ਕਿ ਉਸਦੀ ਸਵੈ-ਆਲੋਚਨਾ ਤੇ ਗਲਤੀਆਂ ਨੂੰ ਸਵੀਕਾਰਦਿਆਂ ਦਰੁਸਤ ਕਰਨ ਦੀ ਪਹੁੰਚ ਕਮਾਲ ਦੀ ਸੀ। ਪੈਰ-ਪੈਰ ਤੇ ਕਾਂਗੋ ਵਿਚਲੀਆਂ ਹਾਰਾਂ ਤੋਂ ਬਾਅਦ ਚੀ ਕਿਊਬਾ ਵਾਪਸ ਪਰਤਣ ਦੀ ਬਜਾਏ ਕਿਸੇ ਹੋਰ ਬਾਗੀ ਧਰਤ ਦੀ ਤਲਾਸ਼ ਕਰਨ ਲੱਗਾ।

ਓਧਰ ਚੀ ਦੇ ਆਲੋਪ ਹੋਣ ਦੀਆਂ ਅਨੇਕਾਂ ਅਫਵਾਹਾਂ ਅਮਰੀਕੀ ਏਜੰਟਾਂ ਦੁਆਰਾ ਫੈਲਾਈਆਂ ਜਾਣ ਲੱਗੀਆਂ ਜਿਸਦਾ ਸਮੇਂ-ਸਮੇਂ ਫੀਦਲ ਕਾਸਤਰੋ ਨੇ ਖੰਡਨ ਕੀਤਾ। 20 ਅਪ੍ਰੈਲ 1965 ਨੂੰ ਕਾਸਤਰੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੈਂ ਸਿਰਫ ਇਹ ਦੱਸ ਸਕਦਾ ਹਾਂ ਕਿ ਮੇਜਰ ਚੀ ਹਮੇਸ਼ਾ ਹੀ ਉਥੇ ਹੋਵੇਗਾ, ਜਿੱਥੇ ਉਹ ਇਨਕਲਾਬ ਲਈ ਸਭ ਤੋਂ ਵੱਧ ਲੋੜੀਦਾ ਹੈ ਅਤੇ ਇਹ ਕਿ ਸਾਡੇ ਸਬੰਧ ਵਧੀਆ ਹਨ, ਸਾਡੇ ਪਹਿਲੀ ਵਾਰ ਮਿਲਣ ਸਮੇਂ ਨਾਲੋਂ ਵੀ ਵਧੀਆ। ਇਧਰ 3 ਨਵੰਬਰ 1966 ਨੂੰ ਚੀ ਭੇਸ ਬਦਲਕੇ ਬੋਲਵੀਆ 'ਚ ਦਾਖਲ ਹੁੰਦਾ ਹੈ ਤੇ ਗੁਰੀਲਾ ਯੁੱਧ ਆਰੰਭ ਕਰਨ ਦੀ ਤਿਆਰੀ ਕਰਨ ਲੱਗ ਜਾਂਦਾ ਹੈ। ਗੁਰੀਲਾ ਕੈਂਪ ਸਥਾਪਤ ਕਰਕੇ ਟਰੇਨਿੰਗ ਦੇ ਨਾਲ-ਨਾਲ ਸਿਆਸੀ ਸਿੱਖਿਆ ਦੀ ਸਿਖਲਾਈ ਵੀ ਦਿੱਤੀ ਜਾਂਦੀ। ਚੀ ਲਗਾਤਾਰ ਮੁਹਿੰਮਾਂ ਤੇ ਸਖਤ ਖਤਰੇ ਵਾਲੀਆਂ ਹਾਲਤਾਂ 'ਚ ਰਹਿੰਦਿਆਂ ਹੋਇਆਂ ਵੀ ਅਧਿਐਨ ਕਰਨਾ ਨਾ ਭੁੱਲਦਾ।

ਦੁਸ਼ਮਣ ਨੂੰ ਬੋਲਵੀਆ 'ਚ ਗੁਰੀਲਾ ਕੈਂਪ ਦੀ ਸੂਹ ਮਿਲ ਗਈ। ਜੰਗ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਈ। ਦੋਵਾਂ ਪਾਸਿਆਂ ਤੋਂ ਸਿੱਧੀਆਂ ਝੜਪਾਂ ਹੋਣ ਲੱਗੀਆਂ। ਅਮਰੀਕੀ ਸਰਕਾਰ ਨੂੰ ਪਤਾ ਲੱਗਣ ਤੇ ਕਿ ਗੁਰੀਲਾ ਯੁੱਧ ਦੀ ਅਗਵਾਈ ਚੀ ਗੁਵੇਰਾ ਕਰ ਰਿਹਾ ਹੈ ਤਾਂ ਸਪੈਸ਼ਲ ਅਮਰੀਕੀ ਸੈਨਿਕ ਨਫਰੀ ਇਹਨਾਂ ਖੇਤਰਾਂ 'ਚ ਭੇਜੀ ਜਾਣ ਲੱਗੀ। ਇਸ ਲੰਮੀ ਤੇ ਸਖਤ ਗੁਰੀਲਾ ਜੰਗ ਦੌਰਾਨ ਚੀ ਸਮੇਤ ਜ਼ਿਆਦਾਤਰ ਜੰਗਜੂੰ ਬਿਮਾਰ ਰਹਿਣ ਲੱਗੇ ਉਪਰੋਂ ਦਵਾਈਆਂ ਦੀ ਘਾਟ। ਥਕਾ ਦੇਣ ਵਾਲਾ ਮੀਲਾਂ ਲੰਮਾ ਸਫਰ। ਖੁਰਾਕ ਦੀ ਕਮੀ ਕਾਰਨ ਇੱਲਾਂ, ਤੋਤੇ, ਘੋੜੇ ਤੇ ਖੱਚਰਾਂ ਨੂੰ ਮਾਰ ਕੇ ਖਾਣਾ ਪੈਂਦਾ। ਦੁਸ਼ਮਣ ਨਾਲ ਝੜਪਾਂ 'ਚ ਚੀ ਦੇ ਸਾਥੀ ਇਕ-ਇਕ ਕਰਕੇ ਮਾਰੇ ਜਾਣ ਲੱਗੇ। ਹੁਣ ਤੱਕ ਚੀ 'ਤਾਨੀਆ' ਵਰਗੀ ਜਾਂਬਾਜ਼ ਗੁਰੀਲਾ ਮੁਟਿਆਰ ਵੀ ਗੁਆ ਚੁੱਕਾ ਸੀ। ਕੇਵਲ ਵੀਹ ਗੁਰੀਲੇ ਬਾਕੀ ਬਚੇ ਸਨ। ਭੁੱਖੇ-ਪਿਆਸੇ ਤੇ ਬਿਮਾਰੀ ਨਾਲ ਚੂਰ ਹੋਏ ਗੁਰੀਲੇ ਇਕ ਦਿਨ ਆਲਟੋ ਸੀਕੋ ਦੀਆਂ ਪਹਾੜੀ ਖੱਡਾਂ 'ਚ ਘਿਰ ਗਏ। ਤਿੰਨ ਦਿਨ ਦੇ ਸਖਤ ਘੇਰੇ ਤੇ ਹਮਲੇ ਤੋਂ ਬਾਅਦ ਜ਼ਿਆਦਾਤਰ ਗੁਰੀਲੇ ਲੜਦੇ ਹੋਏ ਸ਼ਹੀਦ ਹੋ ਗਏ। ਚੀ ਨੂੰ ਵਿਲੀ ਤੇ ਚੀਨੋ ਸਮੇਤ ਗ੍ਰਿਫਤਾਰ ਕਰਕੇ ਲਾ-ਹੀਗੂਰਾ ਸਕੂਲ 'ਚ ਸਖਤ ਫੌਜ਼ੀ ਪਹਿਰੇ ਹੇਠ ਰੱਖਿਆ ਗਿਆ। ਅਗਲੇ ਦਿਨ 9 ਅਕਤੂਬਰ 1967 ਨੂੰ ਸੀ.ਆਈ.ਏ. ਦੇ ਅਧਿਕਾਰੀ ਫੀਲੈਕਸ ਰੋਡਰਿਗੀਜ ਤੇ ਕਰਨਲ ਇਨ ਜੈਨਟੀਨੋ ਨੇ 30 ਮਿੰਟ ਚੀ ਤੋਂ ਪੁੱਛਗਿੱਛ ਕੀਤੀ। ਚੀ ਮਨਾਮੱਤੇ ਢੰਗ ਨਾਲ ਗੱਲ ਕਰਦਾ ਰਿਹਾ। ਉਸਨੇ ਆਪਣੇ ਦੁਸ਼ਮਣ ਸਾਹਮਣੇ ਬਿਲਕੁਲ ਮੂੰਹ ਨਹੀਂ ਖੋਲਿਆ। ਸਾਢੇ ਬਾਰਾਂ ਵਜੇ ਫੌਜੀ ਹਾਈਕਮਾਂਡ ਤੇ ਉਸ ਸਮੇਂ ਇਨਕਲਾਬ ਦੇ ਵਿਰੁੱਧ ਉਲਟ ਇਨਕਲਾਬ ਕਰਨ 'ਚ ਰੁੱਝੇ ਹੋਏ ਸਾਮਰਾਜੀ ਪ੍ਰਲਸੀਏ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਚੀ ਨੂੰ ਗੋਲੀ ਮਾਰ ਦੇਣ ਦੇ ਹੁਕਮ ਆਏ। ਸੀ.ਆਈ.ਏ. ਅਧਿਕਾਰੀ ਰੋਡਰਿਗੀਜ ਨੇ ਚੀ ਨੂੰ ਬਾਹਰ ਕੱਢਕੇ ਇਕ ਫੋਟੋ ਲਈ ਤੇ ਮਾਰੀਓ ਤੇਰਿਨ ਨਾਂ ਦੇ ਕਾਤਲ ਨੇ 1:10 ਵਜੇ ਚੀ ਨੂੰ ਗੋਲੀ ਮਾਰ ਦਿੱਤੀ। ਮੌਤ ਤੋਂ ਪਹਿਲਾਂ ਉਸ ਮਹਾਨ ਸ਼ਹੀਦ ਦੇ ਬੋਲ ਸਨ ਕਿ ਮੈਨੂੰ ਪਤਾ ਹੈ ਤੂੰ ਮੈਨੂੰ ਗੋਲੀ ਮਾਰਨ ਆਇਆਂ ਹੈ। ਬੁਜ਼ਦਿਲ ਮਾਰਦੇ ਗੋਲੀ। ਤੂੰ ਸਿਰਫ ਇਕ ਆਦਮੀ ਨੂੰ ਗੋਲੀ ਮਾਰਨ ਲੱਗਾ ਹੈ।

ਉਸ ਗੁਰੀਲਾ ਯੋਧੇ ਦੀ ਯਾਦ 'ਚ 18 ਅਕਤੂਬਰ 1967 ਨੂੰ ਹਵਾਨਾ ਵਿਖੇ 10 ਲੱਖ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਾਸਤਰੋ ਨੇ ਕਿਹਾ ਕਿ ਜੇ ਸਾਨੂੰ ਇਕ ਮਨੁੱਖੀ ਮਾਡਲ ਚਾਹੀਦਾ ਹੋਵੇ, ਜੋ ਸਾਡੇ ਸਮਿਆਂ ਨਾਲ ਹੀ ਨਹੀਂ, ਸਗੋਂ ਭਵਿੱਖ ਲਈ ਹੋਵੇ ਤਾਂ ਮੈਂ ਆਪਣੇ ਦਿਲ ਦੀਆਂ ਡੂੰਘਾਈਆਂ ਵਿਚੋਂ ਆਖਾਂਗਾ ਕਿ ਉਸਦੇ ਆਚਰਨ ਉਤੇ ਇਕ ਵੀ ਦਾਗ ਨਹੀਂ ਸੀ, ਉਸਦੇ ਸ਼ਿਸ਼ਟਾਚਾਰ ਉਤੇ ਸਹੁੰ ਖਾ ਕੇ ਇਕ ਵੀ ਚੱਟਾਕ ਨਹੀਂ ਸੀ ਤੇ ਉਹ ਚੀ ਹੈ। ਜੇ ਅਸੀਂ ਇਹ ਪ੍ਰਗਟ ਕਰਨਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਕਿਸ ਤਰਾਂ ਦੇ ਹੋਣ ਤਾਂ ਸਾਨੂੰ ਉਤਸ਼ਾਹਪੂਰਨ ਕ੍ਰਾਂਤੀਕਾਰੀਆਂ ਵਾਂਗ ਆਪਣੇ ਹਿਰਦਿਆਂ ਵਿਚੋਂ ਕਹਿਣਾ ਚਾਹੀਦਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਬੱਚੇ ਚੀ ਵਰਗੇ ਹੋਣ। ਚੀ ਮੁੱਖ ਰੂਪ ਵਿਚ ਕਰਤੱਵ ਦਾ ਮਨੁੱਖ ਸੀ, ਇਕ ਸੈਨਿਕ, ਇਕ ਆਗੂ, ਇਕ ਮਿਲਟਰੀ ਹਸਤੀ, ਇਕ ਗੁਰੀਲਾ, ਇਕ ਮਿਸਾਲੀ ਮਨੁੱਖ ਉਹ ਉਸ ਮਨੁੱਖ ਦਾ ਮਾਡਲ ਸੀ, ਜੋ ਨਿਆਂਕਾਰੀ, ਪਾਰਦਰਸ਼ੀ, ਪਵਿੱਤਰ, ਦਲੇਰ ਅਤੇ ਆਪਣੇ ਸਾਥੀ ਮਨੁੱਖਾ ਨਾਲ ਨਿੱਗਰ ਤੌਰ ਤੇ ਇਕਮੁੱਠ ਸੀ। ਫੀਦਲ ਨੇ 8 ਅਕਤੂਬਰ ਦਾ ਦਿਨ 'ਸੂਰਬੀਰ ਗੁਰੀਲਾ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ। 17 ਅਕਤੂਬਰ 1967 ਨੂੰ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਕਿਊਬਾ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਇਕ ਤਾਰ 'ਚ ਕਿਹਾ ਕਿ ਸੋਵੀਅਤ ਯੂਨੀਅਨ ਦੇ ਕਮਿਊਨਿਸਟਾਂ ਨੂੰ ਕਾਮਰੇਡ ਅਰਨੈਸਟੋ ਚੀ ਗੁਵੇਰਾ ਦੀ ਮੌਤ ਦੀ ਖਬਰ ਉਤੇ ਡੂੰਘਾ ਦੁੱਖ ਹੋਇਆ। ਕਾਮਰੇਡ ਚੀ ਨੇ ਦਮਨ ਅਤੇ ਲੁੱਟ-ਚੋਂਘ ਤੋਂ ਲੋਕਾਂ ਨੂੰ ਮੁਕਤ ਕਰਾਉਣ ਦੇ ਮਹਾਨ ਕਾਜ ਲਈ ਆਪਣੀ ਜਾਨ ਦਿੱਤੀ। ਉਹ ਹਮੇਸ਼ਾ ਹੀ ਸਾਡੀ ਯਾਦ ਵਿਚ ਨਿਧੜਕ ਇਨਕਲਾਬੀ, ਲਾਮਿਸਾਲ ਰੂਹਾਨੀ ਖੂਬੀਆਂ ਅਤੇ ਅਮਿਣਵੇਂ ਸਮਰਥਨ ਵਾਲੇ ਆਦਮੀ ਵਜ਼ੋਂ ਯਾਦ ਰਹੇਗਾ। ਵਿਸ਼ਵ ਚਿੰਤਕ ਤੇ ਫਰਾਂਸਿਸੀ ਲੇਖਕ ਜੀਨ-ਪਾਲ ਸਾਰਤਰ ਮੁਤਾਬਿਕ 'ਚੀ ਆਪਣੇ ਯੁੱਗ ਦਾ ਸਭ ਤੋਂ ਵੱਧ ਮੁਕੰਮਲ ਇਨਸਾਨ' ਸੀ।

ਚੀ ਦੀ ਕਬਰ ਸੰਸਾਰ ਭਰ ਦੇ ਲੋਕਾਂ ਲਈ ਇਕ ਯਾਦਗਰ ਚਿੰਨ ਨਾ ਬਣ ਜਾਵੇ ਇਸ ਲਈ ਉਸਨੂੰ ਬੰਦੀ ਬਣਾਕੇ ਮਾਰਨ ਵਾਲੇ ਕਾਇਰ ਅਮਰੀਕੀ ਹਾਕਮ ਉਸਦੀ ਲਾਸ਼ ਤੋਂ ਵੀ ਖੌਫਜ਼ਦਾ ਸਨ ਉਹਨਾਂ ਮਹਾਨ ਸੂਰਮੇ ਦੇ ਦੋਵੇਂ ਹੱਥ ਵੱਢਕੇ ਬਾਕੀ ਦੇਹ ਨੂੰ ਕਿਸੇ ਅਣਦੱਸੀ ਥਾਂ ਦਫਨਾ ਦਿੱਤਾ। ਚੀ ਦੀ ਦਫਨ ਕੀਤੀ ਦੇਹ ਦਾ ਪਤਾ ਉਸਦੀ ਸ਼ਹੀਦੀ ਤੋਂ 30 ਸਾਲ ਬਾਅਦ 1996 'ਚ ਲੈਫਟੀਨੈਟ ਕਰਨਲ ਐਡਰੀਸ ਸਾਲੀਚ ਦੀ ਵਿਧਵਾ ਪਤਨੀ ਸਕੋਰੀ ਤੋਂ ਚੀ ਦੀ ਜੀਵਨੀ ਲਿਖਣ ਵਾਲੇ ਖੋਜੀ ਲੇਖਕ ਜੋਨ-ਲੀ-ਐਂਡਰਸਨ ਨੇ ਲਗਾਇਆ। ਅਕਤੂਬਰ 1997 ਨੂੰ ਪੂਰੇ ਸਤਿਕਾਰ ਨਾਲ ਚੀ ਦੀ ਦੇਹ ਨੂੰ ਵੈਲੀ ਗਰਾਂਡੇ (ਬੋਲਵੀਆ) ਹਵਾਈ ਅੱਡੇ ਲਾਗਿਓਂ ਖੁਦਾਈ ਕਰਕੇ ਫੀਦਲ ਨੂੰ ਸੌਂਪਿਆਂ ਗਿਆ। ਇਸ ਸਮੇਂ ਕਾਸਤਰੋ ਨੇ ਕਿਹਾ ਕਿ ਉਹ ਪਹਿਲਾਂ ਨਾਲੋਂ ਅੱਜ ਕਿਤੇ ਵੱਧ ਜੀਵਿਤ ਹੈ। ਡਾਕਟਰ ਆਰਗੁਏਰਸ ਦੇ ਯਤਨਾਂ ਸਦਕਾ ਚੀ ਦੇ ਹੱਥਾਂ ਨੂੰ ਸੁਰੱਖਿਅਤ ਕਿਊਬਨ ਲੋਕਾਂ ਦੇ ਹਵਾਲੇ ਕੀਤਾ ਗਿਆ ਜਿਸਨੂੰ ਪੂਰੇ ਸਨਮਾਣਯੋਗ ਢੰਗ ਨਾਲ ਸਾਂਭ ਕੇ ਰੱਖਿਆ ਗਿਆ ਹੈ। ਇਸੇ ਤਰ੍ਹਾਂ 19 ਜੁਲਾਈ 1968 ਨੂੰ ਬੋਲੀਵੀਆ ਦੇ ਗ੍ਰਹਿ ਮੰਤਰੀ ਅਨਤੋਨੀਓ ਆਰਗੁਏਦਸ, ਜੋ ਬੇਰੀਅਨਤੋਸ ਦੇ ਭਰੋਸੇਯੋਗ ਪਿੱਠੂਆਂ 'ਚੋਂ ਸੀ ਜੋ ਦੇਸ਼ ਛੱਡ ਚਿੱਲੀ ਦੌੜ ਗਿਆ ਸੀ ਨੇ ਚਿਲੀ ਦੇ ਪੱਤਰਕਾਰ ਨੂੰ ਦੱਸਿਆ ਕਿ ਅਨੇਕਾਂ ਸਾਲ ਉਹ ਸੀ. ਆਈ. ਏ. ਦਾ ਏਜੰਟ ਰਿਹਾ ਸੀ ਅਤੇ ਉਸਨੂੰ 'ਮਨੁੱਖ ਜਾਤੀ ਵਿਰੁੱਧ ਸਾਜਿਸ਼ਾਂ ਬੁਣਦੇ ਸ਼ੈਤਾਨੀ ਗਰੋਹ' ਨਾਲੋਂ ਆਪਣੇ ਸਬੰਧਾਂ ਨੂੰ ਤੋੜਨ ਲਈ ਚੀ ਦੀਆਂ ਦਸਤਾਵੇਜਾਂ ਹਵਾਨਾਂ ਭੇਜੀਆਂ ਸਨ। ਉਸਨੇ ਹੀ ਚੀ ਦੀ 'ਬੋਲਵੀਆ ਡਾਇਰੀ' ਫੀਦਲ ਹਵਾਲੇ ਕੀਤੀ ਸੀ।

ਕਿਸੇ ਵੀ ਯੁੱਗ ਵਿਚ ਕਰੋੜਾਂ ਲੋਕਾਂ ਦੀ ਭੀੜ ਵਿਚੋਂ ਕੁੱਝ ਚੁਣੀਂਦਾ ਸਾਹਸੀ ਨੌਜਵਾਨ ਹੀ ਹੁੰਦੇ ਹਨ ਜਿਹੜੇ ਜ਼ਿੰਦਗੀ ਦੇ ਅਸਲ ਮਕਸਦ ਨੂੰ ਸਮਝਦਿਆਂ ਮਨੁੱਖਤਾ ਪੱਖੀ ਦਲੇਰੀ ਭਰੇ ਰਾਹਾਂ ਤੇ ਦ੍ਰਿੜਤਾ ਨਾਲ ਚਲਦੇ ਰਹਿੰਦੇ ਹਨ, ਚੀ ਉਨ੍ਹਾਂ 'ਚੋਂ ਸਿਰਕੱਢ ਹੈ। ਉਸਨੇ ਸਾਮਰਾਜੀ ਧੌਂਸ ਅੱਗੇ ਗੋਡੇ ਨਾ ਟੇਕਣ ਵਾਲੇ ਅਵਿਕਸਤ ਰਾਸ਼ਟਰ ਕਿਊਬਾ ਦੇ ਦੱਬੇ ਤੇ ਲਤਾੜੇ ਲੋਕਾਂ ਨੂੰ ਨਵੇਂ ਸੁਪਨੇ ਦਿੱਤੇ। ਕਮਾਂਡਰ ਚੀ ਦੀ ਅਗਵਾਈ ਹੇਠ ਇੰਨੇ ਘੱਟ ਜੰਗਜੂਆਂ ਨੇ ਏਨੀ ਵੱਡੀ ਕਾਰਵਾਈ ਕਰਕੇ ਦੁਨੀਆ ਸਾਹਮਣੇ ਮਨੁੱਖੀ ਸਮਰੱਥਾਵਾਂ ਦੀ ਬੇਮਿਸਾਲ ਉਦਾਹਰਣ ਪੇਸ਼ ਕੀਤੀ। ਦੁਨੀਆਂ ਭਰ ਦੇ ਇਨਸਾਫਪਸੰਦ ਲੋਕ ਉਸ ਦ੍ਰਿੜ ਚਰਿੱਤਰ ਵਾਲੇ ਇਨਕਲਾਬੀ ਨੌਜਵਾਨ ਗੁਰੀਲਾ ਯੋਧੇ ਦੀ ਅਣਥੱਕ ਮੁਸੀਬਤਾਂ ਭਰੀ ਜ਼ਿੰਦਗੀ ਤੇ ਮਹਾਨ ਕੁਰਬਾਨੀ ਨੂੰ ਸਦਾ ਯਾਦ ਰੱਖਣਗੇ।

- ਚੀ-ਕਿਊਬਨ ਬਾਗੀਆਂ ਦੁਆਰਾ ਗੁਵੇਰਾ ਦਾ ਰੱਖਿਆ ਗਿਆ ਉਪ-ਨਾਮ। ਵਿਦਵਾਨਾਂ ਅਨੁਸਾਰ ਚੀ ਦਾ ਅਰਥ ਹੈ 'ਮੇਰਾ'।

-ਬੇਰੀਅਨਤੋਸ ਨੇ ਇਸਨੂੰ ਤੀਰਥ ਅਸਥਾਨ ਬਣ ਜਾਣ ਦੇ ਡਰੋਂ ਢਾਹ ਦਿੱਤਾ ਸੀ ਪਰੰਤੂ ਉਸਦੀ ਮੌਤ ਉਪਰੰਤ ਸਕੂਲ ਦੀ ਮੁੜ ਉਸਾਰੀ ਕੀਤੀ ਗਈ।

ਹਵਾਲੇ :- 1. ਅਰਨੈਸਟੋ ਚੀ ਗੁਵੇਰਾ- ਆਈ. ਲਵਰੇਤਸਕੀ, 2. ਚੀ ਗੁਵੇਰਾ (ਸੰਖੇਪ ਜੀਵਨੀ)- ਹਰਭਜਨ ਹੁੰਦਲ, 3. ਗੁਰੀਲਾ ਯੁੱਧ, ਗ੍ਰੰਥ ਸਿਲਪੀ ਪ੍ਰਕਾਸ਼ਨ-ਅਰਨੈਸਟੋ ਚੀ ਗੁਵੇਰਾ, 4. ਬੋਲਵੀਆ ਡਾਇਰੀ, ਲੋਕ ਚੇਤਨਾ-12-ਅਰਨੈਸਟੋ ਚੀ ਗੁਵੇਰਾ


ਵੱਲੋਂ ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ


# ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵਲੋਂ ਛਾਪੀਆਂ ਗਈਆਂ ਚਾਰ ਸੰਸਾਰ ਪ੍ਰਸਿੱਧ ਕਿਤਾਬਾਂ










ਸੰਸਾਰ ਪ੍ਰਸਿੱਧ ਲੇਖਿਕਾ ਅਤੇ ਕਾਰਕੁਨ ਅਰੁੰਧਤੀ ਰਾਏ ਦੇ ਪਿਛਲੇ ਇਕ ਦਹਾਕੇ ਵਿਚ ਲਿਖੇ ਬਹੁਤ ਹੀ ਅਹਿਮ ਲੇਖਾਂ ਅਤੇ ਉਸ ਨਾਲ ਪੱਤਰਕਾਰਾਂ ਵਲੋਂ ਕੀਤੀਆਂ ਗਈਆਂ ਵਿਸਤਾਰਤ ਵਿਚਾਰ-ਚਰਚਾਵਾਂ ਦੇ ਦੋ ਸੰਗ੍ਰਹਿ 'ਜਮਹੂਰੀਅਤ ਕਟਹਿਰੇ ਵਿਚ' ਅਤੇ 'ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ' ਬਾਬਾ ਬੂਝਾ ਸਿੰਘ ਪ੍ਰਕਾਸ਼ਨ ਮਹਿਮੂਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਲੋਂ ਪੰਜਾਬੀ ਵਿਚ ਅਨੁਵਾਦ ਕਰਕੇ ਛਾਪੇ ਗਏ ਹਨ। ਦੋ ਸੰਸਾਰ ਪ੍ਰਸਿੱਧ ਕਿਤਾਬਾਂ, ਨੈਓਮੀ ਕਲਾਈਨ ਦੀ ਲਿਖੀ 'ਸਦਮਾ ਮੱਤ' ਅਤੇ ਜੌਹਨ ਪਰਕਿਨਜ਼ ਦੀ ਲਿਖੀ 'ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ' ਦੇ ਨਵੇਂ ਪੰਜਾਬੀ ਐਡੀਸ਼ਨ ਵੀ ਛਾਪੇ ਗਏ ਹਨ। ਇਹ ਚਾਰ ਅਹਿਮ ਕਿਤਾਬਾਂ ਹਿੰਦੁਸਤਾਨ ਅਤੇ ਕੁਲ ਦੁਨੀਆ ਦੇ ਰਾਜ, ਸਮਾਜ ਅਤੇ ਹਾਲਾਤ ਨੂੰ ਸਮਝਣ ਲਈ ਇਕ ਡੂੰਘੀ ਸੂਝ ਮੁਹੱਈਆ ਕਰਨ ਵਾਲੀਆਂ ਬਹੁਤ ਹੀ ਬਹੁਮੁੱਲੀਆਂ ਕਿਤਾਬਾਂ ਹਨ। ਕੈਨੇਡਾ ਵਿਚ ਇਹ ਕਿਤਾਬਾਂ ਹਾਸਲ ਕਰਨ ਲਈ ਟੋਰਾਂਟੋ ਵਿਚ ਸੰਪਾਦਕ 'ਸਰੋਕਾਰਾਂ ਦੀ ਆਵਾਜ਼' ਹਰਬੰਸ ਸਿੰਘ ਨਾਲ (ਫ਼ੋਨ: 416-817-7142), ਕੈਲਗਰੀ-ਐਡਮਿੰਟਨ ਵਿਚ ਮਾਸਟਰ ਭਜਨ ਸਿੰਘ ਗਿੱਲ ਨਾਲ (ਫ਼ੋਨ: 403-455-4220), ਅਤੇ ਵੈਨਕੂਵਰ ਵਿਚ ਪ੍ਰਸ਼ੋਤਮ ਦੁਸਾਂਝ (ਫ਼ੋਨ: 604-596-3713), ਅਤੇ ਗੁਰਪ੍ਰੀਤ ਸਿੰਘ (ਫ਼ੋਨ : 604-501-2260), ਨਾਲ ਸੰਪਰਕ ਕੀਤਾ ਜਾ ਸਕਦਾ ਹੈ।


### ਸਰਹੱਦ ਪਾਰ ਰਾਵੀ ਦੀ ਗੋਦ 'ਚੋਂ ਕਿਸਾਨ ਸੰਘਰਸ ਦੀ ਗੂੰਜ

# ਹੱਦਾਂ ਤੇ ਦੇਸ਼ ਬਦਲ ਜਾਣ ਨਾਲ ਨਾ ਹਾਕਮਾਂ ਦਾ ਕਿਰਦਾਰ ਬਦਲਦਾ ਨਾ ਹੀ ਕਿਰਤੀ ਲੋਕਾਂ ਦੀ ਤਕਦੀਰ..




ਲਹਿੰਦੇ ਪੰਜਾਬ ਦੇ ਓਕਾਰਾ ਇਲਾਕੇ ਦੇ ਕਿਸਾਨ ਦਹਾਕਿਆਂ ਤੋਂ ਵਾਹੀ ਜਾ ਰਹੀ ਜ਼ਮੀਨ ਦਾ ਹੱਕ ਮੰਗ ਰਹੇ ਹਨ ਤੇ ਪਾਕਿਸਤਾਨ ਦੇ ਹਾਕਮ ਉਨ੍ਹਾਂ ਨੂੰ ਜੇਲ੍ਹਾਂ, ਬਿਨਾ ਗ੍ਰਿਫਤਾਰੀਆਂ ਪਾਏ ਹਿਰਾਸਤ 'ਚ ਲੈ ਕੇ ਤਸ਼ੱਦਦ ਕਰਨ, ਝੂਠੇ ਕੇਸ ਮੜ੍ਹਣ, ਲੋਕ ਇਕੱਠਾਂ ਤੇ ਡਾਂਗਾਂ ਵਰ੍ਹਾਉਣ ਤੱਕ ਹਰ ਹਰਬਾ ਵਰਤਕੇ ਕੁਚਲਣ ਦੇ ਰਾਹ ਪਏ ਹੋਏ ਹਨ?

ਓਕਾਰਾ ਦੇ ਇਲਾਕੇ 'ਚ ਕਰੀਬ 900000 ਲੋਕ, ਫ਼ੌਜ ਦੀ 14000 ਏਕੜ ਜਮੀਨ ਤੇ ਪੀੜ੍ਹੀਆਂ ਤੋਂ ਠੇਕੇ ਤੇ ਖੇਤੀ ਕਰਦੇ ਆ ਰਹੇ ਹਨ? ਕਿਸਾਨਾਂ ਨੂੰ ਇਹ ਜ਼ਮੀਨ 1947 ਤੋਂ ਪਹਿਲਾਂ ਅੰਗਰੇਜ਼ਾਂ ਵੱਲੋਂ ਠੇਕੇ 'ਤੇ ਦਿੱਤੀ ਜਾਂਦੀ ਸੀ ਤੇ ਉਪਜ 'ਚੋਂ ਨਿਸ਼ਚਿਤ ਹਿੱਸਾ ਲਿਆ ਜਾਂਦਾ ਸੀ? 1947 ਮਗਰੋਂ ਪਾਕਿ ਫੌਜ ਨੇ ਇਹੀ ਰਵਾਇਤ ਜਾਰੀ ਰੱਖੀ? ਸਮੇਂ-ਸਮੇਂ ਆਈਆਂ ਹਕੂਮਤਾਂ ਨੇ ਕਿਸਾਨਾਂ ਨੂੰ ਮਾਲਕੀ ਹੱਕ ਦੇਣ ਦੇ ਵਾਅਦੇ ਕੀਤੇ ਪਰ ਵਫ਼ਾ ਨਾ ਕੀਤੇ। ਸਗੋਂ 16 ਸਾਲ ਪਹਿਲਾਂ ਠੇਕੇ ਵਜੋਂ ਉਪਜ 'ਚੋਂ ਹਿੱਸੇ ਦੀ ਬਜਾਏ ਨਕਦ ਪੈਸੇ ਠੇਕੇ ਵਜੋਂ ਤਾਰਨ ਦਾ ਜੁਕਮ ਲਾਗੂ ਕਰ ਦਿੱਤਾ। ਨਾਲ ਹੀ ਫੌਜ ਨੂੰ ਕਿਸੇ ਸਮੇਂ ਵੀ ਕਿਸਾਨਾਂ ਨੂੰ ਬੇਦਖਲ ਕਰਨ ਦੀ ਇਜ਼ਾਜਤ ਦੇ ਦਿੱਤੀ?

ਓਕਾਰਾ ਦੇ ਕਿਸਾਨ 25000 ਤੋਂ 60000 ਪ੍ਰਤੀ ਏਕੜ ਠੇਕਾ ਦਿੰਦੇ ਹਨ। ਉਹ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਦਹਾਕਿਆਂ ਤੋਂ ਉਨ੍ਹਾਂ ਵੱਲੋਂ ਕਾਸ਼ਤ ਅਧੀਨ ਜ਼ਮੀਨ ਉਨ੍ਹਾਂ ਨੂੰ ਬਜ਼ਾਰ ਮੁੱਲ ਤੇ ਵੇਚ ਦਿੱਤੀ ਜਾਵੇ ਪਰ ਫੌਜ ਉਹਨਾਂ ਨੂੰ ਉਜਾੜਣ 'ਤੇ ਉਤਾਰੂ ਹੈ। ਇਹ ਸੰਘਰਸ਼ ਭਿਆਨਕ ਹਕੂਮਤੀ ਜਬਰ ਦੇ ਬਾਵਜੂਦ 16 ਸਾਲ ਤੋਂ ਜਾਰੀ ਹੈ ਤੇ ਹਕੂਮਤ ਉਹਨਾਂ ਨੂੰ ਉਜਾੜਣ 'ਚ ਕਾਮਯਾਬ ਨਹੀਂ ਹੋ ਸਕੀ। ਬੀਤੇ ਅਪ੍ਰੈਲ ਤੋਂ ਸੰਘਰਸ਼ ਫੇਰ ਜ਼ੋਰਾਂ 'ਤੇ ਹੈ ਤੇ ਕਿਸਾਨਾਂ ਵੱਲੋਂ ਇਲਾਕੇ ਸਮੇਤ ਲਾਹੌਰ ਵਿੱਚ ਵੱਡੇ ਪ੍ਰਦਰਸ਼ਨ ਹੋਏ ਨੇ ਤੇ ਹਾਕਮਾਂ ਨੇ ਜਬਰ ਦਾ ਰਾਹ ਫੜਿਆ ਹੋਇਆ ਹੈ।

ਦੇਸ਼ ਵੱਖ ਹੋਣ ਜਾਂ ਅਜ਼ਾਦੀ ਦੇ ਪ੍ਰਪੰਚ ਰਚਣ ਨਾਲ ਲੋਕਾਂ ਦੀ ਹੋਣੀ ਨਹੀਂ ਬਦਲੀ। ਤੇ ਹੈਰਾਨੀ ਦੀ ਗੱਲ ਨਹੀਂ ਕਿ ਹਾਕਮਾਂ ਦੇ ਹਰਬੇ ਵੀ ਉਹੀ ਨੇ ਤੇ ਕਾਨੂੰਨਾਂ ਦੇ ਨਾਮ ਵੀ ਜਿਵੇਂ ਦਫਾ 144 ਤੇ ਅੱਤਵਾਦ ਰੋਕੂ ਕਾਨੂੰਨ ਆਦਿ।

**(ਸਰੋਤ ਦਿ ਡਾਨ, ਹਿਊਮਨ ਰਾਈਟਸ ਵਾਚ ਤੇ ਗੂਗਲ)**

# ਕਸ਼ਮੀਰ ਦੀਆਂ ਗਲੀਆਂ 'ਚ ਵਹਿੰਦਾ ਖ਼ੂਨ

ਮੂਲ ਲੇਖਕ : ਸਵੇਤਾ ਕੌਲ
ਅਨੁ. : ਡਾ. ਅਜੀਤਪਾਲ ਸਿੰਘ

*ਅੱਜ ਜਦ ਕਸ਼ਮੀਰ ਵਿਚ ਦਹਿਸ਼ਤਗਰਦੀ ਕਾਫ਼ੀ ਘਟਣ ਕਿਨਾਰੇ ਹੈ ਤਦ ਵੀ ਇਸ ਕਾਨੂੰਨ ਅਤੇ ਹਥਿਆਰਬੰਦ ਸੁਰੱਖਿਆ ਫੋਰਸਾਂ ਦੀ ਲੱਖਾਂ ਦੀ ਗਿਣਤੀ ਵਿਚ ਹਾਜ਼ਰੀ ਇਕ ਸੁਆਲੀਆਚਿੰਨ੍ਹ ਛੱਡ ਦਿੰਦੀ ਹੈ। ਫੌਜ ਦੀ ਗੈਰ ਜ਼ਰੂਰੀ ਮੌਜੂਦ ਸੀ, ਨੂੰ ਕਸ਼ਮੀਰ ਜਨਤਾ ਭਾਰਤੀ ਰਾਜਸੱਤਾ ਵਲੋਂ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਮਸਝਦੀ ਹੈ ਅਤੇ ਇਸ ਲਈ ਭਾਰਤੀ ਰਾਜ ਸੱਤਾ ਦੇ ਹਰ ਪ੍ਰਤੀਕ ਨਾਲ ਉਹ ਤਹਿ ਦਿਲੋਂ ਨਫ਼ਰਤ ਕਰਦੀ ਹੈ।*



ਸਰਵਸ੍ਰੀ ਦਿਆਲ ਸਕਸੈਨਾ ਦੀ ਕਵਿਤਾ 'ਦੇਸ਼ ਕਾਗਜ਼ 'ਤੇ ਬਣਿਆ ਕੋਈ ਨਕਸ਼ਾ ਨਹੀਂ ਹੁੰਦਾ' ਦੀਆਂ ਇਹ ਲਾਈਨਾਂ ਕਸ਼ਮੀਰ 'ਚ ਪਿਛਲੇ ਕਈ ਦਹਾਕਿਆਂ ਦੇ ਬਾਵਜੂਦ ਨਰਕੀ ਹਾਲਤ ਅਤੇ ਕਸ਼ਮੀਰ ਲੋਕਾਂ ਪ੍ਰਤੀ ਖਾਂਦੇ ਪੀਂਦੇ ਮੱਧਵਰਗ ਦੀ ਅਣਦੇਖੀ। ਬੇਰੁਖੀ ਨੂੰ ਕਾਫ਼ੀ ਹੱਦ ਤੱਕ ਬਿਆਨ ਕਰ ਦਿੰਦੀ ਹੈ। ਇਹ ਉਹ ਵਰਗ ਹੈ ਜੋ 'ਦੇਸ਼ਭਗਤੀ' ਤੇ 'ਰਾਸ਼ਟਰਵਾਦ' ਦੇ ਨਾਂ ਹੇਠ ਚਲਾਈ ਜਾ ਰਹੀ ਹਨ੍ਹੇਰੀ 'ਚ ਜ਼ੋਰ-ਸ਼ੋਰ ਨਾਲ ਮਦਮਸਤ ਹੁੰਦਾ ਜਾ ਰਿਹਾ ਹੈ। ਉਸ ਦੇ ਲਈ ਕਸ਼ਮੀਰ ਦਾ ਮਤਲਬ ਭਾਰਤ ਦੇ ਨਕਸ਼ੇ ਦੇ 'ਤਾਜ' ਤੋਂ ਵੱਧ ਕੁਝ ਨਹੀਂ। ਕਸ਼ਮੀਰ ਦੇ ਲੋਕ ਕਿਸ ਤਰ੍ਹਾਂ ਪਿਛਲੇ ਢਾਈ ਦਹਾਕਿਆਂ ਤੋਂ ਹਥਿਆਰਬੰਦ ਫੋਰਸਾਂ ਦੀ ਮੌਜੂਦਗੀ 'ਚ ਰੋਜ਼ਾਨਾ ਤਿਲ-ਤਿਲ ਕਰਕੇ ਮਰ ਰਹੀ ਹੈ, ਇਸ ਨਾਲ ਇਸ ਵਰਗ ਨੂੰ ਕੋਈ ਫਰਕ ਨਹੀਂ ਪੈਂਦਾ। ਹਾਲ ਦੀ ਘੜੀ ਅਪਵਾਂਦਾ ਨੂੰ ਛੱਡ ਕੇ ਕੁਲ ਮਿਲਾ ਕੇ ਇਸ ਵਰਗ ਤੋਂ ਵੈਸੇ ਤਾਂ ਲੋਕ ਸਰੋਕਾਰਾਂ ਦੀ ਉਮੀਦ ਕਰਨਾ ਬੇਵਕੂਫੀ ਹੋਵੇਗੀ ਪਰ ਮਿਹਨਤਕਸ਼ ਲੋਕਾਂ ਕਸ਼ਮੀਰ 'ਚ ਮੌਜੂਦ ਹਾਲਾਤ, ਕਸ਼ਮੀਰੀ ਜਨਤਾ ਦੀਆਂ ਆਸਾਂ-ਉਮੰਗਾਂ 'ਤੇ ਭਾਰਤੀ ਰਾਜ ਤੋਂ ਉਨ੍ਹਾਂ ਦੇ ਨਖੇੜੇ ਦੇ ਕਾਰਨਾਂ ਨੂੰ ਤਾਂ ਜਾਨਣਾ ਸਮਝਣਾ ਪੈਣਾ ਹੈ ਅਤੇ ਨਾਲ ਹੀ ਇਸ ਸਮੱਸਿਆ ਪ੍ਰਤੀ ਇਕ ਸਹੀ ਨਜ਼ਰੀਆ ਵੀ ਵਿਕਸਤ ਕਰਨਾ ਹੋਵੇਗਾ। ਆਪਾਂ ਤਾਜੇ ਘਟਨਾਕ੍ਰਮ ਤੋਂ ਆਪਣੀ ਗੱਲ ਅੱਗੇ ਵਧਾਉਂਦੇ ਹਾਂ। ਬੀਤੀ 16 ਅਪ੍ਰੈਲ ਨੂੰ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਹੰਦਵਾਰਾ ਇਲਾਕੇ ਵਿਚ ਇਕ ਫੌਜੀ ਨੇ 20 ਸਾਲਾ ਵਿਦਿਆਰਥਣ ਨਾਲ ਛੇੜਛਾੜ ਕੀਤੀ। ਪਿਛੋਂ ਫੌਜ ਦੀ ਫੋਰਸ ਨੇ ਇਸ ਘਟਨਾ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਗੋਲੀਬਾਰੀ ਕੀਤੀ ਜਿਸ 'ਚ ਪੰਜ ਬੰਦੇ ਮਾਰੇ ਗਏ। ਇਹੀ ਨਹੀਂ ਪੁਲਿਸ ਨੇ ਪੀੜਤ ਵਿਦਿਆਰਥਣ 'ਤੇ ਉਸ ਦੇ ਬਾਪ 'ਤੇ ਦਬਾਅ ਬਣਾਉਣ ਲਈ ਉਨ੍ਹਾਂ ਨੂੰ ਹਿਰਾਸਤ 'ਚ ਲਿਆ। ਪੀੜਤ ਲੜਕੀ 'ਤੇ ਦਬਾਅ ਬਣਾਇਆ ਗਿਆ ਕਿ ਇਹ ਫੌਜੀ ਦੇ ਖਿਲਾਫ਼ ਆਪਣੇ ਬਿਆਨ ਨੂੰ ਵਾਪਸ ਲੈਣ ਨੂੰ ਕਿਹਾ। ਕਸ਼ਮੀਰ 'ਚ ਫੌਜੀ ਤਾਕਤਾਂ ਵਲੋਂ ਸਥਾਨਕ ਲੋਕਾਂ 'ਤੇ ਢਾਹੇ ਜਾਣ ਵਾਲੇ ਜ਼ੁਲਮਾਂ ਦੀ ਨਾ ਤਾਂ ਇਹ ਕੋਈ ਪਹਿਲੀ ਘਟਨਾ ਹੈ ਨਾ ਹੀ ਆਖਰੀ। ਉਨ੍ਹਾਂ ਦੀਆਂ ਵਹਿਸ਼ੀਆਨਾ ਹਰਕਤਾਂ ਦੀ ਲਿਸਟ ਕਾਫ਼ੀ ਲੰਬੀ ਹੈ। ਫਰਵਰੀ 1991 'ਚ ਕੁਪਵਾੜਾ ਜ਼ਿਲ੍ਹੇ ਦੇ ਹੀ ਕੁਨਨ ਪੋਸ਼ ਪੋਰਾ ਪਿੰਡ ਵਿਚ ਮਰਦਾਂ ਨੂੰ ਹਿਰਾਸਤ 'ਚ ਲਿਆ ਗਿਆ। ਤਸੀਹੇ ਦਿੱਤੇ ਗਏ ਅਤੇ ਪਿਛੋਂ ਰਾਜਪੂਤਾਨਾ ਰਾਈਫਲਸ ਦੇ ਫੌਜੀਆਂ ਵਲੋਂ ਪਿੰਡ ਦੀਆਂ ਅਨੇਕਾਂ ਔਰਤਾਂ ਦਾ ਉਨ੍ਹਾਂ ਦੇ ਛੋਟੇ-ਛੋਟੇ ਬੱਚਿਆਂ ਸਾਹਮਣੇ ਬਲਾਤਕਾਰ ਕੀਤਾ ਗਿਆ। ਅਨੇਕਾਂ ਸਰੋਤ ਇਹ ਗਿਣਤੀ 23 ਦੱਸਦੇ ਹਨ ਪਰ ਪ੍ਰਸਿੱਧ ਕੌਮਾਂਤਰੀ ਸੰਸਥਾ 'ਹਿਊਮਨ ਰਾਈਟਸ ਵਾਚ' ਸਮੇਤ ਕਈ ਮਨੁੱਖੀ ਅਧਿਕਾਰ ਸੰਗਠਨਾਂ ਮੁਤਾਬਕ ਇਹ ਗਿਣਤੀ 100 ਤੱਕ ਹੋ ਸਕਦੀ ਹੈ। ਸਾਲ 2009 'ਚ ਹਥਿਆਰਬੰਦ ਤਾਕਤ ਵਲੋਂ ਛੋਪੀਆਂ ਜ਼ਿਲ੍ਹੇ 'ਚ ਦੋ ਔਰਤਾਂ ਦਾ ਬਲਾਤਕਾਰ ਕਰਕੇ ਉਨ੍ਹਾਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਵਧਦੇ ਲੋਕਾਂ ਦੇ ਦਬਾਅ ਕਾਰਨ ਪਿਛੋਂ ਜਾ ਕੇ ਸੂਬਾ ਪੁਲਿਸ ਨੇ ਐਫ. ਆਈ. ਆਰ. ਦਰਜ ਕੀਤੀ। ਸੀ. ਬੀ. ਆਈ. ਨੂੰ ਜਾਂਚ ਦੇ ਹੁਕਮ ਦਿੱਤੇ ਗਏ ਅਤੇ ਬੇਸ਼ਰਮੀ ਨਾਲ ਉਸ ਨੇ ਫੌਜੀਆਂ ਵਲੋਂ ਔਰਤਾਂ ਨਾਲ ਕੀਤੇ ਗਏ ਬਲਾਤਕਾਰ 'ਤੇ ਮੌਤ ਦੀ ਗੱਲ ਨੂੰ ਹੀ ਖਾਰਜ ਕਰ ਦਿੱਤਾ। ਇਹੀ ਨਹੀਂ ਜਨਵਰੀ 1990 'ਚ ਗਾਵਨਦਲ 'ਚ ਨੀਮ ਫੌਜੀ ਤਾਕਤਾਂ ਵਲੋਂ 50 ਮੁਜ਼ਾਹਰਾਕਾਰੀਆਂ ਦੀ ਹੱਤਿਆ, 2000 'ਚ ਛਤੀਸਿੰਘਪੁਰਾ, ਪਥਰੀਬਲ, ਬਰਾਕਪੁਰ ਅਤੇ 2010 ਦੀਆਂ ਮਾਛਿਲ ਮੁਠਭੇੜਾਂ ਅਤੇ ਸਾਲ 2010 'ਚ ਹੀ ਤੁਫੈਲ ਮਟੂ ਦੀ ਫੌਜੀ ਗੋਲਾਬਾਰੀ 'ਚ ਹੋਈ ਮੌਤ ਪਿਛੋਂ ਪੂਰੀ ਕਸ਼ਮੀਰ ਘਾਟੀ 'ਚ ਉਠੇ ਵਿਆਪਕ ਲੋਕ ਰੋਹ ਫੌਜਾਂ ਵਲੋਂ ਆਪਣੀਆਂ ਗੋਲੀਆਂ ਨਾਲ 100 ਤੋਂ ਵੱਧ ਨੌਜਵਾਨਾਂ, ਕਿਸ਼ੋਰਾਂ ਤੇ ਬੱਚਿਆਂ ਦੀ ਜਾਨ ਲਏ ਜਾਣ ਦੀਆਂ ਘਟਨਾਵਾਂ ਆਮ ਹੀ ਨਿਰਪੱਖ ਸਮਝੀ ਜਾਂਦੀ ਫੌਜ ਤੇ ਨਾਲ ਹੀ ਜਮਹੂਰੀਅਤ ਦਾ ਢਕਵੰਜ ਕਰਨ ਵਾਲੇ ਰਾਜ 'ਤੇ ਵੀ ਕਈ ਸੁਆਲੀਆਚਿੰਨ੍ਹ ਖੜ੍ਹੇ ਕਰਦੀਆਂ ਹਨ। ਜੇ ਅੰਕੜਿਆਂ ਦੀ ਗੱਲ ਕਰੀਏ ਤਾਂ ਜਨਵਰੀ 1989 ਤੋਂ ਲੈ ਕੇ ਮਾਰਚ 31, 2016 ਤੱਕ ਕਰੀਬ 94322 ਕਸ਼ਮੀਰੀਆਂ ਦੇ ਕਤਲ ਕੀਤੇ ਗਏ ਜਿਸ ਵਿਚ 7043 ਹੱਤਿਆਵਾਂ ਹਿਰਾਸਤ ਵਿਚ ਹੋਈਆਂ। ਇਕ ਲੱਖ ਤੋਂ ਵੱਧ ਕਸ਼ਮੀਰੀ ਜੇਲ੍ਹ ਦੀਆਂ ਸੀਖਾਂ ਪਿਛੇ ਹਨ। ਦਸ ਹਜ਼ਾਰ ਤੋਂ ਵੱਧ ਔਰਤਾਂ ਦਾ ਫੌਜ ਵਲੋਂ ਬਲਾਤਕਾਰ ਕੀਤਾ ਗਿਆ ਹੈ। ਕਈ ਰਿਪੋਰਟਾਂ 'ਤੇ ਅਦਾਲਤਾਂ 'ਚ ਚਲਦੇ ਮੁਕੱਦਮਿਆਂ 'ਚ ਦਾਖ਼ਲ ਦਸਤਾਵੇਜ਼ ਇਸ ਦੀ ਪੁਸ਼ਟੀ ਕਰਦੇ ਹਨ। ਜ਼ਿਕਰਯੋਗ ਹੈ ਕਿ ਭਾਰਤੀ ਰਾਜ ਵਲੋਂ ਹਥਿਆਰਬੰਦ ਫੋਰਸ ਵਿਸ਼ੇਸ਼ਧਿਕਾਰ ਐਕਟ ਕਾਨੂੰਨ 1958 'ਚ ਬਣਾਇਆ ਗਿਆ। ਆਫ ਸਪਾ ਹੋਰ ਕੁਝ ਨਹੀਂ ਰਾਜ ਸਤਾ ਵਲੋਂ ਲੋਕਾਂ 'ਤੇ ਅੱਤਿਆਚਾਰ ਤੇ ਲੁਟ ਘਸੁਟ ਦਾ ਇਕ ਅਜਿਹਾ ਸੰਦ ਹੈ ਜੋ ਜਮਹੂਰੀਅਤ ਦਾ ਬੁਰਕਾ ਪਾਏ ਇਸ ਪੂੰਜੀਵਾਦ ਨਿਜ਼ਾਮ ਦੀ ਹਕੀਕਤ ਨੂੰ ਤਹਿਸ-ਨਹਿਸ ਕਰ ਦਿੰਦਾ ਹੈ। ਆਫ ਸਪਾ ਕਾਨੂੰਨ ਨੂੰ ਉਤਰ ਪੂਰਬੀ ਰਾਜਾਂ ਅਤੇ ਪੰਜਾਬ ਵਿਚੋਂ 1990 'ਚ ਦਹਿਸ਼ਤਗਰਦੀ ਦਾ ਬਹਾਨਾ ਬਣਾ ਕੇ ਕਸ਼ਮੀਰ 'ਚ ਲਾਗੂ ਕੀਤਾ ਗਿਆ ਜਿਸ ਦੇ ਤਹਿਤ ਫੌਜ ਨੂੰ ਅਸੀਮਤ ਅਧਿਕਾਰ ਦਿੱਤੇ ਗਏ। ਇਸ ਕਾਨੂੰਨ ਦੇ ਤਹਿਤ ਫੌਜ ਸਿਰਫ਼ ਸ਼ੱਕ ਦੇ ਆਧਾਰ 'ਤੇ ਕਿਸੇ ਨੂੰ ਵੀ ਗੋਲੀ ਮਾਰ ਸਕਦੀ ਹੈ, ਕਿਸੇ ਵੀ ਇਮਾਰਤ ਨੂੰ ਤਬਾਹ ਕਰ ਸਕਦੀ ਹੈ। ਅੱਜ ਜਦ ਕਸ਼ਮੀਰ ਵਿਚ ਦਹਿਸ਼ਤਗਰਦੀ ਕਾਫ਼ੀ ਘਟਣ ਕਿਨਾਰੇ ਹੈ ਤਦ ਵੀ ਇਸ ਕਾਨੂੰਨ ਅਤੇ ਹਥਿਆਰਬੰਦ ਸੁਰੱਖਿਆ ਫੋਰਸਾਂ ਦੀ ਲੱਖਾਂ ਦੀ ਗਿਣਤੀ ਵਿਚ ਹਾਜ਼ਰੀ ਇਕ ਸੁਆਲੀਆਚਿੰਨ੍ਹ ਛੱਡ ਦਿੰਦੀ ਹੈ। ਫੌਜ ਦੀ ਗੈਰ ਜ਼ਰੂਰੀ ਮੌਜੂਦ ਸੀ, ਨੂੰ ਕਸ਼ਮੀਰ ਜਨਤਾ ਭਾਰਤੀ ਰਾਜਸੱਤਾ ਵਲੋਂ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਸਮਝਦੀ ਹੈ ਅਤੇ ਇਸ ਲਈ ਭਾਰਤੀ ਰਾਜ ਸੱਤਾ ਦੇ ਹਰ ਪ੍ਰਤੀਕ ਨਾਲ ਉਹ ਤਹਿ ਦਿਲੋਂ ਨਫ਼ਰਤ ਕਰਦੀ ਹੈ। ਭਾਰਤੀ ਰਾਜ ਸੱਤਾ ਵਲੋਂ ਕਸ਼ਮੀਰ ਦੇ ਲੋਕਾਂ ਦੀ ਕੁਟਮਾਰ, ਲੁਟ ਘਸੁਟ ਤੇ ਇਤਿਹਾਸਕ ਵਿਸ਼ਵਾਸਘਾਤ ਦੀ ਇਕ ਲੰਮਾ ਇਤਿਹਾਸ ਹੈ ਜਿਸ ਨੂੰ ਕਸ਼ਮੀਰ ਅਵਾਮ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਕਦੇ ਨਹੀਂ ਭੁੱਲਣਗੀਆਂ। ਕਸ਼ਮੀਰ ਲੋਕ ਜਿਸ ਵੀ ਹੱਕ ਤੱਕ ਸੰਭਵ ਹੈ, ਉਸ ਹੱਦ ਤੱਕ ਭਾਰਤੀ ਰਾਜ ਸੱਤਾ ਦੀ ਬੇਸ਼ਰਮ ਕਾਰਗੁਜ਼ਾਰੀ ਦਾ ਵਿਰੋਧ ਵੀ ਕਰ ਰਹੇ ਹਨ ਅਤੇ ਅੱਗੇ ਵੀ ਕਰਦੇ ਰਹਿਣਗੇ। ਜੇ ਅਸੀਂ ਇਤਿਹਾਸ 'ਚ ਥੋੜਾ ਪਿਛੇ ਵੱਲ ਮੁੜੀਏ ਤਾਂ ਸਾਨੂੰ ਭਾਰਤੀ ਰਾਜ ਸੱਤਾ ਪ੍ਰਤੀ ਕਸ਼ਮੀਰੀ ਜਨਤਾ 'ਚ ਮੌਜੂਦਾ ਨਫ਼ਰਤ ਅਤੇ ਨਿਖੇੜੇ ਦੇ ਕਾਰਨਾਂ ਦਾ ਪਤਾ ਲੱਗੇਗਾ। ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋਣ ਸਮੇਂ ਜੰਮੂ ਤੇ ਕਸ਼ਮੀਰ ਉਨ੍ਹਾਂ 562 ਰਿਆਸਤਾਂ ਵਿਚੋਂ ਇਕ ਸੀ ਜੋ ਅੰਗਰੇਜ਼ੀ ਰਾਜ ਦੇ ਅਧੀਨ ਸਨ। ਅੰਗਰੇਜ਼ਾਂ ਪਿਛੋਂ ਹੈਦਰਾਬਾਦ, ਜੂਨਾਗੜ੍ਹ ਤੇ ਜੰਮੂ ਕਸ਼ਮੀਰ ਨੂੰ ਛੱਡ ਕੇ ਹੋਰ ਸਭ ਰਿਆਸਤਾਂ ਦੇ ਰਾਜੇ-ਰਜਵਾੜਿਆਂ ਨੇ ਜਾਂ ਤਾਂ ਭਾਰਤ ਜਾਂ ਫਿਰ ਪਾਕਿਸਤਾਨ 'ਚ ਸ਼ਾਮਲ ਹੋਣ ਦਾ ਫੈਸਲਾ ਲਿਆ। ਹੈਦਰਾਬਾਦ ਦਾ ਨਿਜ਼ਾਮ ਇਕ ਆਜ਼ਾਦ ਦੇਸ਼ ਦੇ ਸੁਪਨੇ ਵੇਖ ਰਿਹਾ ਸੀ ਅਤੇ ਜੂਨਾਗੜ੍ਹ ਦਾ ਨਵਾਬ ਪਾਕਿਸਤਾਨ 'ਚ ਸ਼ਾਮਲ ਹੋਣਾ ਚਾਹੁੰਦਾ ਸੀ। ਇਨ੍ਹਾਂ ਦੋਨਾਂ ਰਿਆਸਤਾਂ ਦੇ ਰਲੇਵੇਂ ਦੇ ਪ੍ਰਸੰਗ 'ਚ ਭਾਰਤੀ ਰਾਜ ਸੱਤਾ ਨੇ ਦਲੀਲ ਦਿੱਤੀ ਕਿ ਇਨ੍ਹਾਂ ਦੇ ਰਲੇਵੇਂ ਨਾਲ ਸਬੰਧਤ ਫੈਸਲੇ ਦਾ ਅਧਿਕਾਰ ਉਨ੍ਹਾਂ ਰਿਆਸਤਾਂ ਦੇ ਹਾਕਮਾਂ ਨੂੰ ਨਹੀਂ ਬਲਕਿ ਉਥੋਂ ਦੇ ਲੋਕਾਂ ਨੂੰ ਹਾਸਲ ਹੋਵੇਗਾ। ਇਸ ਦੇ ਮੱਦੇਨਜ਼ਰ ਜੂਨਾਗੜ੍ਹ 'ਚ ਆਤਮ ਨਿਰਣੇ ਦਾ ਅਧਿਕਾਰ ਦਿੱਤਾ ਗਿਆ ਤੇ ਜਨਮਤ ਇਕੱਠਾ ਕਰਵਾਇਆ ਗਿਆ। ਅੰਤ ਦੋਨੋਂ ਹੀ ਰਿਆਸਤਾਂ ਭਾਰਤ 'ਚ ਸ਼ਾਮਲ ਹੋਈਆਂ। ਅੰਗਰੇਜ਼ੀ ਗੁਲਾਮੀ ਤੋਂ ਆਜ਼ਾਦੀ ਪਿਛੋਂ ਵੀ ਕਸ਼ਮੀਰ ਸਿੰਘ ਹਰੀ ਸਿੰਘ ਆਪਣੇ ਵੰਸ਼ ਦੀ ਹਕੂਮਤ ਨੂੰ ਬਰਕਰਾਰ ਰੱਖਣ ਲਈ ਭਾਰਤ ਤੇ ਪਾਕਿਸਤਾਨ 'ਚ ਰਲੇਵੇਂ ਦੀ ਬਜਾਏ ਇਕ ਆਜ਼ਾਦ ਦੇਸ਼ ਬਣਾਉਣਾ ਚਾਹੁੰਦਾ ਸੀ। ਕਸ਼ਮੀਰੀ ਲੋਕਾਂ 'ਚ ਆਜ਼ਾਦੀ ਦੀ ਲੜਾਈ ਦੇ ਦੌਰ ਤੋਂ ਹੀ ਜਿਸ ਨੇਤਾ ਦੀ ਸਭ ਤੋਂ ਵੱਧ ਸਾਖ ਸੀ ਉਹ ਸਨ ਸ਼ੇਖ ਅਬਦੁੱਲਾ। ਸ਼ੇਖ ਅਬਦੂਲਾ ਫਿਰਕੂ ਆਧਾਰ 'ਤੇ ਪਾਕਿਸਤਾਨ 'ਚ ਸ਼ਾਮਲ ਹੋਣ ਦੇ ਹਮਾਇਤੀ ਨਹੀਂ ਸਨ। ਆਜ਼ਾਦੀ ਤੋਂ ਤੁਰੰਤ ਪਿਛੋਂ ਪਾਕਿਸਤਾਨ ਵਲੋਂ ਸ਼ਹਿ ਪ੍ਰਾਪਤ ਕਬਾਇਲੀ ਹਮਲੇ ਪਿਛੋਂ ਤਾਂ ਸ਼ੇਖ ਅਬਦੂਲਾ ਪਾਕਿਸਤਾਨ 'ਚ ਸ਼ਾਮਲ ਹੋਣ ਦੇ ਵਿਰੋਧੀ ਹੋ ਗਏ। ਹਾਲਾਂਕਿ ਭਾਰਤੀ ਰਾਜ 'ਚ ਸ਼ਾਮਲ ਹੋਣ ਨੂੰ ਲੈ ਕੇ ਵੀ ਕਾਫ਼ੀ ਸ਼ੰਕੇ ਸਨ। 1947 ਤੋਂ 1953 ਤੱਕ ਸ਼ੇਖ ਅਬਦੂਲਾ ਕਸ਼ਮੀਰ ਦੇ ਪਾਕਿਸਤਾਨ 'ਚ ਰਲੇਵੇਂ ਤੇ ਆਤਮ ਨਿਰਣੇ ਦੇ ਮੁਕਾਬਲਤਨ ਖੁਦਮੁਖਤਿਆਰੀ ਦੇ ਹੱਕ ਵਿਚ ਸਨ। ਆਪਣੀ ਕੌਮੀ ਆਬਰੂ ਪ੍ਰਤੀ ਸੁਚੇਤ ਕਸ਼ਮੀਰ ਲੋਕ ਵੀ ਕੋਈ ਸ਼ਰਤਾਂ ਰੱਖਣ ਬਗੈਰ ਭਾਰਤ 'ਚ ਸ਼ਾਮਲ ਹੋਣ ਬਾਰੇ ਦੁਬਿਧਾ ਵਿਚ ਸਨ। ਆਖਰਕਾਰ ਕਾਫ਼ੀ ਰਾਜਸੀ ਮੰਥਨ ਪਿਛੋਂ ਕਸ਼ਮੀਰ ਇਸ ਸ਼ਰਤ 'ਤੇ ਭਾਰਤ ਵਿਚ ਸ਼ਾਮਲ ਹੋਇਆ ਕਿ ਵਿਦੇਸ਼ੀ ਮਾਮਲਿਆਂ, ਮੁਦਰਾ ਚਲਣ 'ਤੇ ਸੁਰੱਖਿਆ ਮਾਮਲਿਆਂ ਤੋਂ ਇਲਾਵਾ ਭਾਰਤੀ ਰਾਜ ਕਸ਼ਮੀਰ 'ਚ ਦਖ਼ਲ ਨਹੀਂ ਦੇਵੇਗਾ। ਇਸੇ ਆਧਾਰ 'ਤੇ ਸੰਵਿਧਾਨ 'ਚ ਧਾਰਾ 370 ਨੂੰ ਸ਼ਾਮਲ ਕੀਤਾ ਗਿਆ। ਕਸ਼ਮੀਰ ਦੇ ਭਾਰਤ 'ਚ ਸ਼ਾਮਲ ਹੋਣ 'ਤੇ ਕਸ਼ਮੀਰ ਜਨਤਾ ਨਾਲ ਭਵਿੱਖ 'ਚ ਆਤਮ ਨਿਰਣੇ ਬਾਰੇ ਲੋਕ ਰਾਇ ਇਕੱਠੀ ਕਰਨ ਦਾ ਵਾਅਦਾ ਕੀਤਾ ਗਿਆ ਸੀ ਜੋ ਕਦੀ ਵੀ ਪੂਰਾ ਨਹੀਂ ਕੀਤਾ ਗਿਆ। ਨਹਿਰੂ ਦੀ ਦਲੀਲ ਸੀ ਕਿ ਪਾਕਿਸਤਾਨ ਦੀ ਹੱਲਾਸ਼ੇਰੀ ਵਾਲੇ ਹਮਲੇ ਪਿਛੋਂ ਜਦੋਂ ਪਾਕਿਸਤਾਨ ਕਸ਼ਮੀਰ ਦੇ ਉਤਰ ਪੱਛਮੀ ਹਿੱਸੇ ਤੋਂ ਆਪਣੀ ਫੌਜ ਵਾਪਸ ਬੁਲਾ ਲਵੇਗਾ ਉਦੋਂ ਲੋਕ ਰਾਇ ਇਕੱਠੀ ਕੀਤੀ ਜਾਵੇਗੀ। ਪਾਕਿਸਤਾਨੀ ਹੁਕਮਰਾਨਾ ਨੇ ਆਪਣਾ ਕਬਜ਼ਾ ਛੱਡਿਆ ਨਹੀਂ ਅਤੇ ਇਸ ਤਰ੍ਹਾਂ ਭਾਰਤੀ ਰਾਜ ਸੱਤਾ ਨੇ ਲੋਕ ਰਾਇ ਇਕੱਠੀ ਕਰਨ ਤੋਂ ਨਾਂਹ ਕਰ ਦਿੱਤੀ। ਏਧਰ ਦੂਜੇ ਪਾਸੇ ਜੰਮੂ ਵਿਚ ਸ਼ਿਆਮਾ ਪ੍ਰਸ਼ਾਦ ਮੁਖਰਜੀ ਦੀ ਅਗਵਾਈ 'ਚ ਭਾਰਤੀ ਜਨਸੰਘ ਦੀ ਹਮਾਇਤ ਹਾਸਲ ਪਰਜਾ ਪ੍ਰੀਸ਼ਦ ਅੰਦੋਲਨ ਪਿਛੋਂ ਕਸ਼ਮੀਰ ਸਮੱਸਿਆ ਦਾ ਤੇਜ਼ੀ ਨਾਲ ਫਿਰਕੂ ਕਰਨ ਹੋਇਆ। ਇਸ ਦਾ ਸਿੱਟਾ ਸੀ ਕਿ ਕਸ਼ਮੀਰ ਜਨਤਾ ਦਾ ਭਾਰਤ ਤੋਂ ਨਿਖੇੜਾ ਵਧਣ ਲੱਗਿਆ ਅਤੇ ਨਾਲੋਂ ਨਾਲ ਸ਼ੇਖ ਅਬਦੂਲਾ ਹੁਣ ਭਾਰਤੀ ਰਾਜ ਅੰਦਰ ਕਸ਼ਮੀਰ ਦੀ ਖ਼ੁਦਮੁਖਤਿਆਰੀ ਦੀ ਬਜਾਏ ਕਸ਼ਮੀਰ ਦੇ ਆਜ਼ਾਦੀ ਬਾਰੇ ਵਿਚਾਰਨ ਲੱਗੇ। ਇਸ ਦੌਰਾਨ ਨਹਿਰੂ ਤੇ ਸ਼ੇਖ ਅਬਦੂਲਾ 'ਚ ਦੂਰੀਆਂ ਵਧਣ ਲੱਗੀਆਂ ਅਤੇ ਅੰਤ 1953 'ਚ ਨਹਿਰੂ ਨੇ ਸ਼ੇਖ ਅਬਦੂਲਾ ਦੀ ਚੁਣੀ ਸਰਕਾਰੀ ਨੂੰ ਭੰਗ ਕਰ ਦਿੱਤਾ। ਸ਼ੇਖ ਅਬਦੂਲਾ ਦੀ ਥਾਂ ਭਾਰਤੀ ਸਟੇਟ ਨੇ ਆਪਣੇ ਪਿੱਠੂ ਬਖਸ਼ੀ ਗੁਲਾਮ ਮੁਹੰਮਦ ਨੂੰ ਜੰਮੂ ਕਸ਼ਮੀਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਪਿਛੋਂ ਨਹਿਰੂ ਕਸ਼ਮੀਰ ਵਿਚ ਜਨਮਤ ਇਕੱਠਾ ਕਰਨ ਦੇ ਆਪਣੇ ਵਾਅਦੇ ਤੋਂ ਪੂਰੀ ਤਰ੍ਹਾਂ ਹੀ ਮੁਕਰ ਗਏ। ਸੰਨ 1964 'ਚ ਸ਼ੇਖ ਅਬਦੂਲਾ ਜਦੋਂ ਰਿਹਾਅ ਹੋਏ, ਉਦੋਂ ਤੱਕ ਕਸ਼ਮੀਰ 'ਚ ਜਨਮਤ ਇਕੱਠਾ ਕਰਨ 'ਤੇ ਖੁਦਮੁਖਤਿਆਰੀ ਦੇ ਮਾਮਲੇ ਬਾਰੇ ਉਨ੍ਹਾਂ ਦਾ ਰੁਖ ਕਾਫ਼ੀ ਸਮਝੌਤਾਵਾਦੀ ਹੋ ਚੁੱਕਿਆ ਸੀ। 1971 ਦੀ ਭਾਰਤ-ਪਾਕਿ ਜੰਗ ਪਿਛੋਂ ਉਨ੍ਹਾਂ ਨੇ ਭਾਰਤ ਸਰਕਾਰ ਦੇ ਸਾਹਮਣੇ ਆਪਣੇ ਗੋਡੇ ਪੂਰੀ ਤਰ੍ਹਾਂ ਹੀ ਟੇਕ ਦਿੱਤੇ। 1975 'ਚ ਇੰਦਰਾ ਗਾਂਧੀ ਸ਼ੇਖ ਅਬਦੂਲਾ ਦਰਮਿਆਨ ਹੋਏ ਫੈਸਲੇ ਤਹਿਤ ਸ਼ੇਖ ਅਬਦੂਲਾ ਨੇ ਧਾਰਾ 370 ਦੀ ਪ੍ਰਭਾਵਹੀਣਤਾ ਨੂੰ ਵੀ ਮਨਜ਼ੂਰੀ ਦੇ ਦਿੱਤੀ। ਇਸ ਇਤਿਹਾਸਕ ਵਿਸ਼ਵਾਸਘਾਤ ਨੇ ਕਸ਼ਮੀਰ ਦੇ ਲੋਕਾਂ 'ਚ ਨਖੇੜੇ ਨੂੰ ਹੋਰ ਵਧਾਇਆ। ਹਾਲ ਦੀ ਘੜੀ ਇਸ ਪੂਰੇ ਦੌਰ ਵਿਚ ਕਸ਼ਮੀਰ ਜਨਮਤ ਇਕੱਠਾ ਕਰਨ ਤੇ ਖੁਦਮੁਖਤਿਆਰੀ ਦੀ ਮੰਗ ਬਾਰੇ ਵੱਖ-ਵੱਖ ਸੰਗਠਨ ਕਸ਼ਮੀਰੀ ਜਨਤਾ ਅੰਦਰ ਸਰਗਰਮ ਰਹੇ। ਇਹੀ ਉਹ ਦੌਰ ਸੀ ਜਦ ਪਾਕਿਸਤਾਨ ਨੇ ਕਸ਼ਮੀਰ 'ਚ ਦਹਿਸ਼ਤਗਰਦੀ ਨੂੰ ਵੱਡੀ ਪੱਧਰ 'ਤੇ ਹੱਲਾਸ਼ੇਰੀ ਦਿੱਤੀ। 1989 ਤੋਂ ਲੈ ਕੇ 1991-92 ਦਰਮਿਆਨ ਕਈ ਹਜ਼ਾਰ ਕਸ਼ਮੀਰੀਆਂ ਨੇ ਦਹਿਸ਼ਤਗਰਦੀ ਤੇ ਭਾਰਤੀ ਰਾਜ ਸੱਤਾ ਦੇ ਆਪਸੀ ਟਕਰਾਵਾਂ ਦੀ ਕੀਮਤ ਚੁਕਾਈ। ਭਾਰਤ ਰਾਜ ਸੱਤਾ ਦੇ ਵਿਸ਼ਵਾਸਘਾਤ ਅਤੇ ਫੌਜ ਵਲੋਂ ਕਸ਼ਮੀਰੀ ਲੋਕਾਂ 'ਤੇ ਢਾਹੇ ਜਾਣ ਵਾਲੇ ਜਬਰ ਤੇ ਬੇਰਹਿਮ ਲੁਟ ਘਸੁਟ ਨੇ ਇਹ ਜ਼ਮੀਨ ਕਾਫ਼ੀ ਪਹਿਲਾਂ ਤਿਆਰ ਕੀਤੀ ਸੀ। ਜਿਸ ਦੀ ਇਕ ਪ੍ਰਤੀਕ੍ਰਿਆ ਵਜੋਂ ਕਸ਼ਮੀਰ ਨੌਜਵਾਨ ਵੱਡੀ ਗਿਣਤੀ ਵਿਚ ਦਹਿਸ਼ਤਗਰਦੀ ਤੋਂ ਕੱਟੜਪੰਥੀ ਦੇ ਰਾਹ 'ਤੇ ਅੱਗੇ ਵਧਣ ਲੱਗੇ। 1989 ਤੋਂ ਭਾਰਤੀ ਰਾਜ ਨੇ ਦਹਿਸ਼ਤਗਰਦੀ ਖਿਲਾਫ਼ ਵੱਡੀ ਪੱਧਰ 'ਤੇ ਫੌਜੀ ਮੁਹਿੰਮ ਚਲਾਈ ਅਤੇ ਇਸ ਦੌਰ 'ਚ ਖੂੰਖਾਰ ਕਾਨੂੰਨ ਆਫ਼ ਸਪਾ ਵੀ ਲਾਗੂ ਕੀਤਾ ਗਿਆ। ਇਸ ਦੌਰਾਨ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਦੇ ਨਾਂ ਹੇਠ ਫੌਜ ਨੇ ਕਸ਼ਮੀਰੀ ਕਾਂ 'ਤੇ ਬੇਰਹਿਮੀ ਜਬਰ 'ਤੇ ਲੁੱਟ ਕੀਤੀ ਜੋ ਕਿ ਅੱਜ ਤੱਕ ਨਿਰੰਤਰ ਜਾਰੀ ਹੈ। ਦਹਿਸ਼ਤਗਰਦੀ ਨੇ ਕਾਫ਼ੀ ਹੱਦ ਤੱਕ ਕੁਚਲੇ ਜਾਣ ਦੇ ਬਾਵਜੂਦ ਫੌਜ ਦੀ ਮੌਜੂਦਗੀ ਨੂੰ ਭਾਰਤੀ ਰਾਜ ਸੱਤਾ ਇਕ ਹਜ਼ਾਰ ਤੋਂ ਇਕ ਬਹਾਨਿਆਂ ਨਾਲ ਜਾਇਜ਼ ਠਹਿਰਾ ਕੇ ਲੋਕਾਂ ਨੂੰ ਵੀ ਵੱਡੀ ਪੱਧਰ 'ਤੇ ਅਸਰ ਅੰਦਾਜ਼ ਕਰ ਰਹੀ ਹੈ। ਪਿਛਲੇ ਕਰੀਬ ਛੇ ਦਹਾਕਿਆਂ ਤੋਂ ਵੀ ਵੱਧ ਸਮੇਂ ਦੌਰਾਨ ਭਾਰਤੀ ਰਾਜ ਸੱਤਾ ਵਲੋਂ ਕਸ਼ਮੀਰੀ ਲੋਕਾਂ ਦੇ ਜਬਰ, ਲੁਟ-ਖਸੁਟ ਤੇ ਵਾਅਦਾ ਖਿਲਾਫ਼ੀ ਨਾਲ ਉਸ ਦੀ ਆਜ਼ਾਦੀ ਦੀਆਂ ਆਸਾਂ ਉਮੰਗਾਂ ਹੋਰ ਤਿੱਖੀਆਂ ਹੋਈਆਂ ਹਨ। ਨਾਲ ਹੀ ਭਾਰਤੀ ਰਾਜ ਸੱਤਾ ਤੋਂ ਉਨ੍ਹਾਂ ਦਾ ਨਿਖੇੜਾ ਵੀ ਵਧਿਆ ਹੈ। ਫਿਰ ਵੀ ਫੌਜ ਜਬਰ ਦੇ ਬਾਵਜੂਦ ਕਸ਼ਮੀਰੀ ਜਨਤਾ ਦੀ ਖੁਦਮੁਖਤਿਆਰੀ ਤੇ ਆਤਮ ਨਿਰਣੇ ਦੀ ਮੰਗ ਕਦੀ ਵੀ ਦਬਾਈ ਨਹੀਂ ਜਾ ਸਕਦੀ ਪਰ ਇਹ ਗੱਲ ਵੀ ਉਨੀ ਹੀ ਸੱਚ ਹੈ ਕਿ ਇਹ ਮੰਗ ਪੂੰਜੀਵਾਦ ਅੰਦਰ ਕਦੀ ਪੂਰੀ ਨਹੀਂ ਹੋਵੇਗੀ। ਭਾਰਤੀ ਹਾਕਮ ਜਮਾਤ ਵੱਖ-ਵੱਖ ਰਣਨੀਤੀਆਂ ਅਪਣਾਉਂਦੇ ਹੋਇਆਂ ਕਸ਼ਮੀਰ 'ਤੇ ਆਪਣੇ ਅਧਿਕਾਰ ਨੂੰ ਬਣਾਈ ਰੱਖੇਗੀ। ਭਾਰਤ ਤੇ ਪਾਕਿਸਤਾਨ ਦੋਨੋਂ ਦੀਆਂ ਹਾਕਮ ਜਮਾਤਾਂ ਆਪਣੇ ਹਿੱਤਾਂ ਦੀ ਪੂਰਤੀ ਦੇ ਨਜ਼ਰੀਏ ਨਾਲ ਕਸ਼ਮੀਰ ਨੂੰ ਕੌਮੀ ਕੌਮੀਸ਼ਾਨ ਦਾ ਚਿੰਨ੍ਹ ਬਣਾਈ ਰੱਖਣਗੀਆਂ। ਕਸ਼ਮੀਰ ਦੇ ਅਵਾਮ ਦੀਆਂ ਆਸਾਂ ਦੀ ਪੂਰਤੀ ਤਾਂ ਇਕ ਸਮਾਜਵਾਦੀ ਸਮਾਜ 'ਚ ਹੀ ਸੰਭਵ ਹੈ, ਜਿਥੇ ਕਸ਼ਮੀਰ ਸਮੇਤ ਹੋਰ ਦੱਬੀਆਂ ਕੁਚਲੀਆਂ ਕੌਮੀਅਤਾਂ ਨੂੰ ਆਤਮ ਨਿਰਣੇ ਦਾ ਪੂਰਾ ਅਧਿਕਾਰ ਹਾਸਲ ਹੋਵੇਗਾ। ਇਸ ਦਾ ਅਰਥ ਇਹ ਹੋਇਆ ਕਿ ਕਸ਼ਮੀਰ ਅਤੇ ਹੋਰ ਕੌਮੀਅਤਾਂ ਦੇ ਆਤਮ ਨਿਰਣੇ ਦੇ ਅਧਿਕਾਰ ਦਾ ਸੰਘਰਸ਼ ਸਮਾਜਵਾਦ ਲਈ ਪ੍ਰੋਲੇਤਾਰੀ ਇਨਕਲਾਬ ਦੇ ਸੰਘਰਸ਼ ਨਾਲ ਜੁੜਿਆ ਹੈ।

(ਸਰੋਤ ਮਜ਼ਦੂਰ ਬਿਗਲ ਮਈ 2016)



98156-29301
**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

ਸੁਆਲ-ਸੰਵਾਦ

# ਠੇਸ ਦੀ ਸਦੀਵੀ ਜਦ ਵਿਚ ਆਈਆਂ ਭਾਵਨਾਵਾਂ



ਦਲਜੀਤ ਅਮੀ

ਅਪਰੇਸ਼ਨ ਬਲਿਊ ਸਟਾਰ ਦੀ ੩੨ਵੀਂ ਵਰਸੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਨੇ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਮੀਡੀਆ ਉੱਤੇ ਪਾਬੰਦੀ ਲਗਾਉਣ ਦਾ ਤਰੱਦਦ ਕੀਤਾ। ਇਸ ਪਾਬੰਦੀ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਅਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਅਮਰ ਸਿੰਘ ਚਹਿਲ ਨੂੰ ਚਿੱਠੀ ਲਿਖੀ। ਪਸ਼ੇਮਾਨ ਹੋਈ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਨੇ ਅਜਿਹੀ ਕਿਸੇ ਪਾਬੰਦੀ ਲਗਾਉਣ ਤੋਂ ਪੱਲਾ ਝਾੜ ਲਿਆ। ਪਾਬੰਦੀ ਲਗਾਉਣ ਬਾਬਤ ਦਲੀਲ ਦਿੱਤੀ ਗਈ ਕਿ 'ਸਿੱਖਾਂ ਦੀ ਭਾਵਨਾਵਾਂ ਨੂੰ ਭਟਕਾਹਟ ਤੋਂ ਬਚਾਉਣ ਲਈ' ਇਹ ਪੇਸ਼ਬੰਦੀ ਜ਼ਰੂਰੀ ਹੈ। ਇਹੋ ਦਲੀਲ ਪਾਬੰਦੀ ਦੀਆਂ ਖ਼ਬਰਾਂ ਤੋਂ ਪਸ਼ੇਮਾਨ ਹੋਏ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦੇ ਬੁਲਾਰੇ ਦਿੰਦੇ ਹਨ। ਪਾਬੰਦੀ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਸਿੱਖਾਂ ਧਿਰ ਆਪਣੇ ਪੱਖ ਵਿੱਚ ਇਹੋ ਦਲੀਲ ਦਿੰਦੀਆਂ ਹਨ ਕਿ ਪਾਬੰਦੀ ਰਾਹੀਂ 'ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ' ਲਗਾਈ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾ ਦੇਣ ਤੋਂ ਇਨਕਾਰ ਕਰ ਕੇ ਅਰਦਾਸੀਏ ਬਲਬੀਰ ਸਿੰਘ ਨੇ 'ਪੰਥ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਦੀ ਨੁਮਾਇੰਦਗੀ' ਅਤੇ 'ਪੰਥ ਦੀਆਂ ਭਾਵਨਾਵਾਂ ਨੂੰ ਠੇਸ ਲਗਾਉਣ ਦੀ ਕਾਰਵਾਈ' ਕੀਤੀ ਹੈ। ਹਰ ਧਿਰ ਆਪਣੇ-ਆਪ ਅਤੇ ਆਪਣੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ 'ਪੰਥ ਦੀ ਠੇਸ' ਦੀ ਵਿਆਖਿਆ ਕਰਦੀ ਹੈ।

ਇਸ ਮਾਹੌਲ ਵਿੱਚ ਜਥੇਦਾਰ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦੀ ਭਰੋਸੇਯੋਗਤਾ ਬਾਬਤ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਜਾ ਸਕਦੀਆਂ ਸਨ। ਇਹ ਦਾਅਵਾ ਕੀਤਾ ਜਾ ਸਕਦਾ ਸੀ ਕਿ ਲੋਕਾਂ ਅੰਦਰਲੇ ਰੋਹ ਦਾ ਪ੍ਰਗਟਾਵਾ ਬਲਿਊ ਸਟਾਰ ਦੀ ਵਰਸੀ ਮੌਕੇ ਹੋ ਸਕਦਾ ਹੈ। ਪਿਛਲੇ ਸਾਲ 'ਸਰਬਤ ਖ਼ਾਲਸਾ' ਰਾਹੀਂ ਥਾਪੇ ਗਏ ਜਥੇਦਾਰਾਂ ਦੀਆਂ ਦਾਅਵੇਦਾਰੀਆਂ ਅਤੇ ਉਨ੍ਹਾਂ ਦਾ ਮੌਜੂਦਾ ਜਥੇਦਾਰਾਂ ਨਾਲ ਟਕਰਾਅ ਇਸ ਮੌਕੇ ਸਾਹਮਣੇ ਆ ਸਕਦਾ ਸੀ। ਰਣਜੀਤ ਸਿੰਘ ਢੱਡਰੀਆਂਵਾਲੇ ਅਤੇ ਹਰਨਾਮ ਸਿੰਘ ਧੁੰਮੇ ਵਿਚਕਾਰਲਾ ਤਣਾਅ ਇਸ ਮੌਕੇ ਟਕਰਾਅ ਵਜੋਂ ਜ਼ਾਹਰ ਹੋ ਸਕਦਾ ਸੀ। ਮੌਜੂਦਾ ਹਾਲਾਤ ਨਾਲ ਜੁੜੇ ਇਨ੍ਹਾਂ ਟਕਰਾਅ ਦੇ ਖ਼ਦਸ਼ਿਆਂ ਤੋਂ ਇਲਾਵਾ ਜੇ ਕੋਈ ਅਣਸੁਖਾਵੀਂ ਘਟਨਾ ਉਸ ਮੌਕੇ ਹੋ ਜਾਂਦੀ ਤਾਂ ਹਰ ਧਿਰ ਕੋਲ ਉਸ ਦੀ ਵਿਆਖਿਆ ਪਹਿਲਾਂ ਹੀ ਪਈ ਹੈ। ਨਾਵਾਂ, ਤਰੀਕਾਂ ਅਤੇ ਥਾਂ ਦੀਆਂ ਤਬਦੀਲਆਂ ਤੋਂ ਬਾਅਦ ਬਿਆਨ ਜਾਰੀ ਕਰ ਦਿੱਤੇ ਜਾਣੇ ਸਨ। ਹੁਣ ਵੀ ਹੋਏ ਹਨ। ਕਿਸ ਨੇ ਮਾਹੌਲ ਨੂੰ ਖ਼ਰਾਬ ਕਰਨ ਦਾ ਉਪਰਾਲਾ ਕੀਤਾ ਅਤੇ ਕਿਸ ਨੇ ਮਰਿਆਦਾ ਕਾਇਮ ਰੱਖੀ?

ਜੇ ਇਨ੍ਹਾਂ ਹਾਲਾਤ ਦੀ ਪੜਚੋਲ ਨੂੰ ਛੱਡ ਕੇ ਮੀਡੀਆ ਉੱਤੇ ਪਾਬੰਦੀ ਦੀ ਤਜਵੀਜ਼ ਅਤੇ ਇਸ ਤੋਂ ਬਾਅਦ ਦੀਆਂ ਸਫ਼ਾਈਆਂ ਦੇ ਹਵਾਲੇ ਨਾਲ ਪੱਤਰਕਾਰੀ ਦੀ ਹਾਲਤ ਬਾਰੇ ਚਰਚਾ ਕਰਨੀ ਜ਼ਰੂਰੀ ਬਣਦੀ ਹੈ। ਇਹ ਵੇਖਣਾ ਅਹਿਮ ਹੈ ਕਿ ਸ਼੍ਰੋਮਣੀ ਕਮੇਟੀ ਵਰਗੇ ਅਦਾਰੇ ਮੀਡੀਆ ਉੱਤੇ ਪਾਬੰਦੀ ਲਗਾਉਣ ਬਾਬਤ ਕਿਵੇਂ ਸੋਚ ਸਕਦੇ ਹਨ? ਕੀ ਇਹ ਸੋਚ ਕਿਸੇ ਵਡੇਰੇ ਰੁਝਾਨ ਦਾ ਹਿੱਸਾ ਹੈ ਜਾਂ ਕੁਝ ਅਹੁਦੇਦਾਰਾਂ ਦੀ ਤਾਕਤ ਦਾ ਗੁਮਾਨ ਹੈ? ਇਹ ਦਰਜ ਕਰਨਾ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਵਿਚਕਾਰ ਸਿਆਸੀ ਏਕਾ ਹੈ ਪਰ ਪ੍ਰਬੰਧਕੀ ਇੰਤਜ਼ਾਮ ਵੱਖਰਾ ਹੈ। ਇਸ ਰਿਸ਼ਤੇ ਤਹਿਤ ਇਨ੍ਹਾਂ ਤਿੰਨਾਂ ਵਿਚਕਾਰ ਕੁਝ ਲਚਕ ਬਣੀ ਰਹਿੰਦੀ ਹੈ ਜੋ ਫ਼ੈਸਲੇ ਕਰਨ, ਫ਼ੈਸਲਿਆਂ ਨੂੰ ਲਾਗੂ ਕਰਨ ਜਾਂ ਉਨ੍ਹਾਂ ਨੂੰ ਰੱਦ ਕਰਨ ਵਿੱਚ ਸਹਾਈ ਹੁੰਦੀ ਹੈ। ਇਹ ਆਪਣੀ-ਆਪਣੀ ਵੱਖਰੀ ਹੋਂਦ ਦੀ ਦਾਅਵੇਦਾਰੀ ਜਤਾਉਂਦੇ ਰਹਿੰਦੇ ਹਨ ਅਤੇ ਇੱਕ-ਦੂਜੇ ਉੱਤੇ ਵੀ ਦਾਅਵੇਦਾਰੀ ਕਾਇਮ ਰੱਖਦੇ ਹਨ। ਬਾਹਰੋਂ ਇਨ੍ਹਾਂ ਦਾ ਵਖਰੇਵਾਂ ਕਰਨਾ ਔਖਾ ਕੰਮ ਹੈ। ਇਹ ਪਤਾ ਨਹੀਂ ਲੱਗਦਾ ਕਿ ਕਦੋਂ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਹੁਕਮ ਕਰ ਦਿੰਦੀ ਹੈ—ਕਦੋਂ ਸ਼੍ਰੋਮਣੀ ਕਮੇਟੀ ਸੜਕ ਹਾਦਸਿਆਂ ਦੇ ਸ਼ਿਕਾਰ ਹੋਏ ਜੀਅ ਨੂੰ ਆਪਣੇ ਖ਼ਾਤੇ ਵਿੱਚੋਂ ਸਰਕਾਰੀ ਮੁਆਵਜ਼ਾ ਦੇਣ ਦਾ ਐਲਾਨ ਕਰਦੀ ਹੈ—ਕਦੋਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਦਾ ਕਾਇਦਾ-ਕਾਨੂੰਨ ਦਰਕਿਨਾਰ ਕਰ ਕੇ ਨਵੇਂ ਅਹੁਦੇ ਬਣਾਉਂਦਾ ਹੈ ਅਤੇ ਆਪਣੇ ਬੰਦੇ ਨੂੰ ਕੁਰਸੀ ਉੱਤੇ ਬਿਠਾਉਂਦਾ ਹੈ। ਇਨ੍ਹਾਂ ਹਾਲਾਤ ਵਿੱਚ ਇਹ ਕਾਗ਼ਜ਼ੀ ਫ਼ੈਸਲਾ ਕਿਸੇ ਦਾ ਵੀ ਹੋਵੇ ਪਰ ਇਸ ਤਿਕੜੀ ਦੀ ਅਚਵੀ ਦਾ ਪ੍ਰਗਟਾਵਾ ਕਰਦਾ ਹੈ।

ਪੰਜਾਬ ਸਰਕਾਰ ਦੀ ਸਰਪ੍ਰਸਤੀ ਵਿੱਚ ਚੱਲਦੇ 'ਨਿੱਜੀ ਪੰਜਾਬੀ ਚੈਨਲ' ਦੇ ਕਾਰੋਬਾਰੀ ਵਧਾਰੇ-ਪਸਾਰੇ ਲਈ ਪਾਬੰਦੀਆਂ ਦੀ ਕਾਰਵਾਈ ਲਗਾਤਾਰ ਚੱਲਦੀ ਰਹਿੰਦੀ ਹੈ। ਸਰਕਾਰ ਦੇ ਲੋਕ ਸੰਪਰਕ ਮਹਿਕਮੇ ਅਤੇ ਮੀਡੀਆ ਸਲਾਹਕਾਰਾਂ ਦੀ ਵੱਡੀ ਫ਼ੌਜ ਸਰਕਾਰੀ ਇਸ਼ਤਿਹਾਰ ਨੂੰ ਖ਼ਬਰਾਂ ਵਜੋਂ ਨਸ਼ਰ ਕਰਵਾਉਣ ਲਈ ਪੱਤਰਕਾਰਾਂ ਦੀਆਂ ਸੇਵਾਵਾਂ ਲੈਂਦੀ ਹੈ। ਇਹ ਮਸ਼ਕ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਕਰਦੇ ਹਨ। ਅਮ੍ਰਿਤਸਰ ਦੇ ਪੱਤਰਕਾਰ ਅਤੇ ਲੋਕ ਸੰਪਰਕ ਮਹਿਕਮੇ ਵਾਲੇ ਧਰਮ ਪ੍ਰਚਾਰ ਦੇ ਪੈਸੇ ਵਿੱਚੋਂ ਪ੍ਰਾਹੁਣਚਾਰੀ ਦੇ ਹਜ਼ਾਰਾਂ ਕਿੱਸੇ ਸੁਣਾਉਂਦੇ ਹਨ ਜੋ ਮਹਿਫ਼ਲਾਂ ਤੋਂ ਕਾਗ਼ਜ਼ਾਂ ਤੱਕ ਨਹੀਂ ਪਹੁੰਚਦੇ। ਅਮ੍ਰਿਤਸਰ ਦਾ ਪੱਤਰਕਾਰਾ ਤਬਕਾ 1980ਵਿਆਂ ਦੇ ਦੌਰ ਵਿੱਚ ਅਕਾਲੀ ਦਲ ਦੀਆਂ ਫਾਂਟਾਂ ਮੁਤਾਬਕ ਧੜਿਆਂ ਵਿੱਚ ਵੰਡਿਆ ਰਿਹਾ ਹੈ ਅਤੇ ਹੁਣ ਆਪਣੀ-ਆਪਣੀ ਵਫ਼ਾਦਾਰੀਆਂ ਨੂੰ ਹੁਣ ਤੱਕ 'ਚਿੱਟੀ' ਅਤੇ ਦੂਜਿਆਂ ਦੀਆਂ ਵਫ਼ਾਦਾਰੀਆਂ ਨੂੰ 'ਪੀਲੀ' ਪੱਤਰਕਾਰੀ ਕਰਾਰ ਦਿੰਦਾ ਹੈ। ਇਸ ਤਰੀਕੇ ਨਾਲ ਦਰਬਾਰ ਸਾਹਿਬ ਦੇ ਅੰਦਰ ਅਤੇ ਸ਼੍ਰੋਮਣੀ ਕਮੇਟੀ ਵਿੱਚ ਪੱਤਰਕਾਰਾ ਦਖ਼ਲ ਜਾਂ ਦਾਖ਼ਲਾ ਕਿਸੇ ਪਾਬੰਦੀ ਜਾਂ ਖੁੱਲ੍ਹ ਦਾ ਮੁਹਤਾਜ ਨਹੀਂ ਹੈ।

ਇਹ ਸੁਆਲ ਪੁੱਛਣਾ ਬਣਦਾ ਹੈ ਕਿ ਸ਼੍ਰੋਮਣੀ ਕਮੇਟੀ ਕਿਸ ਤਰ੍ਹਾਂ ਦੀ ਪੱਤਰਕਾਰੀ ਨੂੰ 'ਸਿੱਖਾਂ ਦੀ ਭਾਵਨਾਵਾਂ ਨੂੰ ਭੜਕਾਉਣ'



ਹਰਚਰਨ ਸਿੰਘ ਤੋਂ ਇਹ ਤਵੱਕੋ ਕੀਤੀ ਜਾ ਸਕਦੀ ਹੈ ਕਿ ਉਹ ਆਪਣੀ ਦਲੀਲ ਨੂੰ ਜ਼ਰਾ ਮਿਸਾਲ ਦੇ ਕੇ ਜਾਂ ਤਫ਼ਸੀਲ ਨਾਲ ਸਮਝਾਉਣ। ਇਸ ਸੁਆਲ ਦੇ ਜੁਆਬ ਦੀ ਉਡੀਕ ਅਕਾਰਥ ਹੈ। ਸੁਆਲ ਇਹ ਬਣਦਾ ਹੈ ਕਿ ਕੀ ਸ਼੍ਰੋਮਣੀ ਕਮੇਟੀ ਨੂੰ ਪਾਬੰਦੀ ਲਗਾਉਣ ਦਾ ਹੱਕ ਹੈ? ਜਦੋਂ ਦਰਬਾਰ ਸਾਹਿਬ ਜਨਤਕ ਅਸਥਾਨ ਹੈ ਅਤੇ ਇਸ ਅਸਥਾਨ ਦਾ ਅਕੀਦਾ ਸਭ ਦੀ ਆਮਦ ਦਾ ਸੁਆਗਤ ਕਰਦਾ ਹੈ ਤਾਂ ਪੱਤਰਕਾਰ ਉੱਤੇ ਪਾਬੰਦੀ ਕਿਵੇਂ ਲੱਗ ਸਕਦੀ ਹੈ? ਸਰਕਾਰੀ ਸਰਪ੍ਰਸਤੀ ਵਾਲੇ ਨਿੱਜੀ ਚੈਨਲ ਦੇ ਪ੍ਰਸਾਰਨ ਨੂੰ ਨਿਵੇਕਲਾ ਰੱਖਣ ਲਈ ਦਰਬਾਰ ਸਾਹਿਬ ਅੰਦਰ ਵੀਡੀਓ ਕੈਮਰੇ ਉੱਤੇ ਪਾਬੰਦੀ ਲੱਗੀ ਹੋਈ ਹੈ। ਪਰਿਕਰਮਾ ਵਿੱਚ ਜਾਂ ਕਿਸੇ ਹੋਰ ਇਮਾਰਤ ਦੀ ਛੱਤ ਉੱਤੇ ਟਰਾਈਪੌਡ ਲਗਾਉਣ ਦੀ ਪਾਬੰਦੀ ਸਦਾ ਲੱਗੀ ਰਹਿੰਦੀ ਹੈ। ਇਸ ਤੋਂ ਬਾਅਦ ਫੋਟੋ ਖਿੱਚਣ ਅਤੇ ਮੌਕੇ ਉੱਤੇ ਹਾਜ਼ਰ ਹੋਣ ਦਾ ਮਸਲਾ ਹੈ। ਸ਼੍ਰੋਮਣੀ ਕਮੇਟੀ ਕਿਸੇ ਨਾਲ ਇਸ ਕਰ ਕੇ ਵਿਤਕਰਾ ਨਹੀਂ ਕਰ ਸਕਦੀ ਕਿ ਫੋਟੋ ਖਿੱਚਣ ਵਾਲਾ/ਵਾਲੀ ਜਾਂ ਮੌਕੇ ਦੀ ਹਾਜ਼ਰੀ ਭਰਨ ਵਾਲਾ/ਵਾਲੀ ਪੇਸ਼ੇ ਵਜੋਂ ਪੱਤਰਕਾਰ ਹੈ। ਜਦੋਂ ਪੱਤਰਕਾਰਾ ਦਖ਼ਲਅੰਦਾਜ਼ੀ ਨੂੰ ਹਾਜ਼ਰੀ ਦੀ ਲੋੜ ਨਹੀਂ ਹੈ ਅਤੇ ਹਾਜ਼ਰੀ ਉੱਤੇ ਪਾਬੰਦੀ ਲਗਾਉਣਾ ਸ਼੍ਰੋਮਣੀ ਕਮੇਟੀ ਦੇ ਅਕੀਦੇ ਤੋਂ ਬਾਹਰ ਹੈ ਤਾਂ ਪੁਲਿਸ ਕਮਿਸ਼ਨਰ ਨੂੰ ਚਿੱਠੀ ਲਿਖਣ ਦਾ ਤਰੱਦਦ ਕਿਉਂ ਅਤੇ ਕਿਵੇਂ ਹੁੰਦਾ ਹੈ? ਇਹ ਚਿੱਠੀ ਲਿਖਣ ਦਾ ਨੈਤਿਕ ਅਖ਼ਤਿਆਰ ਕਿਸ ਜ਼ਮੀਨ ਵਿੱਚੋਂ ਉਪਜਦਾ ਹੈ?

ਪੂਰੇ ਮੁਲਕ ਵਿੱਚ ਪੱਤਰਕਾਰੀ ਦਾ ਘੇਰਾ ਤੈਅ ਕਰਨ ਉੱਤੇ ਸਰਕਾਰੀ ਅਤੇ ਗ਼ੈਰ-ਸਰਕਾਰੀ ਪਹਿਲਕਦਮੀਆਂ ਹੋ ਰਹੀਆਂ ਹਨ। ਮੀਡੀਆ ਉੱਤੇ ਸਨਸਨੀ ਫੈਲਾਉਣ ਤੋਂ ਲੈ ਕੇ ਸਰਕਾਰੀ ਚਾਕਰੀ ਤੱਕ ਦੇ ਇਲਜ਼ਾਮ ਲੱਗ ਰਹੇ ਹਨ। ਨਕਸਲੀ ਇਲਾਕੇ ਵਿੱਚੋਂ ਸਰਕਾਰ ਨੂੰ ਔਖ ਪੈਦਾ ਕਰਨ ਵਾਲੇ ਪੱਤਰਕਾਰਾਂ ਨੂੰ ਕੱਢਿਆ ਜਾ ਰਿਹਾ ਹੈ। ਆਪਣੇ ਆਪ ਨੂੰ ਨਿਰਪੱਖ ਅਤੇ ਰਾਸ਼ਟਰਵਾਦੀ ਪੱਤਰਕਾਰੀ ਦਾ ਨੁਮਾਇੰਦਾ ਕਹਿਣ ਵਾਲਾ ਸੁਭਾਸ਼ ਚੰਦਰ ਰਾਜ ਸਭਾ ਦੀ ਚੋਣ ਆਜ਼ਾਦ ਉਮੀਦਵਾਰ ਵਜੋਂ ਹਰਿਆਣੇ ਤੋਂ ਲੜ ਰਿਹਾ ਹੈ। ਭਲਾ! ਰਾਜ ਸਭਾ ਦੀ ਚੋਣ ਵੀ ਆਜ਼ਾਦ ਉਮੀਦਵਾਰ ਲੜ ਸਕਦਾ ਹੈ? ਇਹ ਸੁਆਲ ਅਜੀਤ ਦੇ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਤੋਂ ਪੁੱਛਣ ਦੀ ਮਨਾਹੀ ਹੈ! ਹਰ ਸੂਬੇ ਵਿੱਚ ਸਿਆਸੀ ਪਾਰਟੀਆਂ ਆਪਣੇ ਖ਼ਬਰੀਆ/ਪ੍ਰਚਾਰ ਚੈਨਲ ਚਲਾ ਰਹੀਆਂ ਹਨ। ਪੱਤਰਕਾਰਾਂ ਦੇ ਕੰਮ ਵਿੱਚ ਸਰਕਾਰੀ/ਗ਼ੈਰ-ਸਰਕਾਰੀ ਅਤੇ ਇੰਤਜ਼ਾਮੀਆ ਦੀ ਬਣੀ ਹੋਈ ਹੈ। ਤਹਿਲਕਾ ਦੀ ਖੋਜੀ ਪੱਤਰਕਾਰ ਰਾਣਾ ਅਯੂਬ ਨੂੰ ਆਪਣੀ ਕਿਤਾਬ ਆਪ ਛਾਪਣੀ ਪਈ ਹੈ। ਜ਼ਿਆਦਾਤਰ ਅਖ਼ਬਾਰਾਂ ਵਿੱਚ ਇਸ਼ਤਿਹਾਰਾਂ ਅਤੇ ਖ਼ਬਰਾਂ ਦਾ ਨਿਖੇੜਾ ਕਰਨਾ ਔਖਾ ਹੋ ਗਿਆ ਹੈ। ਪੰਜਾਬ ਦੇ ਇੱਕ ਵੱਡੇ ਅਖ਼ਬਾਰ ਦੀਆਂ ਸੰਪਾਦਕੀਆਂ ਅਤੇ ਲੋਕ ਸੰਪਰਕ ਮਹਿਕਮੇ ਦੇ ਬਿਆਨਾਂ ਵਿੱਚ ਨਿਖੇੜਾ ਕਰਨ ਲਈ ਚੋਖਾ ਹੁਨਰ ਦਰਕਾਰ ਹੈ।

ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੂੰ ਪਤਾ ਹੈ ਕਿ ਕਿਸੇ ਪੱਤਰਕਾਰ ਉੱਤੇ ਕਦੇ ਦਰਬਾਰ ਸਾਹਿਬ ਦੀ ਮਰਿਆਦਾ ਉਲੰਘਣ ਦੇ ਇਲਜ਼ਾਮ ਨਹੀਂ ਲੱਗੇ ਪਰ ਪੱਤਰਕਾਰਾਂ ਨੂੰ ਮਿਲੀਆਂ ਧਮਕੀਆਂ ਅਤੇ ਹੋਏ ਹਮਲਿਆਂ ਦਾ ਇਤਿਹਾਸ ਕਿਸੇ ਲੇਖ ਦਾ ਵਿਸ਼ਾ ਬਣ ਸਕਦਾ ਹੈ। ਜਦੋਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦਾ ਪੰਜਾਬ ਦੀ ਪੱਤਰਕਾਰੀ ਉੱਤੇ ਗ਼ਲਬਾ ਕਾਇਮ ਹੈ ਅਤੇ ਦਰਬਾਰ ਸਾਹਿਬ ਵਿੱਚੋਂ ਪੱਤਰਕਾਰਾ ਪਹੁੰਚ ਨੂੰ ਖ਼ਤਮ ਕਰਨਾ ਉਨ੍ਹਾਂ ਦੇ ਵਸੋਂ ਬਾਹਰ ਹੈ ਤਾਂ ਉਹ ਇਸ ਮਸ਼ਕ ਵਿੱਚ ਕਿਉਂ ਪੈਂਦੇ ਹਨ? ਇਹ ਦਰਅਸਲ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਦੇ ਏਕੇ ਅੰਦਰਲੀ ਅਚਵੀ ਹੈ ਜੋ ਇਸ ਮੌਕੇ ਬਾਹਰ ਆਈ ਹੈ? ਇਹ ਮੀਡੀਆ ਨੂੰ ਇਹ ਦਰਸਾਉਣ ਦੀ ਮਸ਼ਕ ਜਾਪਦੀ ਹੈ ਕਿ ਮਾਲਕ ਕੌਣ ਹੈ!

ਦੂਜੇ ਪਾਸੇ ਜਦੋਂ ਪੱਤਰਕਾਰਾ ਤਬਕੇ ਨੂੰ ਪਤਾ ਹੈ ਕਿ ਇਸ ਪਾਬੰਦੀ ਨਾਲ ਨਾ ਉਨ੍ਹਾਂ ਦੀ ਦਰਬਾਰ ਸਾਹਿਬ ਤੱਕ ਪਹੁੰਚ ਉੱਤੇ ਫ਼ਰਕ ਨਹੀਂ ਪੈਂਦਾ ਅਤੇ ਨਾ ਹੀ ਉਨ੍ਹਾਂ ਦੇ ਅਦਾਰੇ ਖ਼ਬਰਾਂ ਨੂੰ ਨਸ਼ਰ ਕਰਨ ਤੋਂ ਇਨਕਾਰ ਕਰਨ ਪਾਬੰਦ ਹਨ। ਅਮ੍ਰਿਤਸਰ ਦੀ ਪੱਤਰਕਾਰਾ ਲੋਕਧਾਰਾ ਵਿੱਚ ਉਨ੍ਹਾਂ ਖ਼ਬਰਾਂ ਦੀ ਲੰਮੀ ਫਿਹਰਿਸਤ ਹੈ ਜੋ ਪੱਤਰਕਾਰਾਂ ਨੇ ਆਪੇ-ਬਣਾਏ 'ਜਾਬਤੇ' ਤਹਿਤ ਨਸ਼ਰ ਨਹੀਂ ਕੀਤੀਆਂ। ਜਦੋਂ ਇਹ ਤਬਕਾ ਆਪ ਹੀ 'ਜਾਬਤੇ' ਵਿੱਚ ਰਹਿੰਦਾ ਹੈ ਤਾਂ ਇਸ ਪਾਬੰਦੀ ਦੀ ਤਜਵੀਜ਼ ਤੋਂ ਔਖ ਕਿਉਂ ਮੰਨਦਾ ਹੈ? ਹਰਚਰਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਮੀਡੀਆ ਨੇ ਵਾਅਦਾ ਕੀਤਾ ਹੈ ਭੜਕਾਹਟ ਵਾਲੀਆਂ ਖ਼ਬਰਾਂ ਨਸ਼ਰ ਨਹੀਂ ਕਰੇਗਾ। ਇਹ ਮੀਡੀਆ ਬੇਨਾਮ ਕਿਉਂ ਹੈ? ਮੀਡੀਆ ਦੀ ਨੁਮਾਇੰਦਗੀ ਕਿਸ ਜਥੇਬੰਦੀ ਜਾਂ ਬੰਦੇ ਜਾਂ ਅਦਾਰੇ ਨੇ ਕੀਤੀ ਹੈ? ਹਰਚਰਨ ਸਿੰਘ ਨੂੰ ਇਹ ਸੁਆਲ ਪੁੱਛਣਾ ਬਣਦਾ ਹੈ ਕਿ ਕੀ ਉਹ ਸਰਕਾਰੀ ਸਰਪ੍ਰਸਤੀ ਵਾਲੇ ਨਿੱਜੀ ਚੈਨਲ ਨੂੰ ਮੀਡੀਆ ਦਾ ਹਿੱਸਾ ਮੰਨਦੇ ਹਨ ਜਾਂ ਨਹੀਂ? ਜੇ ਪਾਬੰਦੀ ਲਾਗੂ ਕਰਨੀ ਪੈਂਦੀ ਤਾਂ ਇਹ ਨਿੱਜੀ ਚੈਨਲ ਉਸ ਪਾਬੰਦੀ ਦੇ ਘੇਰੇ ਵਿੱਚ ਆਉਣਾ ਸੀ ਜਾਂ ਇਹ ਆਪਣੇ ਸੀਲ ਹੋਣ ਦੀ ਜ਼ਾਮਨੀ ਭਰ ਚੁੱਕਿਆ ਹੈ? ਉਂਝ ਸੁਆਲ ਤਾਂ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਕੀ ਪਾਬੰਦੀ ਦੀ ਇਹ ਸੋਚ ਨਵੇਂ ਬਣੇ ਅਹੁਦੇ ਉੱਤੇ ਮਿਲਦੀ ਵੱਡੀ ਤਨਖ਼ਾਹ ਨੂੰ ਜਾਇਜ਼ ਕਰਾਰ ਦੇਣ ਦੀ ਮਸ਼ਕ ਹੈ? ਜਿਵੇਂ ਨਵੇਂ ਅਹੁਦੇ ਜਾਇਜ਼ ਕਰਾਰ ਦਿੱਤੇ ਜਾਂਦੇ ਹਨ ਉਵੇਂ ਮੁੱਦੇ ਜਾਇਜ਼ ਬਣਾਏ ਜਾਂਦੇ ਹਨ ਅਤੇ ਕਾਰਵਾਈਆਂ ਨੂੰ ਮੁਨਾਸਬ ਕਰਾਰ ਦਿੱਤਾ ਜਾਂਦਾ ਹੈ। ਕਹਿਣ ਨੂੰ ਕੁਝ ਨਹੀਂ ਹੋਇਆ ਪਰ ਇਸ ਸੋਚ ਨਾਲ ਪੰਜਾਬ ਦੀ ਧੜਕਣ ਦਾ ਅੰਦਾਜ਼ਾ ਹੁੰਦਾ ਹੈ ਜਿਸ ਦਾ ਤਵਾਜ਼ਨ ਮੌਕਾ ਮਿਲਦੇ ਹੀ ਡੋਲ ਜਾਂਦਾ ਹੈ। ਨਤੀਜੇ ਵਜੋਂ ਭਾਵਨਾਵਾਂ ਠੇਸ ਦੀ ਜੱਦ ਵਿੱਚ ਰਹਿੰਦੀਆਂ ਹਨ ਅਤੇ ਹਰ ਧਿਰ ਦਾ ਬਿਆਨ ਨਵੇਂ ਮੌਕੇ ਦੀ ਉਡੀਕ ਵਿੱਚ ਰਹਿੰਦਾ ਹੈ।

97811-21873

## ਇੱਕ ਡਾਕਟਰ ਇਹ ਵੀ



ਬਠਿੰਡਾ ਜ਼ਿਲੇ ਦੇ ਲਹਿਰਾ ਮੁਹੱਬਤ ਦੀ ਸਰਕਾਰੀ ਡਿਸਪੈਂਸਰੀ (ਪੀ ਐਚ ਸੀ) ਵਿੱਚ ਤਾਇਨਾਤ ਇਹ ਡਾਕਟਰ ਪੂਰੇ ਸਮੇਂ ਤੇ ਡਿਊਟੀ ਪਹੁੰਚ ਜਾਂਦਾ ਹੈ। ਮਰੀਜ਼ਾਂ ਦੇ ਨਾਮ ਇੱਕ ਹੋਰ ਮੁਲਾਜ਼ਮ ਲਿਖਕੇ ਵਾਰੀ ਦੀ ਉਡੀਕ ਕਰਨ ਲਈ ਕਹਿੰਦਾ ਹੈ। ਰੋਜ਼ਾਨਾ ਲਗਭਗ 150-200 ਮਰੀਜ਼ ਪੂਰੇ ਪੰਜਾਬ ਵਿੱਚੋਂ ਆਉਂਦਾ ਹੈ। ਹਰ ਇੱਕ ਮਰੀਜ਼ ਨੂੰ ਉਸਦਾ ਨਾਮ ਲੈ ਲੈ ਕੇ ਪੰਜ ਤੋਂ ਦਸ ਮਿੰਟ ਚੈੱਕ ਕਰਦਾ ਹੈ। ਦਵਾਈ ਜੋ ਹੁੰਦੀ ਹੈ ਉਹ ਅੰਦਰੋਂ ਮਿਲ ਜਾਂਦੀ ਹੈ ਬਾਕੀ ਬਾਹਰੋਂ 50-60 ਪਰਸੈਂਟ ਰੇਟ 'ਤੇ ਮਿਲਦੀ ਹੈ। ਭਾਵੇਂ ਸਰਕਾਰੀ ਟਾਈਮ ਦੋ ਵਜੇ ਖਤਮ ਹੋਣ ਤੇ ਬਾਕੀ ਮੁਲਾਜ਼ਮ ਚਲੇ ਜਾਂਦੇ ਹਨ ਪਰ ਇਹ ਡਾਕਟਰ ਅਸ਼ਵਨੀ ਸ਼ਰਮਾ ਜਿੰਨਾ ਟਾਈਮ ਮਰੀਜ਼ ਨਹੀਂ ਪੂਰੇ ਦੇਖੇ ਜਾਂਦੇ ਉਨਾ ਟਾਈਮ ਘਰ ਨਹੀਂ ਜਾਂਦੇ। ਇੱਕ ਵਾਰ ਆਪ ਦੀ ਬਦਲੀ ਹੋ ਗਈ ਸੀ ਪਰ ਲੋਕ ਸੰਘਰਸ਼ ਅੱਗੇ ਸਰਕਾਰ ਨੂੰ ਬਦਲੀ ਵਾਪਸ ਲੈਣੀ ਪਈ ਸੀ। ਉਸ ਸਮੇਂ ਜਦੋਂ ਇੱਕ ਪੱਤਰਕਾਰ ਨੇ ਡਿਸਪੈਂਸਰੀ ਦਾ ਦੌਰਾ ਕੀਤਾ ਸੀ ਤਾਂ ਰੋਪੜ ਤੋਂ ਵੀ ਮਰੀਜ਼ ਆਏ ਹੋਏ ਸਨ।

- ਦਲਵੀਰ ਸਿੰਘ ਸਿੱਧੂ

# ਵਿਦਿਆਰਥੀ ਖੁਦਕੁਸ਼ੀਆਂ-ਵਿੱਦਿਅਕ ਅਤੇ ਸਮਾਜਿਕ ਢਾਂਚੇ 'ਤੇ ਇੱਕ ਸਵਾਲੀਆ ਚਿੰਨ੍ਹ




**ਛਿੰਦਰਪਾਲ**

ਸਾਡੇ ਸਮਾਜ ਅੰਦਰ ਸਮਾਜਿਕ ਅਸੁਰੱਖਿਆ ਹੇਠ ਜਿਉਂਦਿਆਂ ਹਰੇਕ ਤਬਕੇ ਵਿੱਚ ਖੁਦਕੁਸੀਆਂ ਦਾ ਰੁਝਾਨ ਕਾਫੀ ਜਿਆਦਾ ਵਧ ਗਿਆ ਹੈ। ਵਿਦਿਆਰਥੀ ਵੀ ਇਸ ਰੁਝਾਨ ਤੋਂ ਅਛੂਤੇ ਨਹੀਂ ਹਨ। ਲਗਾਤਾਰ ਵੱਡਿਆਂ ਟੀਚਿਆਂ ਦੀ ਤੰਗੇੜ ਨਾ ਝੱਲਦਿਆਂ, ਮਾਪਿਆਂ ਦੇ ਵੱਡੇ ਸੁਪਨਿਆਂ ਨੂੰ ਪੂਰਾ ਕਰਨ 'ਚ ਅਸਫਲ ਹੋਣ ਕਾਰਨ ਤੇ ਸਾਡੀ ਨਾਕਸ ਸਿੱਖਿਆ ਪ੍ਰਣਾਲੀ ਦੀ ਬਦੌਲਤ ਪਾੜ੍ਹਿਆਂ ਦਾ ਇੱਕ ਹਿੱਸਾ ਆਵਦੇ ਆਪ ਨੂੰ ਮੌਤ ਦੇ ਹਵਾਲੇ ਕਰ ਦਿੰਦਾ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਕ ਪੂਰੀ ਦੁਨੀਆ ਚੋਂ ਭਾਰਤ ਵਿੱਚ 15-29 ਸਾਲ ਦੇ ਉਮਰ ਵਰਗ ਵਿੱਚ ਖੁਦਕੁਸ਼ੀਆਂ ਦੀ ਦਰ ਸਭ ਤੋਂ ਜਿਆਦਾ ਹੈ। ਰੁਜਗਾਰ ਦੀ ਘਾਟ ਤੇ ਸਿੱਖਿਆ ਦਾ ਬੋਝ ਇਹਨਾਂ ਨੌਜਵਾਨਾਂ ਦੀਆਂ ਜਾਨਾਂ ਦਾ ਖੌਅ ਬਣਿਆ ਹੋਇਆ ਹੈ।

ਪਿੱਛੇ ਜਿਹੇ ਵਾਪਰੀਆਂ ਕੁਝ ਘਟਨਾਵਾਂ ਜਿਕਰ ਕਰੀਏ। ਇਕੱਲੇ ਅਪ੍ਰੈਲ ਮਹੀਨੇ ਵਿੱਚ ਸਾਡੇ ਨੇੜੇ ਹੀ ਮਾਨਸਾ ਜ਼ਿਲ੍ਹੇ ਵਿੱਚ ਵਿਦਿਆਰਥੀ ਖੁਦਕੁਸ਼ੀਆਂ ਦੀਆਂ ਦੋ ਘਟਨਾਵਾਂ ਵਾਪਰੀਆਂ। ਤਲਵੰਡੀ ਸਾਬੋ ਗੁਰੂ ਕਾਸ਼ੀ ਕਾਲਜ ਵਿੱਚ ਐਮਬੀਏ ਕਰ ਰਹੇ ਪਿੰਡ ਬੁਰਜ ਢਿੱਲਵਾਂ ਦੇ ਨੌਜਵਾਨ ਗੁਰਪ੍ਰੀਤ ਸਿੰਘ ਨੇ ਆਵਦਾ ਧੁੰਦਲਾ ਭਵਿੱਖ ਤੇ ਪਰਿਵਾਰ ਦੇ ਮਾੜੀ ਆਰਥਿਕਤਾ ਕਾਰਨ ਖੁਦਕੁਸ਼ੀ ਕਰ ਲਈ। ਇਸੇ ਤਰਾਂ ਮਾਨਸਾ ਜਿਲੇ ਦੇ ਹੀ ਪਿੰਡ ਕੋਟਧਰਮੂ ਦੇ 21 ਸਾਲਾ ਦੇ ਨੌਜਵਾਨ ਨਿਰਮਲ ਸਿੰਘ ਨੇ ਲੰਮੀ ਬੇਰੁਜਗਾਰੀ ਕਾਰਨ ਖੁਦਕੁਸ਼ੀ ਕਰ ਲਈ। ਇਸ ਨੌਜਵਾਨ ਨੇ ਬਾਰਵੀਂ ਤੋਂ ਬਾਅਦ ਇਲੈਕਟ੍ਰੀਸ਼ਨ ਦਾ ਡਿਪਲੋਮਾ ਕੀਤਾ ਹੋਇਆ ਸੀ, ਪਰ ਡਿਗਰੀ ਦੇ ਬਾਵਜੂਦ ਕਿਸੇ ਤਰਾਂ ਦਾ ਰੁਜਗਾਰ ਨਾ ਮਿਲਣ ਕਰਕੇ ਤੇ ਮਾੜੀ ਆਰਥਿਕਤਾ ਕਾਰਨ ਕਿਸੇ ਤਰਾਂ ਦਾ ਕੋਈ ਰਾਹ ਨਾ ਵੇਖਦਿਆਂ ਉਸਨੇ ਆਵਦੀ ਜੀਵਨ ਦੀ ਡੋਰੀ ਨੂੰ ਕੱਟ ਦਿੱਤਾ। ਇਸੇ ਮਹੀਨੇ ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਕਸਬੇ ਭੂਨਾ ਵਿੱਚ ਵਾਪਰੀ ਦੋ ਲੜਕੀਆਂ ਦੁਆਰਾ ਇਕੱਠਿਆਂ ਖੁਦਕੁਸ਼ੀ ਕਰਨ ਦੀ ਘਟਨਾ ਦਾ ਵੀ ਜ਼ਿਕਰ ਕਰਨਾ ਜਰੂਰੀ ਹੈ। ਖੁਦਕੁਸ਼ੀ ਕਰਨ ਵਾਲ਼ੀਆਂ ਦੋਵੇਂ ਭੈਣਾਂ ਉੱਚ ਸਿੱਖਿਆ ਯੋਗਤਾ ਪ੍ਰਾਪਤ ਸਨ, ਉਹਨਾਂ ਵਿੱਚੋਂ ਇੱਕ ਐਮ ਕਾਮ ਤੇ ਦੂਜੀ ਐਮ.ਬੀ.ਏ. ਪਾਸ ਸੀ, ਪਰ ਕਿਸੇ ਵੀ ਤਰਾਂ ਦਾ ਰੁਜਗਾਰ ਨਾ ਮਿਲਣ ਕਰਕੇ ਨਿਰਾਸ਼ ਹੋਕ ਦੋਵੇਂ ਭੈਣਾਂ ਨੇ ਇਕੱਠਿਆਂ ਗਲ਼ ਵਿੱਚ ਰੱਸਾ ਪਾਕੇ ਖੁਦਕੁਸ਼ੀ ਕਰ ਲਈ।

ਉਪਰੋਕਤ ਕੁਝ ਘਟਨਾਵਾਂ ਆਪਣੇ ਆਪ ਵਿੱਚ ਸਮੁੱਚੇ ਸਮਾਜ ਵਿੱਚ ਹੋ ਰਹੀਆਂ ਖੁਦਕੁਸ਼ੀ ਦੀਆਂ ਘਟਨਾਵਾਂ ਦੇ ਕਾਰਨਾਂ-ਹਾਲਾਤਾਂ ਬਾਰੇ ਬਹੁਤ ਕੁਝ ਬਿਆਨ ਕਰਦੀਆਂ ਹਨ। ਅੰਕੜਿਆਂ 'ਤੇ ਇੱਕ ਨਿਗਾਹ ਮਾਰੀਏ ਤਾਂ ਮਨੁੱਖੀ ਸ੍ਰੋਤ ਵਿਕਾਸ ਵਿਭਾਗ ਦੀ ਰਿਪੋਰਟ ਮੁਤਾਬਕ 2012 ਵਿੱਚ 6654 ਵਿਦਿਆਰਥੀਆਂ ਨੇ ਖੁਦਕੁਸੀ ਕੀਤੀ, 2013 ਵਿੱਚ ਇਹ ਅੰਕੜਾ 8423 ਨੂੰ ਅੱਪੜ ਗਿਆ। ਇਸਤੋਂ ਬਿਨਾਂ 2014 ਵਿੱਚ ਵੀ 8068 ਵਿਦਿਆਰਥੀਆਂ ਨੇ ਖੁਦਕੁਸ਼ੀਆਂ ਕੀਤੀਆਂ, ਜਿਨ੍ਹਾਂ ਵਿੱਚੋਂ 4261 ਮੁੰਡੇ ਤੇ 3807 ਕੁੜੀਆਂ ਸਨ। ਪੜੇ ਲਿਖੇ ਲੋਕਾਂ ਵਿੱਚ ਖੁਦਕੁਸ਼ੀਆਂ ਦੀ ਦਰ ਕਾਫੀ ਜਿਆਦਾ ਹੈ। ਖੁਦਕੁਸੀਆਂ ਕਰਨ ਵਾਲ਼ੇ 67 ਫੀਸਦੀ ਮਰਦਾਂ ਵਿੱਚੋਂ 80 ਫੀਸਦੀ ਮਰਦ ਪੜ੍ਹੇ ਲਿਖੇ ਸਨ। ਜਿਨਾਂ ਵਿੱਚੋਂ 4380 ਗ੍ਰੈਜੂਏਟ ਤੇ 716 ਹਾਈ ਸਕੂਲ ਤੱਕ ਦੀ ਪ੍ਰੀਖਿਆ ਮੁਕੰਮਲ ਕਰ ਚੁੱਕੇ ਸਨ। ਅਸਲ ਵਿੱਚ ਪੜ੍ਹਾਈ ਮੁਕੰਮਲ ਕਰਨ ਮਗਰੋਂ ਰੁਜਗਾਰ ਦੀ ਘਾਟ ਕਾਰਨ ਨੌਜਵਾਨਾਂ ਵਿੱਚ ਇੱਕ ਜਬਰਦਸਤ ਬੈਚੇਨੀ ਤੇ ਨਿਰਾਸ਼ਾ ਹੁੰਦੀ ਹੈ। ਮੌਜੂਦਾ ਮੁਨਾਫਾਖੋਰ ਢਾਂਚਾ ਲਗਾਤਾਰ ਬੇਰੁਜਗਾਰੀ ਪੈਦਾ ਕਰ ਰਿਹਾ ਹੈ ਤੇ ਇਹ ਨੌਜਵਾਨ ਲਗਾਤਾਰ ਇਸ ਦੀ ਚਪੇਟ 'ਚ ਆਕੇ ਨਿਰਾਸ਼ ਹੋਕੇ ਜਿੰਦਗੀ ਤੋਂ ਲਾਂਭੇ ਹੁੰਦੇ ਜਾਂਦੇ ਹਨ।

ਸਾਡਾ ਅਜੋਕਾ ਸਿੱਖਿਆ ਪ੍ਰਬੰਧ ਵੀ ਵਿਦਿਆਰਥੀਆਂ ਅੰਦਰ ਹੱਲਾਸ਼ੇਰੀ, ਕਲਪਨਾਸ਼ਕਤੀ ਭਰਨ ਦੀ ਥਾਂ ਉਹਨਾਂ 'ਤੇ ਕਿਤਾਬਾਂ ਦਾ ਵਾਧੂ ਬੋਝ ਲੱਦ ਦਿੰਦਾ ਹੈ। ਮਾਪਿਆਂ ਵੱਲੋਂ ਬਚਪਨ ਤੋਂ ਵਿਦਿਆਰਥੀਆਂ 'ਤੇ ਅਫਸਰ ਬਣਨ, ਵੱਡੇ ਬੰਦੇ ਬਣਨ, ਕੁਝ ਕਰਕੇ ਵਿਖਾਉਣ ਦਾ ਬੋਝ ਲੱਦ ਦਿੱਤਾ ਜਾਂਦਾ ਹੈ। ਵਿਸ਼ਿਆਂ ਦੀ ਚੋਣ ਕਰਨ ਵੇਲ਼ੇ ਕਦੇ ਵੀ ਬੱਚਿਆਂ ਦੀ ਰਾਏ ਨਹੀਂ ਲਈ ਜਾਂਦੀ, ਨਾ ਹੀ ਅਧਿਆਪਕਾਂ ਵੱਲੋਂ ਤੇ ਨਾ ਹੀ ਮਾਪਿਆ ਵੱਲੋਂ। ਮਾਪਿਆਂ ਦੁਆਰਾ ਆਵਦੀਆਂ ਇੱਛਾਵਾਂ ਬੱਚਿਆਂ 'ਤੇ ਥੋਪ ਦਿੱਤੀਆਂ ਜਾਂਦੀਆਂ ਹਨ। ਇਸ ਲਈ ਬੱਚਿਆਂ 'ਤੇ ਛੋਟੀ ਉਮਰੇ ਹੀ ਟਿਊਸ਼ਨਾਂ ਤੇ ਬੈਗਾਂ ਦਾ ਵਾਧੂ ਬੋਝ ਲੱਦ ਦਿੱਤਾ ਜਾਂਦਾ ਹੈ। ਸਿੱਖਿਆ ਕੁਝ ਸਿੱਖਣ ਸਿਖਾਉਣ ਜਾਂ ਜਾਨਣ ਸਮਝਣ ਦੇ ਮਾਧਿਆਮ ਦੀ ਬਜਾਏ ਇੱਕ-ਦੂਜੇ ਦੇ ਸਿਰ 'ਤੇ ਪੈਰ ਰੱਖਕੇ ਅੱਗੇ ਵਧਣਾ ਮਾਤਰ ਰਹਿ ਜਾਂਦੀ ਹੈ, ਭਿਅੰਕਰ ਗਲ਼ਾਵੱਢ ਮੁਕਾਬਲੇ ਦੀ ਭਾਵਨਾ, ਦੂਜਿਆਂ ਤੋਂ ਅੱਗੇ ਲੰਘਕੇ ਪਹਿਲੇ ਨੰਬਰ 'ਤੇ ਆਉਣ ਦੀ ਭਾਵਨਾ, ਵੱਧ ਤੋਂ ਵੱਧ ਨੰਬਰ ਹਾਸਲ ਕਰਨ ਦੀ ਭਾਵਨਾ ਵਿਦਿਆਰਥੀਆਂ ਅੰਦਰ ਮੁੱਢ ਤੋਂ ਹੀ ਮਾਪਿਆਂ ਤੇ ਅਧਿਆਪਕਾਂ ਦੁਆਰਾ ਭਰ ਦਿੱਤੀ ਜਾਂਦੀ ਹੈ। ਜੋ ਜਿਆਦਾ ਪੜਦੇ ਹਨ, ਕੁਝ ਬਣ ਜਾਂਦੇ ਹਨ ਵਰਗੀਆਂ ਨਸੀਹਤਾਂ ਹਰ, ਕਿਸੇ ਨੂੰ ਉਹਦੇ ਅਧਿਆਪਕਾਂ ਤੇ ਮਾਪਿਆਂ ਵੱਲੋਂ ਦਿੱਤੀਆਂ ਜਾਂਦੀਆਂ ਆਮ ਤੌਰ 'ਤੇ ਸੁਣੀਆਂ ਜਾ ਸਕਦੀਆਂ ਹਨ। ਐਸੇ ਵਾਤਾਵਰਣ ਵਿੱਚ ਬੱਚੇ ਅੰਦਰਲੀ ਸਾਰੀ ਸਮਰੱਥਾ, ਉਹਦੀ ਸੁਭਾਵਿਕਤਾ ਦੀ ਸੰਘੀ ਘੁੱਟ ਦਿੱਤੀ ਜਾਂਦੀ ਹੈ ਤੇ ਭਾਰੇ ਬਸਤਿਆਂ ਤੇ ਟਿਊਸ਼ਨਾਂ ਦੀ ਬੋਝ ਨਾਲ਼ ਉਸਨੂੰ ਵੀ ਵੱਧ ਨੰਬਰ ਲੈਣ ਦੀ ਕੁੱਤਾ-ਦੌੜ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ। ਇਸੇ ਕਰਕੇ ਜਦੋਂ ਕਦੇ ਵੀ ਵਿਦਿਆਰਥੀਆਂ ਅੰਦਰ ਬਚਪਨ ਤੋਂ ਘਰ ਕੀਤਾ ਇਹ ਸੁਪਨਾ ਕਿਸੇ ਵੀ ਹਾਲਤ ਵਿੱਚ ਪੂਰਾ ਨਹੀਂ ਹੁੰਦਾ ਤਾਂ ਵਿਦਿਆਰਥੀਆਂ ਅੰਦਰ ਜਬਰਦਸਤ ਨਿਰਾਸ਼ਾ ਭਰੀ ਜਾਂਦੀ ਹੈ ਤੇ ਕਈ ਵਾਰ ਇਸਦਾ ਅੰਤ ਅੱਗੇ ਜਾਕੇ ਆਪਣਾ ਜੀਵਨ ਖਤਮ ਹੋਣ ਵਿੱਚ ਨਿੱਕਲ਼ਦਾ ਹੈ। ਇਸਦੀ ਇੱਕ ਉਦਾਹਰਨ ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਹੋਣ ਵਾਲ਼ੀਆਂ ਖੁਦਕੁਸ਼ੀਆਂ ਹਨ। ਜਿਕਰਯੋਗ ਹੈ ਕਿ ਕੋਟਾ ਸ਼ਹਿਰ ਇੰਜਨੀਅਰਿੰਗ ਦੇ ਦਾਖਲਾ ਟੈਸਟਾਂ ਜੇਈਈ, ਭਾਵ ਆਈਆਈਟੀ ਵਿੱਚ ਦਾਖਲ ਹੋਣ ਜ਼ਰੂਰੀ ਟੈਸਟ, ਦੀ ਤਿਆਰੀ ਕਰਵਾਈ ਜਾਂਦੀ ਹੈ। ਇਹਨਾਂ ਟੈਸਟਾਂ ਦੀ ਤਿਆਰੀ ਲਈ ਬੱਚਿਆਂ ਨੂੰ ਇੱਕ ਮਸ਼ੀਨ ਬਣਨਾ ਪੈਂਦਾ ਹੈ, 24 ਘੰਟਿਆਂ ਚੋਂ 20-20 ਘੰਟੇ ਪੜ੍ਹਕੇ ਟੈਸਟਾਂ ਨੂੰ ਸਰ ਕਰਨ ਲਈ ਵਿਦਿਆਰਥੀ ਲੱਗੇ ਰਹਿੰਦੇ ਹਨ। ਹੁਣ ਕਿਉਂਕਿ ਇੱਕ ਤਾਂ ਸੀਟਾਂ ਸੀਮਤ ਹੋਣ ਕਰਕੇ ਮੁਕਾਬਲਾ ਬਹੁਤ ਤਿੱਖਾ ਬਣ ਜਾਂਦਾ ਹੈ, ਇਸ ਕਰਕੇ ਕੁਝ ਦਾ ਪਾਸ ਤੇ ਫੇਲ ਹੋਣਾ ਸੁਭਾਵਿਕ ਹੈ। ਪਰ ਵਿਦਿਆਰਥੀਆਂ ਅੰਦਰ ਸ਼ੁਰੂ ਤੋਂ ਹੀ ਅੱਗੇ ਲੰਘਣ ਦੀ ਜਿਹੜੀ ਭਾਵਨਾ ਹਾਵੀ ਹੁੰਦੀ ਹੈ। ਉਸ ਕਰਕੇ ਪਿੱਛੇ ਰਹਿਣਾ ਕਿਸੇ ਵੀ ਤਰਾਂ ਉਹਨਾਂ ਨੂੰ ਰਾਸ ਨਹੀਂ ਆਉਂਦਾ ਤੇ ਘਰਦਿਆਂ ਦੀਆਂ ਉਮੀਦਾਂ 'ਤੇ ਪੂਰੇ ਨਾ ਉੱਤਰਨ ਕਰਕੇ ਨਿਰਾਸ਼ਾ ਕਾਰਨ ਹਾਲਤਾਂ ਇਹ ਬਣ ਜਾਂਦੀਆਂ ਹਨ ਕਿ 2014 ਵਿੱਚ ਵਿਦਿਆਰਥੀਆਂ ਦੀਆਂ ਹੋਣ ਵਾਲ਼ੀਆਂ ਕੁੱਲ ਖੁਦਕੁਸ਼ੀਆਂ ਦੀਆਂ ਘਟਨਾਵਾਂ ਵਿੱਚੋਂ 53.1 ਫੀਸਦੀ ਘਟਨਾਵਾਂ ਸਿਰਫ ਕੋਟਾ ਸ਼ਹਿਰ ਵਿੱਚ ਹੋਈਆਂ ਸਨ।

ਮਾਪਿਆਂ ਤੇ ਅਧਿਆਪਕਾਂ ਵੱਲੋਂ ਬੱਚੇ 'ਤੇ ਜ਼ਿਆਦਾ ਨੰਬਰ ਲੈਣ ਲਈ ਲਗਾਤਾਰ ਦਬਾਅ ਪਾਇਆ ਜਾਂਦਾ ਹੈ, ਜਿਸ ਨਾਲ਼ ਬਚਪਨ ਤੋਂ ਹੀ ਉਹ ਮੁਕਾਬਲੇਬਾਜ਼ੀ, ਦੂਸਰੇ ਵਿਦਿਆਰਥੀਆਂ ਨਾਲ਼ ਨਫ਼ਰਤ ਅਤੇ ਬੇਗਾਨਗੀ ਦੇ ਸ਼ਿਕਾਰ ਹੋ ਜਾਂਦੇ ਹਨ। ਘੱਟ ਨੰਬਰ ਲੈਣ ਜਾਂ ਫ਼ੇਲ੍ਹ ਹੋਣ 'ਤੇ ਅਧਿਆਪਕਾਂ ਵੱਲੋਂ ਬੱਚਿਆਂ ਨਾਲ਼ ਭੇਦ-ਭਾਵ ਜਾਂ ਮਾਪਿਆਂ ਵੱਲੋਂ ਤਾਅਨ੍ਹੇ-ਮਿਹਣੇ ਉਸ ਨੂੰ ਹੀਣ ਭਾਵਨਾ ਨਾਲ਼ ਭਰ ਦਿੰਦੇ ਹਨ। ਹਰ ਸਮੇਂ ਪੜ੍ਹਾਈ ਦਾ ਡਰ ਤੇ ਸਹਿਮ ਉਸ ਵਿੱਚ ਭਿਅੰਕਰ ਮਾਨਸਿਕ ਵਿਕਾਰ ਪੈਦਾ ਕਰ ਦਿੰਦਾ ਹੈ। ਜਿਸ ਨਾਲ਼ ਸਿਹਤਮੰਦ ਮਾਨਸਿਕ ਵਿਕਾਸ ਨਹੀਂ ਹੁੰਦਾ ਅਤੇ ਕਈ ਵਾਰ ਬੱਚੇ ਖ਼ੁਦਕੁਸ਼ੀ ਨੂੰ ਅੰਜ਼ਾਮ ਦਿੰਦੇ ਹਨ। ਸਿਹਤ ਮੰਤਰਾਲੇ ਮੁਤਾਬਕ 2011-2013 ਵਿੱਚ 16,000 ਤੋਂ ਵੱਧ ਵਿਦਿਆਰਥੀ ਖ਼ੁਦਕੁਸ਼ੀ ਕਰ ਚੁੱਕੇ ਹਨ ਜਿਨ੍ਹਾਂ ਵਿੱਚੋਂ60% ਪੇਪਰਾਂ ਵਿੱਚੋਂ ਫ਼ੇਲ੍ਹ ਹੋਣ ਵਾਲ਼ੇ ਸਨ। ਜੇਕਰ ਅੰਕੜਿਆਂ 'ਤੇ ਨਿਗ੍ਹਾ ਮਾਰੀਏ ਤਾਂ 2009 ਵਿੱਚ 2010 ਵਿਦਿਆਰਥੀਆਂ ਨੇ ਫ਼ੇਲ੍ਹ ਹੋਣ ਕਾਰਨ ਖ਼ੁਦਕੁਸ਼ੀ ਕੀਤੀ ਸੀ ਅਤੇ2010 ਵਿੱਚ ਇਹ ਸੰਖਿਆ ਵਧ ਕੇ 2479 ਹੋ ਗਈ। ਇਸੇ ਤਰ੍ਹਾਂ 2011 ਵਿੱਚ 2381, 2012 ਵਿੱਚ 2246 ਅਤੇ 2013 ਵਿੱਚ 2471 ਬੱਚੇ ਫ਼ੇਲ੍ਹ ਹੋਣ ਕਾਰਨ ਖ਼ੁਦਕੁਸ਼ੀ ਕਰ ਚੁੱਕੇ ਹਨ।

ਇਹਦੇ ਨਾਲ ਹੀ ਸਾਡੇ ਸਮੁੱਚੇ ਸਮਾਜ 'ਚ ਵਧਦੀ ਅਲਹਿਦਗੀ, ਸੰਵੇਦਨਹੀਣਤਾ, ਗੈਰ-ਜਮਹੂਰੀਪੁਣਾ, ਰਿਸ਼ਤਿਆਂ ਵਿਚਲਾ ਖੋਖਲਾਪਣ, ਕਲਾ ਸਾਹਿਤ ਤੋ ਦੂਰੀ ਵਰਗੀਆਂ ਕਦਰਾਂ ਵਿਦਿਅਕ ਸੰਸਥਾਵਾਂ ਵਿੱਚ ਵੀ ਉਸੇ ਤਰਾਂ ਛਾਈਆਂ ਹੁੰਦੀਆਂ ਹਨ। ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਕਿਤੇ ਵੀ ਕੋਈ ਦੋਸਤਾਨਾ ਮਹੌਲ ਨਹੀਂ ਮਿਲ਼ਦਾ, ਅਧਿਆਪਕਾਂ ਦੁਆਰਾ ਬੱਚਿਆਂ ਨਾਲ਼ ਇੱਕ ਵਸਤੂ ਵਾਂਗੂ ਵਿਹਾਰ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੇ ਸਿੱਖਣ ਦੀ ਸਮਰੱਥਾ, ਉਸਦੀ ਇੱਛਾ, ਉਸਦੀ ਭਾਵਨਾਵਾਂ ਨੂੰ ਕਿਤੇ ਕੋਈ ਥਾਂ ਨਹੀਂ ਦਿੱਤੀ ਜਾਂਦੀ। ਵਿੱਦਿਅਕ ਸੰਸਥਾਵਾਂ ਅੰਦਰਲਾ ਐਸਾ ਖੁਸ਼ਕ ਮਹੌਲ ਵੀ ਇੱਕ ਹੱਦ ਤਾਈਂ ਵਿਦਿਆਰਥੀਆਂ ਅੰਦਰ ਇਕੱਲਤਾ ਤੇ ਨਿਰਾਸ਼ਤਾ ਭਰਨ ਦਾ ਕੰਮ ਕਰਦਾ ਹੈ। ਵਿੱਦਿਅਕ ਸੰਸਥਾਵਾਂ ਵਿੱਚ ਸਮੁੱਚੀਆਂ ਸਰਗਰਮੀਆਂ ਵਿਸ਼ਾ ਕੇਂਦਰਿਤ ਹੁੰਦੀਆਂ ਹਨ, ਕਿਸੇ ਵੀ ਤਰਾਂ ਦੀ ਬਾਹਰੀ ਸਰਗਰਮੀ, ਜਿਵੇਂ ਸਾਹਿਤਕ, ਕਲਾਤਮਕ ਜਾਂ ਕੋਈ ਹੋਰ ਸਮਾਜਿਕ ਸਰਗਰਮੀ ਨਾਲ਼ੋਂ ਵਿਦਿਆਰਥੀ ਨੂੰ ਤੋੜਕੇ ਵਿੱਦਿਆ ਦੀ ਕਿਲੇਨੁਮਾ ਸੰਸਥਾ ਵਿੱਚ ਸਿਰਫ ਵਿਸ਼ਿਆਂ ਨਾਲ਼ ਸਬੰਧਿਤ ਪੜ੍ਹਾਈ ਕਰਵਾਈ ਜਾਂਦੀ ਹੈ। ਜਿਸ ਕਰਕੇ ਵਿਦਿਆਰਥੀ ਕਈ ਵਾਰ ਚੰਗੇ ਇੰਜੀਨਿਅਰ ਜਾਂ ਡਾਕਟਰ ਤਾਂ ਬਣ ਜਾਂਦੇ ਹਨ- ਪਰ ਇਨਸਾਨੀ ਗੁਣਾਂ ਤੋਂ ਵਿਹੂਣੇ ਹੋਣ ਦੀ ਸੰਭਾਵਨਾ ਹੁੰਦੀ ਹੈ। ਵਿਦਿਆਰਥੀ ਸਮਾਜਿਕ- ਨੈਤਿਕ ਭਾਵਨਾਵਾਂ ਤੋਂ ਕੋਰੇ ਜੀਵ ਬਣਾ ਦਿੱਤੇ ਜਾਂਦੇ ਹਨ। ਜਿਸ ਕਰਕੇ ਜਦੋਂ ਉਹ ਆਪਣੀ ਪੜ੍ਹਾਈ ਪੂਰੀ ਕਰਨ ਮਗਰੋਂ ਵਿੱਦਿਆ ਦੇ ਕਿਲ਼ੇ 'ਚੋਂ ਬਾਹਰ ਆਉਂਦੇ ਹਨ ਤਾਂ ਉਹਨਾਂ ਦਾ ਵਾਹ ਵਾਸਤਾ ਸਮਾਜ ਨਾਲ਼ ਪੈਂਦਾ ਹੈ, ਜਿਸਤੋਂ ਉਹ ਇਨੇ ਸਾਲ ਓਪਰੇ ਰਹੇ। ਉਸਦੀਆਂ ਗੁੰਝਲ਼ਾਂ, ਸਮੱਸਿਆਵਾਂ ਨਾਲ਼ ਉਹਨਾਂ ਦਾ ਕਦੇ ਮੇਲ਼ ਨਹੀਂ ਹੋਇਆ ਹੁੰਦਾ। ਐਸੇ ਮੌਕੇ ਉਹ ਆਵਦੇ ਆਪ ਨੂੰ ਬਹੁਤ ਇਕੱਲਾ ਤੇ ਪਰਾਇਆ ਮਹਿਸੂਸ ਕਰਦੇ ਹਨ। ਜਿਸ ਦੇ ਸਿੱਟੇ ਬਹੁਤੇ ਵਾਰੀ ਭਿਅੰਕਰ ਹੁੰਦੇ ਹਨ।

ਇੱਕ ਹੋਰ ਪੱਖ ਜਿਸਤੇ ਚਰਚਾ ਕਰਨੀ ਬਹੁਤ ਜਰੂਰੀ ਹੈ, ਉਹ ਹੈ ਬੇਰੁਜਗਾਰੀ। ਸਿੱਖਿਆ ਪੂਰੀ ਕਰਨ ਤੋਂ ਮਗਰੋਂ ਵਿਦਿਆਰਥੀਆਂ ਲਈ ਵੱਡਾ ਮਸਲਾ ਰੁਜਗਾਰ ਹਾਸਲ ਕਰਨ ਦਾ ਬਣਦਾ ਹੈ। ਪਰ ਅਜੋਕੇ ਸਰਮਾਏਦਾਰਾਨਾ ਲੋਟੂ ਨਿਜ਼ਾਮ ਹੇਠ ਪੱਕੇ ਰੁਜਗਾਰ ਦੇ ਮੌਕੇ ਲਗਾਤਾਰ ਘਟਦੇ ਜਾਂਦੇ ਹਨ। ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਮਗਰੋਂ ਲਗਾਤਾਰ ਪੱਕੇ ਰੁਜਗਾਰਾਂ ਦੀ ਥਾਂ ਠੇਕੇ 'ਤੇ ਭਰਤੀ ਜਾਂ ਕੱਚੇ ਰੁਜਗਾਰਾਂ ਨੇ ਲੈ ਲਈ ਹੈ। ਪ੍ਰਾਇਵੇਟ ਖੇਤਰ ਵਿੱਚ ਵੀ ਪੱਕੇ ਰੁਜਗਾਰਾਂ ਦੀ ਕਿਸੇ ਤਰਾਂ ਦੀ ਕੋਈ ਗਰੰਟੀ ਨਹੀਂ। ਸਰਕਾਰਾਂ ਆਵਦੀਆਂ ਜਿੰਮੇਵਾਰੀਆਂ ਤੋਂ ਪੂਰੀ ਤਰਾਂ ਮੂੰਹ ਮੋੜ ਆਵਦੇ ਸਰਪ੍ਰਸਤ ਸਰਮਾਏਦਾਰਾਂ ਦੇ ਮੁਨਾਫੇ ਵਧਾਉਣ 'ਚ ਮਸ਼ਰੂਫ ਹਨ ਤੇ ਪੱਕੇ ਰੁਜਗਾਰਾਂ ਦਾ ਭੋਗ ਪਾਕੇ, ਸਰਕਾਰੀ ਸੰਸਥਾਵਾਂ ਦਾ ਨਿੱਜੀਕਰਨ ਕਰਕੇ ਤੇ ਨਾਲ਼ ਨਾਲ਼ ਪੜ੍ਹੀ ਲਿਖੀ ਸਸਤੀ ਕਿਰਤ ਸ਼ਕਤੀ ਮੁਹੱਈਆਂ ਕਰਵਾਕੇ ਇਹਨਾਂ ਦੀ ਸੇਵਾ ਕਰ ਰਹੀਆਂ ਹਨ। ਜਿਸ ਕਰਕੇ ਨੌਜਵਾਨਾਂ ਅੰਦਰ ਇੱਕ ਨਿਰਾਸ਼ਾ, ਭਵਿੱਖ ਪ੍ਰਤੀ ਅਸਪੱਸ਼ਟਤਾ ਘਰ ਕਰ ਜਾਂਦੀ ਹੈ। ਬੇਰੁਜਗਾਰੀ ਤੋਂ ਪੀੜਤ ਤਬਕਾ ਲਗਾਤਾਰ ਵਧਦਾ ਜਾ ਰਿਹਾ ਹੈ। ਮੁਨਾਫੇ ਦੀ ਹਵਸ ਤੇ ਟਿਕਿਆ ਇਹ ਲੋਟੂ ਢਾਂਚਾ ਗਰੀਬੀ, ਬੇਰੁਜਗਾਰੀ, ਮਹਿੰਗਾਈ ਦੇ ਮੀਨਾਰਾਂ ਨੂੰ ਹੋਰ ਉੱਚਾ ਕਰ ਰਿਹਾ ਹੈ। ਜਿਸ ਕਾਰਨ ਬੇਰੁਜਗਾਰ ਨੌਜਵਾਨਾਂ ਵਿੱਚ ਵੀ ਖੁਦਕੁਸ਼ੀ ਕਰਨ ਦੀ ਦਰ ਵੀ ਕਾਫੀ ਉੱਚੀ ਹੈ, ਸਿੱਖਿਆ ਪੂਰੀ ਕਰਨ ਮਗਰੋਂ ਬੇਰੁਜਗਾਰੀ ਕਰਕੇ ਆਵਦੀ ਜਾਨ ਲੈਣ ਵਾਲ਼ਿਆਂ ਦੀ ਗਿਣਤੀ ਸਾਲ 2014 ਵਿੱਚ 9918 ਸੀ, ਜਿਸ ਵਿੱਚ 8486 ਮਰਦ ਤੇ 1428 ਔਰਤਾਂ ਹਨ।

ਉਪਰੋਕਤ ਸਮੁੱਚੇ ਮਹੌਲ ਵਿੱਚ ਮੁੰਡਿਆਂ ਨਾਲ਼ੋਂ ਕੁੜੀਆਂ ਦੀ ਹਾਲਤ ਹੋਰ ਵੀ ਬਦਤਰ ਹੋ ਜਾਂਦੀ ਹੈ। ਸਾਡੇ ਸਮਾਜ ਅੰਦਰ ਮੌਜੂਦ ਔਰਤ ਵਿਰੋਧੀ ਮੱਧਯੁਗੀ ਕਦਰਾਂ ਕੀਮਤਾਂ ਹਰ ਰਾਹ 'ਤੇ ਕੁੜੀਆਂ ਦੇ ਰਾਹ 'ਚ ਰੋੜਾ ਬਣਦੀਆਂ ਹਨ। ਔਰਤਾਂ ਨੂੰ ਦੋਇਮ ਦਰਜੇ ਦੀ ਨਾਗਰਿਕ, ਘਰ-ਬਾਰ ਸਾਂਭਣ ਵਾਲੀ, ਪਤੀ ਦੀ ਸੇਵਾ ਕਰਨ ਵਾਲ਼ੀ, ਬੱਚੇ ਪੈਦਾ ਕਰਨ ਵਾਲ਼ੀ ਜਾਂ ਹੋਰ ਘਰੇਲੂ ਕੰਮਾਂ ਜੋਗੀ ਹੀ ਸਮਝਿਆ ਜਾਂਦਾ ਹੈ। ਭਾਵੇਂ ਪਿਛਲੇ ਸਮੇਂ ਤੋਂ ਕੁੜੀਆਂ ਨੂੰ ਪੜ੍ਹਾਉਣ ਦੀ ਦਰ ਵਿੱਚ ਕਾਫੀ ਵਾਧਾ ਹੋਇਆ ਹੈ, ਪਰ ਫਿਰ ਵੀ ਸਾਡੇ ਸਮਾਜ ਅੰਦਰ ਉਪਰੋਕਤ ਵਿਚਾਰ ਓਨੇ ਹੀ ਹਾਵੀ ਹਨ। ਪਹਿਲਾਂ ਕੁੜੀਆਂ ਨੂੰ ਪੜ੍ਹਨ ਵਾਸਤੇ ਜਿੱਥੇ ਆਵਦੇ ਮਾਪਿਆਂ ਨਾਲ ਜੱਦੋ ਜਹਿਦ ਕਰਨੀ ਪੈਂਦੀ ਹੈ, ਉਸਤੋਂ ਮਗਰੋਂ ਵਿੱਦਿਅਕ ਸੰਸਥਾਵਾਂ ਵਿਚਲੇ ਮਹੌਲ ਵੀ ਉਹਨਾਂ ਲਈ ਬਹੁਤੇ ਸਾਜਗਾਰ ਨਹੀਂ ਹੁੰਦੇ। ਵਿੱਦਿਅਕ ਸੰਸਥਾਵਾਂ ਅੰਦਰ ਵੀ ਉਹਨਾਂ ਨੂੰ ਲਗਾਤਾਰ ਪਿੱਤਰੀ ਦਾਬੇ, ਦੋਮ ਦਰਜੇ ਦੀ ਨਾਗਰਿਕਤਾ ਹੇਠ ਰਹਿਣਾ ਪੈਂਦਾ ਹੈ। ਵਿੱਦਿਅਕ ਸੰਸਥਾਵਾਂ ਅੰਦਰ ਵੀ ਹੁੰਦੇ ਔਰਤ ਵਿਰੋਧੀ ਕਾਰਿਆਂ ਦੀ ਸੂਚੀ ਬਹੁਤ ਲੰਮੀ ਹੈ। ਉਹਨਾਂ ਨੂੰ ਕਿਸੇ ਵੀ ਥਾਈਂ ਵਿਦਿਆਰਥੀ ਮੁੰਡਿਆਂ ਦੇ ਬਰਾਬਰ ਦੇ ਹੱਕ ਨਹੀਂ ਦਿੱਤੇ ਜਾਂਦੇ। ਵਿੱਦਿਆ ਦੇ ਕੇਂਦਰਾਂ ਵਿੱਚ ਵੀ ਉਹਨਾਂ ਨੂੰ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦਾ ਹੈ। ਇਸ ਕਰਕੇ ਮੁੰਡੇ ਵਿਦਿਆਰਥੀਆਂ ਨਾਲ਼ੋਂ ਕੁੜੀਆਂ ਨੂੰ ਦੂਹਰੀ ਗੁਲਾਮੀ ਦੀ ਮਾਰ ਝੱਲਣੀ ਪੈਂਦੀ ਹੈ, ਉਹ ਸਿੱਖਿਆ ਤੇ ਰੁਜਗਾਰ ਦੇ ਉਪਰੋਕਤ ਰੋਗਾਂ ਤੋਂ ਤਾਂ ਪੀੜਿਤ ਹੁੰਦੀਆਂ ਹੀ ਹਨ, ਪਰ ਇਹਦੇ ਨਾਲ਼ ਇੱਕ ਪਿੱਤਰੀ ਦਾਬਾ ਵੀ ਜੁੜ ਜਾਂਦਾ ਹੈ। ਜਿਸ ਕਰਕੇ ਵਿਦਿਆਰਥੀ ਕੁੜੀਆਂ ਵਿੱਚ ਖੁਦਕੁਸ਼ੀ ਦੀ ਦਰ ਕਾਫੀ ਜਿਆਦਾ ਉੱਚੀ ਹੈ। ਸਾਲ 2014 ਵਿੱਚ ਖੁਦਕੁਸ਼ੀਆਂ ਕਰਨ ਵਾਲ਼ੇ 8068 ਵਿਦਿਆਰਥੀਆਂ ਵਿੱਚੋਂ 3807 ਕੁੜੀਆਂ ਸਨ।

ਅਖੀਰ 'ਚ ਮਸਲਾ ਸਮੁੱਚੇ ਵਿਦਿਅਕ ਤੇ ਸਮਾਜਿਕ ਢਾਂਚੇ ਵਿਚਲੇ ਨੁਕਸ ਤੇ ਆਕੇ ਰੁਕਦਾ ਹੈ, ਅਸਲ 'ਚ ਇਹ ਖੁਦਕੁਸ਼ੀਆਂ ਨਹੀਂ ਅਜੋਕੇ ਮਨੁੱਖਦੋਖੀ ਵਿੱਦਿਅਕ ਤੇ ਸਮਾਜੀ ਢਾਂਚੇ ਵੱਲੋਂ ਕੀਤੇ ਗਏ ਠੰਡੇ ਕਤਲ ਹਨ। ਜੋ ਢਾਂਚਾ ਹੈ ਹੀ ਨਿੱਜੀ ਜਾਇਦਾਦ 'ਤੇ ਅਧਾਰਤ ਉਹ ਵਿੱਚ ਹਰ ਚੀਜ ਮੰਡੀ ਵਿੱਚ ਵੇਚਣ ਲਈ ਹੀ ਪੈਦਾ ਹੋਵੇਗੀ ਤੇ ਜਿੰਦਗੀ ਦੇ ਹਰ ਕੋਣ ਨੂੰ ਮੁਨਾਫੇ ਦੀਆਂ ਐਨਕਾਂ ਨਾਲ਼ ਹੀ ਵੇਖਿਆ ਜਾਵੇਗਾ। ਸਿੱਖਿਆ ਢਾਂਚਾ ਵੀ ਬਿਹਤਰ ਮਨੁੱਖ ਦੀ ਥਾਂ ਬਿਹਤਰ ਮਸ਼ੀਨਾਂ ਘੜਨ ਦਾ ਕੰਮ ਕਰੇਗਾ, ਮਾਪੇ ਵੀ ਬੱਚਿਆਂ ਦੀ ਯੋਗਤਾ, ਸਫਲਤਾਂ ਨੂੰ ਉਹਨਾਂ ਦੇ ਮਨੁੱਖੀ ਗੁਣਾਂ, ਸੁਪਨਿਆਂ ਤੇ ਖੁਸ਼ੀਆਂ ਦੀ ਥਾਂ ਮੋਟੀਆਂ ਤਨਖਾਹਾਂ ਨਾਲ਼ ਹੀ ਮਾਪਣਗੇ। ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੇ ਮਾਮਲੇ ਵਿੱਚ ਵੀ ਅਰਾਜਕਤਾ, ਬੇਭਰੋਸਗੀ ਤੇ ਗਲਵੱਢ ਮੁਕਾਬਲੇ ਕਾਰਨ ਪੈਦਾ ਹੁੰਦੀ ਨਿਰਸ਼ਾ ਦੇ ਨਾਲ-ਨਾਲ ਇਸ ਢਾਂਚੇ ਵੱਲੋਂ ਵੱਡੇ ਪੱਧਰ 'ਤੇ ਬੇਗਾਨਗੀ ਨੂੰ ਜਨਮ ਦਿੱਤਾ ਜਾਂਦਾ ਹੈ ਜੋ ਇਹਨਾਂ ਸਮੱਸਿਆਵਾਂ ਵਿੱਚ ਫਾਥੇ ਮਨੁੱਖ ਨੂੰ ਮਨੁੱਖੀ ਰਿਸ਼ਤਿਆਂ, ਸੰਵਦੇਨਾਵਾਂ, ਕਲਾ, ਸਾਹਿਤ ਤੋਂ ਦੂਰ ਕਰਦੀ ਜਾਂਦੀ ਹੈ ਤੇ ਉਸ ਅੰਦਰ ਇਕੱਲਤਾ, ਨਿਰਸ਼ਾ, ਉਦਾਸੀ, ਹਾਰਬੋਧ ਨਾਲ ਹੋਰ ਖਾਂਦੀ ਰਹਿੰਦੀ ਹੈ। ਇਸ ਕਾਰਨ ਅੱਜ ਖੁਦਕੁਸ਼ੀਆਂ ਕਰਨ ਵਾਲ਼ੇ ਹਜਾਰਾਂ ਨੌਜਵਾਨਾਂ ਤੋਂ ਬਿਨਾਂ ਲੱਖਾਂ ਦੀ ਗਿਣਤੀ ਵਿੱਚ ਉਹ ਨੌਜਵਾਨ ਵੀ ਹਨ ਜੋ ਨਿਰਾਸ਼ਾ, ਹਾਰਬੋਧ, ਹੀਣਤਾ, ਆਪਾ ਭੰਡਣ ਜਿਹੀਆਂ ਆਤਮਘਾਤੀ ਪ੍ਰਵਿਰਤੀਆਂ ਅਤੇ ਕਈ ਮਾਨਸਿਕ ਰੋਗਾਂ ਦਾ ਸ਼ਿਕਾਰ ਰਹਿੰਦਾ ਹੈ।

ਅੱਜ ਇਹ ਮਸਲਾ ਸਮੁੱਚੀ ਜਮਹੂਰੀ ਜਨਤਕ ਲਹਿਰ ਸਾਹਮਣੇ ਇੱਕ ਮਹੱਤਵਪੂਰਨ ਮਸਲਾ ਹੈ। ਅੱਜ ਦੀ ਨੌਜਵਾਨ ਵਿਦਿਆਰਥੀ ਲਹਿਰ ਲਈ ਇੱਕੋ ਜਿਹੀ ਤੇ ਮੁਫਤ ਸਿੱਖਿਆ ਤੇ ਹਰ ਹੱਥ ਲਈ ਰੁਜਗਾਰ ਦੀ ਮੰਗ 'ਤੇ ਲਾਮਬੰਦੀ ਲਾਜ਼ਮੀ ਕਰਨੀ ਬਣਦੀ ਹੈ ਤੇ ਨਾਲ਼ ਹੀ ਵਿਦਿਆਰਥੀਆਂ ਅੰਦਰ ਸਾਹਿਤਕ-ਕਲਾਤਮਕ ਤੇ ਹੋਰ ਸਿਰਜਣਤਮਕ ਰੁਚੀਆਂ ਪੈਦਾ ਕਰਨ ਤੇ ਇੱਕ ਬਦਲਵਾਂ ਸੱਭਿਆਚਾਰ ਦੇਣ ਲਈ ਲਗਾਤਾਰ ਐਸੇ ਸਮਾਗਮਾਂ ਦਾ ਅਯੋਜਨ ਕਰਨਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਐਸੀ ਨਿਰਾਸ਼ਾ 'ਚੋਂ ਕੱਢ ਸਕਣ ਤੇ ਉਹਨਾਂ ਨੂੰ ਸਮੱਸਿਆਵਾਂ ਨਾਲ਼ ਸਿੱਝਣ ਲਈ ਪ੍ਰਪੱਕ ਕਰ ਸਕਣ। ਇਹਦੇ ਨਾਲ਼ ਹੀ ਨੌਜਵਾਨਾਂ ਨੂੰ ਇੱਕ ਅਜੋਕੀ ਸਰਮਾਏਦਾਰਾ ਸਿੱਖਿਆ ਢਾਂਚੇ ਨੂੰ ਤਹਿਸ ਨਹਿਸ ਕਰਕੇ ਸਮਾਜਵਾਦੀ ਸਿੱਖਿਆ ਪ੍ਰਣਾਲੀ ਦੀ ਸਥਾਪਤੀ ਦੀ ਲੰਮੀ ਲੜਾਈ ਲਈ ਵੀ ਤਿਆਰ ਕਰਨਾ ਚਾਹੀਦਾ ਹੈ, ਐਸਾ ਢਾਂਚਾ ਜੋ ਅਜੋਕੀ ਸਿੱਖਿਆ ਪ੍ਰਣਾਲ਼ੀ ਦੇ ਉਪਰੋਕਤ ਰੋਗਾਂ ਤੋਂ ਮੁਕਤ ਹੋਵੇ।

# ਯੋਗਾ ਡੇਅ ਜਾਂ ਸਪੋਰਟਸ ਡੇਅ



ਨਾਹਰ ਸਿੰਘ ਔਜਲਾ

ਭਾਰਤ ਦੇ ਰਾਜਨੀਤਕ ਲੀਡਰ, ਸਰਕਾਰੀ ਅਧਿਕਾਰੀ, ਸੰਤ, ਯੋਗੀ, ਸਾਧਵੀਆਂ ਤੇ ਸਾਰੇ ਹੀ ਭਗਵੇਂ ਕਾਰਕੁੰਨ ਯੋਗੇ ਨੂੰ ਦੁਨੀਆ ਪੱਧਰ 'ਤੇ ਇਸ ਤਰ੍ਹਾਂ ਨਾਲ ਪ੍ਰਚਾਰ ਰਹੇ ਹਨ ਜਿਵੇਂ ਟਵੰਟੀ-ਟਵੰਟੀ 'ਚ ਹੋਣ ਵਾਲੇ ਉਲੰਪਿਕ ਮੁਕਾਬਲਿਆਂ 'ਚ ਭਾਰਤੀ ਖਿਡਾਰੀਆਂ ਵਲੋਂ ਚੀਨ ਵਾਂਗ ਕੋਈ ਤਕੜੀ ਟੱਕਰ ਦੇਣਦੀ ਕੋਈ ਵੱਡੀ ਯੋਜਨਾ ਤਿਆਰ ਕਰ ਲਈ ਗਈ ਹੋਵੇ ਜਾਂ ਫਿਰ ਕਿਸੇ ਭਾਰਤੀ ਕੰਪਨੀ ਵਲੋਂ ਕੋਈ ਅਜਿਹੀ ਕਾਢ ਈਜਾਦ ਕੀਤੀ ਗਈ ਹੋਵੇ ਜਿਸ ਨਾਲ ਆਉਣ ਵਾਲੇ ਕੁਝ ਹੀ ਸਾਲਾਂ 'ਚ ਭਾਰਤ ਦੀ ਆਰਥਿਕਤਾ ਨੂੰ ਕੋਈ ਵੱਡਾ ਹੁਲਾਰਾ ਮਿਲਣ ਵਾਲਾ ਹੋਵੇ, ਜਿਸ ਨਾਲ ਲੱਖਾਂ ਹੀ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਸਤੇ ਖੁੱਲ੍ਹ ਜਾਣ ਦਾ ਭਰੋਸਾ ਹੋਵੇ। ਪਰ ਇਹੋ ਜਿਹਾ ਤਾਂ ਕੁਝ ਵੀ ਨਹੀਂ ਹੈ, ਸਿਵਾਏ ਲੋਕਾਂ ਨੂੰ ਧਰਮ ਦੇ ਚੌਖਟੇ 'ਚ ਰੱਖ ਕੇ ਹੀ ਪੰਜ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਵਿਧਾ ਯੋਗਾ ਅਭਿਆਸ ਨੂੰ ਹੀ ਸੰਘ ਪਾੜ ਪਾੜ ਕੇ ਪ੍ਰਚਾਰਿਆ ਜਾਣ ਤੋਂ। ਕਈ ਇਤਿਹਾਸਕਾਰ ਤਾਂ ਇਸ ਨੂੰ ਦਸ ਹਜ਼ਾਰ ਸਾਲ, ਭਾਵ ਪੱਥਰ ਯੁੱਗ ਵੇਲੇ ਤੋਂ ਚਲੀ ਆਉਂਦੀ ਵਿਧਾ ਮੰਨਦੇ ਹਨ। ਇਸ ਦੇ ਕੁਝ ਸਬੂਤ ਉਸ ਸਮੇਂ ਦੇ ਪੱਥਰਾਂ 'ਤੇ ਵੀ ਉਕਰੇ ਮਿਲਦੇ ਹਨ। ਮਹੰਜੋਦਾੜੋ ਤੇ ਹੜੱਪਾ ਦੀ



ਸਭਿਅਤਾ ਵੇਲੇ ਵੀ ਕਿਸੇ ਨਾ ਕਿਸੇ ਰੂਪ 'ਚ ਇਸ ਵਿਧਾ ਦੀ ਵਰਤੋਂ ਕੀਤੀ ਜਾਂਦੀ ਸੀ। ਪਿਛਲੇ ਦੋ ਸਾਲਾਂ ਤੋਂ ਹਰ ਫਰੰਟ 'ਤੇ ਫੈਲ੍ਹ ਹੋਈ ਮੋਦੀ ਦੀ ਸਰਕਾਰ ਇਸ ਨੂੰ ਸਿਰਫ਼ ਹਿੰਦੂ ਫਿਲਾਸਫੀ ਨਾਲ ਜੋੜ ਕੇ ਭਾਰਤ ਨੂੰ ਭਗਵੇਂ ਰੰਗ 'ਚ ਰੰਗਣ ਲਈ ਇਸ ਦਾ ਖੂਬ ਫਾਇਦਾ ਉਠਾਉਣਾ ਚਾਹੁੰਦੀ ਹੈ। ਭਾਰਤ ਦੀ ਵੱਡੀ ਮੰਡੀ ਨੂੰ ਧਿਆਨ 'ਚ ਰੱਖਦਿਆਂ ਪੱਛਮੀ ਮੁਲਕ ਵੀ ਇਸ ਮੁੱਦੇ ਨੂੰ ਖੂਬ ਤੂਲ ਦੇ ਰਹੇ ਹਨ। ਸਰੀਰਕ ਬਿਮਾਰੀਆਂ ਨੂੰ ਠੀਕ ਕਰਨ ਲਈ ਅੱਜ ਦੀ ਸਾਇੰਸ ਬਹੁਤ ਅੱਗੇ ਨਿਕਲ ਚੁੱਕੀ ਹੈ। ਅੱਜ ਕੱਲ੍ਹ ਤਾਂ ਸਰੀਰ ਦੇ ਹਰ ਅੰਗ ਦੇ ਸਪੈਸਲਿਸਟ ਡਾਕਟਰ ਹਨ। ਪੱਛਮੀ ਮੁਲਕਾਂ 'ਚ ਸਰੀਰ ਨੂੰ ਤੰਦਰੁਸਤ ਰੱਖਣ ਲਈ ਥਾਂ-ਥਾਂ 'ਤੇ ਜਿੰਮ ਖੁੱਲ੍ਹੇ ਹੋਏ ਹਨ, ਸਕੂਲਾਂ 'ਚ ਖੇਡਾਂ ਦੇ ਪ੍ਰੋਗਰਾਮ ਹਨ। ਭਾਰਤ ਵਿਚ ਸਕੂਲਾਂ 'ਚ ਬੱਚਿਆਂ ਲਈ ਖੇਡ ਪ੍ਰੋਗਰਾਮਾਂ ਦੀ ਜ਼ਰੂਰਤ ਹੈ, ਬੱਚਿਆਂ ਲਈ ਪ੍ਰਾਪਤ ਖੁਰਾਕ ਮਿਲਣ ਦਾ ਮਸਲਾ ਹੈ। ਯੋਗਾ ਰਾਹੀਂ ਤਾਂ ਸਮਾਧੀ, ਤਿਆਗ, ਸਾਧਨਾ, ਸੰਨਿਆਸ ਵਰਗੀਆਂ ਧਾਰਮਿਕ ਰੁਚੀਆਂ ਨੂੰ ਪ੍ਰਚਾਰਨਾ ਮੁੱਖ ਮਸਲਾ ਹੈ। ਕਰੋੜਾਂ ਭਾਰਤੀ ਤੇ ਮਿਲੀਅਨਾਂ ਦੀ ਗਿਣਤੀ 'ਚ ਬਾਹਰ ਵਸਦੇ ਪ੍ਰਵਾਸੀ ਜਦੋਂ ਵੀ ਕੌਮਾਂਤਰੀ ਪੱਧਰ ਦੇ ਫੀਫਾ, ਵਰਲਡ ਕੱਪ ਜਾਂ ਉਲੰਪਿਕ ਦੇ ਸਪੋਰਟਸ ਮੁਕਾਬਲੇ ਦੇਖ ਦੇ ਹਨ ਤਾਂ ਬੜੇ ਹੀ ਸ਼ਰਮਸਾਰ ਮਹਿਸੂਸ ਕਰਦੇ ਹਨ ਕਿ ਭਾਰਤ ਵਰਗੇ ਕੋਈ ਸਵਾ ਅਰਬ ਦੀ ਆਬਾਦੀ ਵਾਲੇ ਦੇਸ਼ ਦੀ ਕੋਈ ਵੀ ਟੀਮ ਬਹੁਤੀ ਵਾਰ ਤਾਂ ਕੁਆਲੀਫਾਈ ਹੀ ਨਹੀਂ ਕਰਦੀ-ਮੈਡਲ ਜਿੱਤਣੇ ਤਾਂ ਦੂਰ ਦੀ ਗੱਲ ਹੈ। ਸੰਨ 1920 ਤੋਂ ਅੱਜ ਤੱਕ ਭਾਰਤ ਨੇ ਸਿਰਫ਼ 24 ਮੈਡਲ ਜਿੱਤੇ ਹਨ, ਜਿਨ੍ਹਾਂ ਵਿਚੋਂ 9 ਸੋਨੇ ਦੇ ਹਨ। ਇਨ੍ਹਾਂ ਵਿਚੋਂ ਵੀ ਅੱਠ ਮੈਡਲ ਫੀਲਡ ਹਾਕੀ ਨੇ 1928 ਤੋਂ 1980 ਦੇ ਸਮੇਂ ਵਿਚਕਾਰ ਹੀ ਜਿੱਤੇ ਸਨ। ਉਸ ਸਪੋਰਟਸ ਨੂੰ ਵੀ ਭਾਰਤੀ ਲੀਡਰਾਂ ਨੇ ਮਰਨ ਕਿਨਾਰੇ 'ਤੇ ਪਹੁੰਚਾ ਦਿੱਤਾ ਹੈ। ਕਿਊਬਾ ਵਰਗੇ ਛੋਟੇ ਜਿਹੇ ਦੇਸ਼ ਜਿਸ ਦੀ ਆਬਾਦੀ ਕੁਝ ਮਿਲੀਅਨ ਦੀ ਹੈ, ਨੇ ਸਿਰਫ਼ 19 ਵਾਰ ਉਲੰਪਿਕ ਵਿਚ ਹਿੱਸਾ ਲੈ ਕੇ ਕੁੱਲ 208 ਮੈਡਲ ਜਿੱਤੇ ਹਨ ਜਿਨ੍ਹਾਂ 'ਚੋਂ ਲਗਭਗ ਅੱਧੇ ਸੋਨੇ ਦੇ ਹਨ। ਦੂਸਰੇ ਪਾਸੇ ਭਾਰਤ ਦਾ ਗੁਆਂਢੀ ਮੁਲਕ ਚੀਨ ਹੈ ਜਿਸ ਨੇ ਇਕ ਵੱਡੀ ਯੋਜਨਾ ਬਣਾਈ ਹੈ ਜਿਸ ਅਧੀਨ ਕੋਈ ਅੱਠ ਸੋ ਬਿਲੀਅਨ ਡਾਲਰ ਭਵਿੱਖ 'ਚ ਸਿਰਫ਼ ਫੁੱਟਬਾਲ ਗੇਮ ਲਈ ਖਰਚੇ ਜਾਣਗੇ ਜਿਸ ਅਧੀਨ 50 ਮਿਲੀਅਨ ਨੌਜਵਾਨਾਂ ਨੂੰ ਖੇਡਣ ਦਾ ਮੌਕਾ ਮਿਲੇਗਾ। ਲੋਕਾਂ ਦੇ ਰੁਜ਼ਗਾਰ ਲਈ ਤੇ ਗੇਮ ਦੀ ਬਿਹਤਰੀ ਲਈ ਸੱਤਰ ਹਜ਼ਾਰ ਦੇ ਕਰੀਬ ਫੁੱਟਬਾਲ ਗਰਾਊਂਡ ਬਣਾਏ ਜਾਣਗੇ। ਚੀਨ ਦੇ ਪ੍ਰਧਾਨ ਮੰਤਰੀ ਨੇ ਬੜੇ ਭਰੋਸੇ ਨਾਲ ਕਿਹਾ ਹੈ ਕਿ ਭਵਿੱਖ ਵਿਚ ਚੀਨ ਦੀ ਫੁੱਟਬਾਲ ਤੇ ਸਰਦਾਰੀ ਹੋਵੇਗੀ ਤੇ ਆਉਣ ਵਾਲੇ ਕੁਝ ਹੀ ਸਾਲਾਂ ਵਿਚ ਔਰਤਾਂ ਦੀ ਟੀਮ ਵਰਲਡ ਕੱਪ ਜਿੱਤੇਗੀ ਤੇ ਫਿਰ ਉਸ ਤੋਂ ਬਾਅਦ ਮਰਦਾਂ ਦੀ ਟੀਮ। ਭਾਰਤ ਦੇ ਪ੍ਰਧਾਨ ਮੰਤਰੀ ਯੋਜਨਾ ਬਣਾਉਣਗੇ ਕਿ ਕਿੰਨੇ ਧਾਰਮਿਕ ਸਥਾਨ ਬਣਨਗੇ ਜਾਂ ਕਿੰਨੇ ਯੋਗ ਕੇਂਦਰ ਖੋਲ੍ਹੇ ਜਾਣਗੇ। ਪ੍ਰਧਾਨ ਮੰਤਰੀ ਦੀਆਂ ਉਲੀਕੀਆਂ ਸੈਂਕੜੇ ਹੀ ਯੋਜਨਾਵਾਂ ਪਹਿਲਾਂ ਹੀ ਫਲਾਪ ਹੋ ਚੁੱਕੀਆਂ ਹਨ। ਭਾਰਤ ਦੀ ਕੌਮਾਂਤਰੀ ਪੱਧਰ 'ਤੇ ਗੇਮਾਂ 'ਚ ਮਾੜੀ ਕਾਰਗੁਜ਼ਾਰੀ ਨੂੰ ਦੇਖਦਿਆਂ ਹੀ ਪ੍ਰਸਿੱਧ ਲੇਖਕ ਹਮੀਸ ਮੈਕਲੋਨਲਡ ਨੇ ਲਿਖਿਆ ਸੀ "ਅਗਰ ਭਾਰਤ ਵਰਗਾ ਏਨੀ ਅਬਾਦੀ ਵਾਲਾ ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਸਪੋਰਟਸ ਵਿਚ ਵੀ ਵਧੀਆ ਕਾਰਗੁਜ਼ਾਰੀ ਨਹੀਂ ਕਰ ਸਕਦਾ ਤਾਂ ਇਸ ਦੇ ਲੀਡਰਾਂ ਤੋਂ ਬਿਲਕੁਲ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ, ਹੈਲਥ, ਐਜੂਕੇਸ਼ਨ, ਇੰਨਵੈਰਨਮੈਂਟ, ਪਾਵਰ ਸੌਰਟੇਜ, ਟਰਾਂਸਪੋਟੇਸ਼ਨ ਤੇ ਬਿਊਰੋਕਰੇਸੀ ਵਰਗੇ ਗੁੰਝਲਦਾਰ ਮੁੱਦਿਆਂ ਨੂੰ ਹੱਲ ਕਰ ਸਕਣਗੇ। ਭਾਰਤੀ ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਯੋਗਾ ਵਰਗੇ ਧਰਮ ਨਾਲ ਰਲਗੱਡ ਮੁੱਦਿਆਂ 'ਤੇ ਕਰੋੜਾਂ ਡਾਲਰ ਬਰਬਾਦ ਕਰਨ ਦੀ ਬਜਾਏ, ਸਕੂਲਾਂ ਵਿਚ ਸਪੋਰਟਸ ਪ੍ਰੋਗਰਾਮਾਂ 'ਤੇ ਪੈਸਾ ਖਰਚਣ ਜਿਸ ਨਾਲ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ ਤੇ ਲੋਕਾਂ ਦੀ ਸਿਹਤ ਵੀ ਠੀਕ ਰਹੇਗੀ ਤੇ ਦੇਸ਼ ਦਾ ਨਾਂ ਵੀ ਅੱਗੇ ਆਵੇਗਾ। ਸਿਰਫ਼ ਤਿੰਨ ਲੱਖ ਦੇ ਕਰੀਬ ਦੀ ਆਬਾਦੀ ਵਾਲੇ ਦੇਸ਼ ਆਈਸਲੈਂਡ ਦੀ ਫੁੱਟਬਾਲ ਟੀਮ ਨੇ ਯੂਰੋ ਫੁੱਟਬਾਲ ਕੱਪ 'ਚ ਕਮਾਲ ਦੀ ਪ੍ਰਦਰਸ਼ਨੀ ਕਰਕੇ ਦੇਸ਼ ਦਾ ਨਾਂ ਰੌਸ਼ਨ ਕਰ ਦਿੱਤਾ ਪਰ ਇਹੋ ਜਿਹੀਆਂ ਯੋਜਨਾਵਾਂ ਭਾਰਤੀ ਲੀਡਰਾਂ ਦੇ ਏਜੰਡੇ 'ਤੇ ਹੀ ਨਹੀਂ ਹਨ। ਉਹ ਤਾਂ ਟੇਡੇ-ਮੇਢੇ ਢੰਗਾਂ ਨਾਲ ਆਰ. ਐਸ. ਐਸ. ਦੇ ਏਜੰਡੇ ਨੂੰ ਹੀ ਮਹੱਤਤਾ ਦੇ ਰਹੇ ਹਨ ਤਾਂ ਕਿ ਭਾਰਤ ਨੂੰ ਜਿੰਨੀ ਜਲਦੀ ਹੋ ਸਕੇ ਉਨੀ ਜਲਦੀ ਭਗਵੇਂਕਰਨ ਦੇ ਰਾਹ ਤੋਰਿਆ ਜਾ ਸਕੇ। ਯੋਗੇ ਦਾ ਅਲੰਬਰਦਾਰ ਸਮਝਣ ਵਾਲਾ ਰਾਮਦੇਵ ਵੀ ਜੋ ਕਾਂਗਰਸ ਵੇਲੇ ਟਪੂਸੀਆਂ ਮਾਰ-ਮਾਰ ਕੇ ਕਾਲਾ ਧਨ ਵਾਪਸ ਲਿਆਉਣ ਦੀਆਂ ਟਾਅਰਾਂ ਮਾਰਦਾ ਸੀ ਹੁਣ ਮੋਦੀ ਰਾਜ ਦੇ ਦੋ ਸਾਲ ਬੀਤਣ 'ਤੇ ਵੀ ਮੂੰਹ 'ਤੇ ਛਿੱਕਲੀ ਲਾ ਕੇ ਬੈਠ ਗਿਆ ਹੈ। ਪ੍ਰਧਾਨ ਮੰਤਰੀ ਦੇ ਧਾਪੜੇ ਨਾਲ ਰਾਮਦੇਵ ਦੇ ਪੰਤਾਂਜਲੀ ਨਾਂ ਦੇ ਪ੍ਰੋਡੈਕਟ ਹੁਣ ਕਰੋੜਾਂ ਦੇ ਮੁਨਾਫ਼ੇ ਕਮਾ ਰਹੇ ਹਨ। ਕਾਲੇ ਧਨ ਦਾ ਚੀਕ-ਚੀਕ ਕੇ ਰੌਲਾ ਪਾਉਣ ਵਾਲਾ ਆਪ ਹੁਣ ਕਾਰਪੋਰੇਟ ਵਰਲਡ ਦਾ ਹਿੱਸਾ ਬਣ ਗਿਆ ਹੈ। ਪ੍ਰਧਾਨ ਮੰਤਰੀ ਦੇ ਯੋਗੇ ਸੈਸ਼ਨਾਂ 'ਚ ਸ਼ਾਮਲ ਹੋ ਕੇ ਯੋਜਨਾਬੱਧ ਤਰੀਕੇ ਨਾਲ ਆਸਣ ਕਰਦਿਆਂ ਦੀਆਂ ਤਸਵੀਰਾਂ ਕੁਝ ਮੀਡੀਏ ਵਲੋਂ ਲਗਾਤਾਰਤਾ ਨਾਲ ਪ੍ਰਸਾਰਤ ਕਰਨੀਆਂ ਦੁਨੀਆ ਵਿਚ ਇਕ ਧਾਰਮਿਕ ਦਿੱਖ ਦਿਖਾਉਣ ਤੋਂ ਇਲਾਵਾ ਕੁਝ ਵੀ ਨਹੀਂ ਹੈ। ਭਾਰਤ ਵਰਗੇ ਦੇਸ਼ ਦੇ ਚਾਲੀ ਕਰੋੜ ਤੋਂ ਵੱਧ ਗਰੀਬੀ ਰੇਖਾ ਤੋਂ ਵੀ ਥੱਲੇ ਵਾਲੀ ਜ਼ਿੰਦਗੀ ਜਿਉਣ ਵਾਲੇ ਲੋਕਾਂ ਲਈ ਪਹਿਲਾਂ ਰੋਟੀ ਦੇ ਬੰਦੋਬਸਤ ਦੀ ਜ਼ਰੂਰਤ ਹੈ, ਭੁੱਖੇ ਪੇਟ ਤਾਂ ਯੋਗਾ ਵੀ ਨਹੀਂ ਕੀਤਾ ਜਾ ਸਕੇਗਾ। ਕਿਸਾਨ ਮਜ਼ਦੂਰ ਅੱਜ ਖੁਦਕਸ਼ੀਆਂ ਦੇ ਰਾਹ ਤੁਰੇ ਹੋਏ ਹਨ ਉਨ੍ਹਾਂ ਲਈ ਯੋਜਨਾਵਾਂ ਦੀ ਜ਼ਰੂਰਤ ਹੈ। ਸਦੀਆਂ ਤੋਂ ਬਣੇ ਆ ਰਹੇ ਭਾਰਤ ਵਰਗੇਦੇਸ਼ ਦੀ ਅਧਿਆਤਮਿਕਤਾ ਵਾਲੀ ਦਿੱਖ ਨੂੰ ਤੋੜ ਕੇ ਮੁਲਕ ਨੂੰ ਪ੍ਰਗਤੀ ਦੇ ਰਾਹ ਤੋਰਨ ਦੀ ਜ਼ਰੂਰਤ ਹੈ।

416-728-5686

## ਸਾਇੰਸ ਕਾਲਜ ਜਗਰਾਓਂ ਵਾਲਿਆਂ ਦੀ ਪਿਕਨਿਕ 9 ਜੁਲਾਈ ਨੂੰ




ਬਰੈਂਪਟਨ, (ਹਰਜੀਤ ਬੇਦੀ) : ਪਿਛਲੇ ਸਾਲਾ ਦੀ ਤਰ੍ਹਾਂ ਇਸ ਸਾਲ ਵੀ ਗੌਰਮਿੰਟ ਕਾਲਜ ਆਫ ਸਾਇੰਸ ਐਜੂਕੇਸ਼ਨ ਐਂਡ ਰੀਸਰਚ, ਜਗਰਾਓਂ ਨਾਲ ਸਬੰਧਤ ਸਾਬਕਾ ਵਿਦਿਆਰਥੀਆਂ, ਟੀਚਰਾਂ ਅਤੇ ਕਰਮਚਾਰੀਆਂ ਵਲੋਂ 9 ਜੁਲਾਈ ਦਿਨ ਸ਼ਨੀਵਾਰ ਨੂੰ ਸ਼ਾਨਦਾਰ ਪਿਕਨਿਕ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪਿਕਨਿਕ ਟੈਰਾ-ਕੋਟਾ ਕਨਜ਼ਰਵੇਸ਼ਨ ਏਰੀਆ, 14452-ਵਿਨਸਟਨ ਚਰਚਿਲ ਬੁਲੇਵਾਰਡ ਹਾਲਟਨ ਹਿੱਲਜ਼ ਦੇ ਖੁੱਲ੍ਹੇ ਡੁਲ੍ਹੇ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਪਾਰਕ ਵਿੱਚ ਮਨਾਈ ਜਾ ਰਹੀ ਹੈ।


ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਹ ਪਿਕਨਿਕ ਜਿੱਥੇ ਪਰਿਵਾਰਾਂ ਨੂੰ ਖੁਸ਼ੀਆਂ ਅਤੇ ਮਨੋਰੰਜਨ ਪ੍ਰਦਾਨ ਕਰੇਗੀ ਉੱਥੇ ਪੁਰਾਣੇ ਦੋਸਤਾਂ ਮਿੱਤਰਾਂ ਨਾਲ ਯਾਦਾਂ ਸਾਂਝੀਆਂ ਕਰਨ ਦਾ ਮੌਕਾ ਵੀ ਮਿਲੇਗਾ। ਇਸ ਲਈ ਸਾਰੇ ਸਬੰਧਤ ਪਰਿਵਾਰਾ ਨੂੰ ਸੱਦਾ ਹੈ ਕਿ ਇਸ ਪਿਕਨਿਕ ਵਿੱਚ ਆ ਕੇ ਇੱਕ ਦਿਨ ਆਪਣੇ ਪਰਿਵਾਰਾਂ ਤੇ ਪੁਰਾਣੇ ਮਿੱਤਰਾਂ ਦੋਸਤਾਂ ਨਾਲ ਮਨੋਰੰਜਨ ਦੇ ਨਾਲ ਨਾਲ ਪੁਰਾਣੀਆਂ ਮਿੱਠੀਆਂ ਯਾਦਾਂ ਸਾਂਝੀਆਂ ਕਰੋ ਤੇ ਪਿਕਨਿਕ ਦੀਆਂ ਰੌਣਕਾਂ ਦਾ ਹਿੱਸਾ ਬਣਨ ਦੀ ਖੁਸ਼ੀ ਪ੍ਰਾਪਤ ਕਰੋ।ਵਧੇਰੇ ਜਾਣਕਾਰੀ ਲਈ ਓਮ ਪਰਕਾਸ਼ (647-891-8500), ਦੀਪ (416-910-9675), ਸੁਖਦੇਵ ਸਿੱਧਵਾਂ (647-299-1610) ਜਾਂ ਸੁਰਿੰਦਰ ਗਿੱਲ (905-460-5544) ਨਾਲ ਸੰਪਰਕ ਕੀਤਾ ਜਾ ਸਕਦਾ ਹੈ।








# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਵਾਤਾਵਰਨ ਤਬਦੀਲੀ ਤੇ ਵਿਚਾਰਾਂ






**ਮਾਸਟਰ ਭਜਨ**

ਕੈਲਗਰੀ : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਜੂਨ ਮਹੀਨੇ ਦੀ ਮੀਟਿੰਗ ਦੌਰਾਨ ਵਾਤਾਵਰਨ ਵਿੱਚ ਜੰਗੀ ਪੱਧਰ ਤੇ ਹੋ ਰਹੀ ਤਬਦੀਲੀ ਦਾ ਮੁੱਦਾ ਭਾਰੂ ਰਿਹਾ। ਕੈਲਗਰੀ ਦੇ ਵਕੀਲ ਤੇ ਚਿੰਤਕ ਅਮਰਪ੍ਰੀਤ ਸਿੰਘ ਨੇ ਇਸ ਵਿਸ਼ੇ ਤੇ ਵਿਚਾਰ ਪ੍ਰਗਟ ਕਰਦਿਆਂ ਲੋਕਾਂ ਨੂੰ ਸੁਚੇਤ ਕੀਤਾ ਕਿ ਹੁਣ ਸਥਿਤੀ ਵਿਸਫੋਟਕ ਬਣ ਚੁੱਕੀ ਹੈ ਤੇ ਜੇ ਹੁਣ ਨਾ ਸੰਭਲ਼ਿਆ ਗਿਆ ਤਾਂ ਆਉਣ ਵਾਲ਼ੀਆਂ ਨਸਲਾਂ ਲਈ ਨਤੀਜੇ ਭਿਆਨਕ ਹੋਣਗੇ।




ਕੈਲਗਰੀ ਦੇ ਕੋਸੋ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ 80 ਦੇ ਕਰੀਬ ਲੋਕਾਂ ਨੇ ਹਾਜ਼ਰੀ ਭਰੀ। ਵਾਤਾਵਰਨ ਤਬਦੀਲੀ (ਗਲੋਬਲ ਵਾਰਮਿੰਗ) ਬਾਰੇ ਬੋਲਦਿਆਂ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਸੰਸਾਰ ਭਰ ਵਿੱਚ ਮੁਨਾਫੇ ਅਤੇ ਅਮੀਰ ਬਣਨ ਦੀ ਜੋ ਦੌੜ ਲੱਗੀ ਹੈ ਉਸ ਨੇ ਵਾਤਾਵਰਨ ਦੀ ਸਭ ਤੋਂ ਵੱਧ ਤਬਾਹੀ ਕੀਤੀ ਹੈ। ਬਹੁਕੌਮੀ ਕਾਰਪੋਰੇਸ਼ਨਾਂ ਦੁਆਰਾ ਗਰੀਨ ਹਾਊਸ ਗੈਸਾਂ, ਕੋਲਾ, ਤੇਲ ਦੀ ਜ਼ਿਆਦਾ ਵਰਤੋਂ ਅਤੇ ਜੰਗਾਂ ਰਾਹੀਂ ਫੈਲਾਈ ਜਾ ਰਹੀ ਕਾਰਬਨ ਡਾਈਆਕਸਾਈਡ ਕਾਰਨ ਧਰਤੀ ਉਪਰ ਮਨੁਖੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਉਹਨਾਂ ਕਿਹਾ ਕਿ ਅਮਰੀਕਾ, ਚੀਨ, ਕੈਨੇਡਾ ਅਤੇ ਹੋਰ ਕਈ ਮੁਲਕ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲ਼ੇ ਮੁਲਕਾਂ ਵਿੱਚੋਂ ਮੋਹਰੀ ਹਨ। ਇਸ ਸਮੱਸਿਆ ਦੇ ਹੱਲ ਬਾਰੇ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਸੰਸਾਰ ਭਰ ਦੇ ਲੋਕਾਂ ਨੂੰ ਇਸ ਦਾ ਸੰਗਠਤ ਵਿਰੋਧ ਕਰਨਾ ਪੈਣਾ ਹੈ।


ਰੇਡੀਓ ਰੈਡ ਐਫ. ਐਮ. ਦੇ ਪੱਤਰਕਾਰ ਰਮਨਜੀਤ ਸਿੱਧੂ ਨੇ ਕੈਲਗਰੀ ਵਿੱਚ ਹੋਏ ਪੰਜ ਵਿਦਿਆਰਥੀਆਂ ਦੇ ਕਤਲ ਲਈ ਦੋਸ਼ੀ ਵਿਅਕਤੀ ਨੂੰ ਅਦਾਲਤ ਵਲੋਂ ਦਿੱਤੀ ਗਈ ਸਜ਼ਾ ਦੇ ਕਈ ਪਹਿਲੂਆਂ ਉਪਰ ਚਾਨਣਾ ਪਾਇਆ। ਅਦਾਲਤ ਨੇ ਦੋਸ਼ੀ ਵਿਅਕਤੀ ਦੀ ਸਜ਼ਾ ਇਸ ਕਰਕੇ ਘੱਟ ਕਰ ਦਿੱਤੀ ਕਿਉਂਕਿ ਉਸ ਨੂੰ ਕਤਲ ਕਰਨ ਲਈ ਗੈਬੀ ਸ਼ਕਤੀਆਂ ਨੇ ਉਕਸਾਇਆ ਸੀ। ਰਮਨਜੀਤ ਨੇ ਸਿੱਖਿਆ ਅਤੇ ਅਦਾਲਤੀ ਢਾਂਚੇ ਚੋਟ ਕਰਦਿਆਂ ਕਿਹਾ ਕਿ ਅਜਿਹੇ ਫੈਸਲਿਆਂ ਨਾਲ਼ ਸਮਾਜ ਵਿੱਚ ਗੈਰ-ਤਰਕਸ਼ੀਲ ਅਤੇ ਗੈਰ-ਵਿਗਿਆਨਿਕ ਵਿਚਾਰਾਂ ਨੂੰ ਹੁਲਾਰਾ ਮਿਲ਼ਦਾ ਹੈ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਠੱਲ ਪਾਉਣ ਲਈ ਉਹਨਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਵਿਦਿਅਕ ਢਾਂਚੇ ਨੂੰ ਹਕੀਕਤਮੁਖੀ ਬਣਾਉਣ ਦੀ ਲੋੜ ਹੈ।

ਇਸ ਮੌਕੇ ਹਾਜ਼ਰ ਵਿਅਕਤੀਆਂ ਵਲੋਂ ਸਵਾਲ ਵੀ ਪੁੱਛੇ ਗਏ ਜਿਸ ਵਿੱਚ ਦਰਸ਼ਨ ਧਾਲੀਵਾਲ, ਸੁਖਰਾਮ ਸੰਧੂ, ਰਾਮੇਸ਼ ਆਨੰਦ, ਵਕੀਲ ਤਰਨਜੀਤ ਔਜਲਾ ਅਤੇ ਗੁਰਬਚਨ ਬਰਾੜ ਨੇ ਭਾਗ ਲਿਆ। ਦੋਵੇਂ ਬੁਲਾਰਿਆਂ ਨੇ ਤਸੱਲੀਬਖਸ਼ ਜਵਾਬ ਦਿੱਤੇ। ਇਸ ਮੀਟਿੰਗ ਵਿੱਚ ਭਾਗ ਲੈਣ ਲਈ ਲੈਥਬਰਿੱਜ ਤੋਂ ਵਿਸ਼ੇਸ਼ ਤੌਰ ’ਤੇ ਪੁੱਜੇ ਬਲਜਿੰਦਰ ਬੂਰਾ ਨੇ ਵਿਚਾਰ ਰੱਖੇ। ਮੀਟਿੰਗ ਦੇ ਵਿਸ਼ਿਆਂ ਨਾਲ਼ ਸੰਬਧਿਤ ਪੜ੍ਹੀਆਂ ਗਈਆਂ ਕਵਿਤਾਵਾਂ ਵਿੱਚ ਗੁਰਬਚਨ ਬਰਾੜ, ਸੁਰਿੰਦਰ ਗੀਤ, ਅਵੀ ਜਸਵਾਲ ਨੇ ਹਿੱਸਾ ਲਿਆ।

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਦੋ ਕਿਤਾਬਾਂ ‘ਲਹਿਰਾਂ ਦੇ ਅੰਗ-ਸੰਗ’ ਅਤੇ ‘ਚੀਨ ਦੀ ਯਾਤਰਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਸਾਰੂ ਸਾਹਿੱਤ ਨੂੰ ਖਰੀਦਣ ਬਾਰੇ ਕੈਲਗਰੀ ਵਿੱਚ ਵੱਧ ਰਹੇ ਰੁਝਾਨ ਬਾਰੇ ਮਾਸਟਰ ਭਜਨ ਨੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਵਾਰ ਦੇ ਹਾਕਸ ਫੀਲਡ ਹਾਕੀ ਟੂਰਨਾਮੈਂਟ ਦੌਰਾਨ ਕਿਤਾਬਾਂ ਦੀ ਵਿਕਰੀ ਦੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਉਹਨਾਂ ਜੱਥੇਬੰਦੀ ਦੀ ਵਿਚਾਰਧਾਰਾ ਅਤੇ ਕਿਤਾਬਾਂ ਦੇ ਪ੍ਰਚਾਰ ਲਈ ਹਰਚਰਨ ਪਰਹਾਰ (ਸਿੱਖ-ਵਿਰਸਾ) ਦੁਆਰਾ ਕੀਤੇ ਜਾ ਰਹੇ ਯਤਨਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਪ੍ਰਸ਼ੰਸਾ ਕੀਤੀ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦਾ ਸਲਾਨਾ ਸਮਾਗਮ 4 ਸਤੰਬਰ ਨੂੰ ਕੈਲਗਰੀ ਯੂਨੀਵਰਸਿਟੀ ਦੇ ਹਾਲ ਵਿੱਚ ਹੋਵੇਗਾ। ਅਗਲੀ ਮੀਟਿੰਗ 3 ਜੁਲਾਈ ਨੂੰ ਕੋਸੋ ਹਾਲ (ਕਮਰਾ ਨੰਬਰ 102,3208, 8 ਐਵੀਨਿਊ, ਨਾਰਥ ਈਸਟ, ਕੈਲਗਰੀ) ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਨਾਲ਼ ਫੋਨ ਨੰਬਰ 403-455-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
Ph: 403-250-8898 Fax: 403-250-8825
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Website : www.sikhvirsa.com, Email : virsa@sikhvirsa.com

### ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ

# 7ਵੇਂ ਸਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਦਾ ਐਲਾਨ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਦਾ 7ਵਾਂ ਨਾਟਕ ਸਮਾਗਮ ਲੌਂਗ ਵੀਕ ਐਂਡ 4 ਸਤੰਬਰ ਐਤਵਾਰ ਦੁਪਹਿਰ ਯੂਨੀਵਰਸਿਟੀ ਦੇ ਜੀ-295 ਕਰੇਜੀ ਹਾਲ 2500 ਯੂਨੀਵਰਸਿਟੀ ਆਫ਼ ਕੈਗਲਰੀ 2500 ਯੂਨੀਵਰਸਿਟੀ ਡਰਾਈਵ ਐਨ. ਡਬਲਿਊ. ਵਿਖੇ ਕਰਵਾਇਆ ਜਾਵੇਗਾ। ਇਹ ਐਲਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਐਗਜੈਕਟਿਵ ਕਮੇਟੀ ਵਲੋਂ ਮੀਟਿੰਗ ਕਰਨ ਉਪਰੰਤ ਕੀਤਾ ਗਿਆ। ਨਾਟਕ ਟੀਮ ਦੀ ਤਿਆਰੀ ਲਈ ਵਿਸ਼ੇਸ਼ ਤੌਰ 'ਤੇ ਪੰਜਾਬਤੋਂ ਲੋਕ ਕਲਾ ਮੰਚ ਦੇ ਡਾਇਰੈਕਟਰ ਅਤੇ ਲੇਖਕ ਹਰਕੇਸ਼ ਚੌਧਰੀ ਹਰ ਵਾਰੀ ਦੀ ਤਰ੍ਹਾਂ ਅਗਸਤ 'ਚ ਪੁੱਜ ਜਾਣਗੇ। ਉਨ੍ਹਾਂ ਦੀ ਨਿਰਦੇਸ਼ਨਾ ਹੇਠ ਕੈਲਗਰੀ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰ ਹਾਲਾਤਾਂ ਦੇ ਮੇਲਦੇ ਨਾਟਕ ਪੇਸ਼ ਕਰਨਗੇ। ਬੱਚਿਆਂ ਦੀਆਂ ਦੋ ਕੋਰੀਓਗਰਾਫੀਆਂ ਵਿਸ਼ੇਸ਼ ਖਿੱਚ ਭਰਪੂਰ ਹੋਣਗੀਆਂ। ਨਾਟਕ ਟੀਮ 'ਚ ਕੰਮ ਕਰਨ ਅਤੇ ਬੱਚਿਆਂ ਲਣ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਸਮੇਂ ਸਿਰ ਨਾਂ ਦਰਜ ਕਰਵਾਉਣ ਅਤੇ ਯੋਗਤਾ ਅਨੁਸਾਰ ਚੋਣ ਕੀਤੀ ਜਾਵੇਗੀ। ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ ਉਸਾਰੂ ਸਾਹਿਤ ਅਤੇ ਤਰਕਸ਼ੀਲ ਸਾਹਿਤ ਦੀ ਸਟਾਲ ਤੋਂ ਤੁਸੀਂ ਕਿਤਾਬਾਂ ਖਰੀਦ ਸਕੋਗੇ। ਸਾਂਝਾ ਬਿਆਨ ਪ੍ਰੈਸ ਦੇ ਨਾਂ ਜਾਰੀ ਕਰਦਿਆਂ ਪ੍ਰਧਾਨ ਮੋਹਨ ਮਾਨ ਅਤੇ ਮਾਸਟਰ ਭਜਨ ਨੇ ਦੱਸਿਆ ਕਿ ਨਾਟਕ ਤਿਆਰੀ ਕਮੇਟੀ 'ਚ ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ), ਸੁਖਵੀਰ ਸਿੰਘ ਗਰੇਵਾਲ ਹਾਕਸ ਫੀਲਡ, ਐਡਵੋਕੇਟ ਤਰਨਜੀਤ ਔਜਲਾ, ਅਮਰਪ੍ਰੀਤ ਸਿੰਘ, ਮਾਸਟਰ ਬਚਿੱਤਰ ਗਿੱਲ ਅਤੇ ਹਰੀ ਪਾਲ ਨੂੰ ਸ਼ਾਮਲ ਕਰਕੇ ਐਸੋਸੀਏਸ਼ਨ ਮਾਣ ਮਹਿਸੂਸ ਕਰਦੀ ਹੈ। ਸਾਰੇ ਸਾਥੀਆਂ ਨੇ ਨਾਟਕ ਸਮਾਗਮ ਨੂੰ ਸਫ਼ਲਤਾਪੂਰਵਕ ਸਿਰੇ ਚੜ੍ਹਾਉਣ ਲਈ ਵਚਨਬੱਧਤਾ ਪ੍ਰਗਟਾਈ ਹੈ। ਆਗੂਆਂ ਨੇ ਸਭ ਕੈਲਗਰੀ ਵਾਸੀਆਂ ਨੂੰ ਪੁੱਜਣ ਦੀ ਅਪੀਲ ਕੀਤੀ ਹੈ। ਸਾਰੇ ਮੀਡੀਆ ਵਾਲੇ ਸਾਥੀਆਂ ਨੂੰ ਪਹਿਲਾਂ ਵਾਂਗ ਸਹਿਯੋਗ ਦੀ ਪੁਰਜ਼ੋਰ ਅਪੀਲ ਕੀਤੀ ਹੈ। 3 ਜੁਲਾਈ ਨੂੰ ਕੋਸੇ ਹਾਲ ਵਿਖੇ ਹੋ ਰਹੀ ਮੀਟਿੰਗ ਵਿਚ ਇਸ਼ਤਿਹਾਰ ਅਤੇ ਹੋਰ ਸਮੱਗਰੀ ਜਾਰੀ ਕਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਅਤੇ ਕਿਸੇ ਵੀ ਕਿਸਮ ਦੇ ਸਹਿਯੋਗ ਲਈ ਮਾਸਟਰ ਭਜਨ ਨੂੰ 403-455-4220, ਪ੍ਰੋ. ਗੋਪਾਲ ਕਾਉਂਕੇ ਨੂੰ 403-970-3588 'ਤੇ ਸੰਪਰਕ ਕਰ ਸਕਦੇ ਹੋ। ਤੁਹਾਡੇ ਸੁਝਾਵਾਂ ਦੀ ਉਡੀਕ ਰਵੇਗੀ।

DPC
Dhillon Professional Corporation
Gurjinder Kaur Dhillon, CGA
Suite #2014851 Westwinds Dr. NE
Calgary, Alberta T3J4L4
www.gdpc.ca
Ph: 403-460-6855
Cell: 403-618-6458
e-mail: gdhillonCGA@gdpc.ca



ਸ਼ਹੀਦ ਭਗਤ ਸਿੰਘ ਲਾਇਬਰੇਰੀ ਵੱਲੋਂ
ਪੁਸਤਕ ਮੇਲਾ
23-24 ਜੁਲਾਈ 2016 ਦਿਨ ਸ਼ਨਿਚਰਵਾਰ-ਐਤਵਾਰ ਨੂੰ
ਸਮਾਂ : ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ
ਸਥਾਨ : ਗ੍ਰੀਨ ਪਲਾਜਾ, (ਲਵਲੀ ਸਵੀਟਸ ਦੇ ਨਾਲ)
4818 WESTWINDS DR. NE CALGARY
ਇਸ ਲੋਕ ਪੱਖੀ ਪੁਸਤਕ ਮੇਲੇ ਵਿੱਚ ਤੁਸੀਂ ਅਗਾਂਹਵਧੂ, ਤਰਕਸ਼ੀਲ, ਲੋਕ-ਪੱਖੀ, ਵਿਗਿਆਨਕ ਅਤੇ ਸਾਹਿਤਕ ਕਿਤਾਬਾਂ ਵਾਜਬ ਕੀਮਤ 'ਤੇ ਖਰੀਦ ਸਕਦੇ ਹੋ। ਆਪਣੀਆਂ ਮਨਪਸੰਦ ਕਿਤਾਬਾਂ ਆਰਡਰ ਕਰਕੇ ਮੰਗਵਾ ਵੀ ਸਕਦੇ ਹੋ। ਆਪਣੇ ਰੁਝੇਂਵਿਆਂ ਵਿਚੋਂ ਸਮਾਂ ਕੱਢ ਕੇ ਪੁਸਤਕ ਮੇਲੇ ਵਿੱਚ ਜ਼ਰੂਰ ਪਹੁੰਚੋ।
ਕਿਤਾਬਾਂ ਸਾਡੀਆਂ ਹਮੇਸ਼ਾਂ ਸਾਥ ਦੇਣ ਵਾਲੀਆਂ ਮਿੱਤਰ ਹਨ। ਇਨ੍ਹਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉ।
ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ ਸੰਪਰਕ ਕਰ ਸਕਦੇ ਹੋ।
403-455-4220

**ਅੰਮ੍ਰਿਤਾ ਪ੍ਰੀਤਮ :** ਪਿੰਜਰ, ਰੰਗ ਦਾ ਪੱਤਾ, ਰਸੀਦੀ ਟਿਕਟ, ਡਾ. ਦੇਵ ਧਰਤੀ ਸਾਗਰ ਅਤੇ ਸਿੱਪੀਆਂ।

**ਜਸਵੰਤ ਸਿੰਘ ਕੰਵਲ :** ਜੀਵਨ ਕਹਾਣੀਆਂ, ਰਾਤ ਬਾਕੀ ਹੈ, ਪਾਲੀ, ਲਹੂ ਦੀ ਲੋਅ।

**ਮਿੱਤਰ ਸੈਨ ਮੀਤ :** ਕੌਰਵ ਸਭਾ, ਸੁਧਾਰ ਘਰ, ਤਫਤੀਸ਼।

**ਰਾਮ ਸਰੂਪ ਅਣਖੀ :** ਕੋਠੇ ਖੜਕ ਸਿੰਘ, ਦੁੱਲੇ ਦੀ ਢਾਬ, ਸਲਫਾਸ, ਹਮੀਰਗੜ੍ਹ, ਅੱਛਰਾ ਦਾਦੂ।

**ਨਾਨਕ ਸਿੰਘ :** ਆਸਤਕ ਨਾਸਤਕ, ਮਤਰੇਈ ਮਾਂ, ਪੱਥਰ ਦੇ ਖੰਭ, ਸੁਮਨ ਕਾਂਤਾ, ਪਤਝੜ ਦੇ ਪੰਛੀ, ਗਰੀਬ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਚਿੱਟਾ ਲਹੂ।

**ਗੁਰਦਿਆਲ ਸਿੰਘ :** ਅੱਧ ਚਾਨਣੀ ਰਾਤ, ਮੜ੍ਹੀ ਦਾ ਦੀਵਾ, ਅਣਹੋਏ, ਪਰਸਾ, ਅੰਨੇ ਘੋੜੇ ਦਾ ਦਾਨ।

**ਬਲਦੇਵ ਸਿੰਘ :** ਸੜਕਨਾਮਾ, ਢਾਵਾਂ ਦਿੱਲੀ ਦੇ ਕਿੰਗਰੇ, ਪੰਜਵਾਂ ਸਾਹਿਬਜ਼ਾਦਾ, ਅੰਨਦਾਤਾ, ਮਹਾਂਬਲੀ ਸੂਰਾ, ਸੂਲੀ ਟੰਗੇ ਪਹਿਰ, ਲਾਲ ਬੱਤੀ।

**ਮੁਨਸ਼ੀ ਪ੍ਰੇਮ ਚੰਦ :** ਪ੍ਰਤਿੱਗਿਆ, ਨਿਰਮਲਾ।

**ਦਲੀਪ ਕੌਰ ਟਿਵਾਣਾ :** ਨੰਗੇ ਪੈਰਾਂ ਦਾ ਸਫਰ, ਇਹ ਹਮਾਰਾ ਜੀਵਣਾ।

**ਵੀਨਾ ਵਰਮਾ :** ਫਰੰਗੀਆਂ ਦੀ ਨੂੰਹ, ਮੁੱਲ ਦੀ ਤੀਵੀਂ।

**ਸ਼ਿਵ ਕੁਮਾਰ ਬਟਾਲਵੀ :** ਪੀੜਾਂ ਦਾ ਪਰਾਗਾ, ਮੈਨੂੰ ਵਿਦਾ ਕਰੋ, ਲੂਣਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਸੋਗ, ਮੈਂ ਤੇ ਮੈਂ

**ਨਰਿੰਦਰ ਸਿੰਘ ਕਪੂਰ :** ਬੂਹੇ-ਬਾਰੀਆਂ, ਤਰਕਵੇਦ, ਰਾਹ-ਰਸਤੇ, ਡੂੰਘੀਆਂ ਸਿਖਰਾਂ, ਅਮਰੀਕਾ ਦਾ ਸਫਰਨਾਮਾ, ਵਿਆਖਿਆ ਵਿਸ਼ਲੇਸ਼ਣ।

**ਡਾ. ਹਰਸ਼ਿੰਦਰ ਕੌਰ :** ਖੁਰਾਕ ਬਾਰੇ ਸੰਪੂਰਨ ਜਾਣਕਾਰੀ, ਮਾਂ-ਬੋਲੀ।

**ਡਾ. ਸੁਰਿੰਦਰ ਦੁਸਾਂਝ :** ਗੁਰੂ ਨਾਨਕ ਬਾਰੇ ਸੱਚ ਦੀ ਖੋਜ, ਗੁਰੂ ਤੇਗ ਬਹਾਦਰ ਬਾਰੇ ਸੱਚ ਦੀ ਖੋਜ ਗੁਰੂ ਨਾਨਕ ਲੇਖ ਸੰਗ੍ਰਹਿ।

**ਖੁਸ਼ਵੰਤ ਸਿੰਘ :** ਸਿੱਖ ਰਾਜ ਦਾ ਅੰਤ, ਪਾਕਿਸਤਾਨ ਮੇਲ

**ਸਰਦਾਰਾ ਸਿੰਘ ਜੌਹਲ :** ਮੇਰਾ ਭਾਰਤ ਮਹਾਨ, ਰੰਗਾਂ ਦੀ ਗਾਗਰ।

**ਗੁਰਬਚਨ ਸਿੰਘ ਭੁੱਲਰ :** ਇਹੁ ਜਨਮੁ ਤੁਮਹਾਰੇ ਲੇਖੇ

**ਕੁਲਦੀਪ ਨਈਅਰ :** ਅਜੋਕੇ ਭਾਰਤ ਦੀ ਅਣਕਹੀ ਦਾਸਤਾਨ, ਕੁਲਦੀਪ ਨਈਅਰ ਦੀ ਸਵੈ-ਜੀਵਨੀ।

**ਵਰਿੰਦਰ ਸਿੰਘ ਵਾਲੀਆ :** ਤਨਖਾਈਏ

**ਸ੍ਰੀ ਲਾਲ ਸ਼ੁਕਲ :** ਰਾਗ ਦਰਬਾਰੀ

**ਗੁਰਬਖਸ਼ ਸਿੰਘ ਪ੍ਰੀਤਲੜੀ:** ਸਾਵੀਂ ਪੱਧਰੀ ਜ਼ਿੰਦਗੀ , ਪ੍ਰਸੰਨ ਲੰਮੀ ਉਮਰ, ਖੁਸ਼ਹਾਲ ਜੀਵਨ, ਸੁਖਾਵੀਂ ਸੁਧਰੀ ਜ਼ਿੰਦਗੀ।

**ਸੁਰਜੀਤ ਪਾਤਰ :** ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਸੂਰਜ ਮੰਡਲ ਦੀਆਂ ਪੌੜੀਆਂ, ਸੁਰਜ਼ਮੀਨ, ਹਵਾ ਵਿੱਚ ਲਿਖੇ ਹਰਫ਼,ਲਫਜ਼ਾਂ ਦੀ ਦਰਗਾਹ, ਪਤਝੜ ਦੀ ਪਾਂਜੇਬ, ਚੰਨ ਸੂਰਜ ਦੀ ਵਹਿੰਗੀ।

**ਜਸਵੰਤ ਸਿੰਘ ਜ਼ਫ਼ਰ :** ਸਿਖੁ ਸੁ ਖੋਜਿ ਲਹੈ, ਅਸੀਂ ਨਾਨਕ ਦੇ ਕੀ ਲੱਗਦੇ ਹਾਂ, ਮੈਨੂੰ ਇਉਂ ਲੱਗਿਆ, ਇਹ ਬੰਦਾ ਕੀ ਹੁੰਦਾ।

**ਡਾ. ਦਲਜੀਤ ਸਿੰਘ :** ਬਦੀ ਦੀ ਜੜ੍ਹ।

**ਹਰਜੀਤ ਬੇਦੀ :** ਹਕੀਕਤ

**ਗੁਰਬਚਨ :** ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ, ਮਹਾਂਯਾਤਰਾ

**ਰਵਿੰਦਰ ਰਾਹੀ ਵਲੋਂ ਅਨੁਵਾਦਤ :** ਕਾਸ਼ੀਨਾਥ ਸਿੰਘ 'ਗਹਿਣੇ ਪਿਆ ਰਘੂ'।

**ਲਾਲਾ ਹਰਦਿਆਲ :** ਧਰਮ ਤੇ ਇਨਸਾਨੀਅਤ, ਆਤਮ ਵਿਕਾਸ ਦਾ ਮਾਰਗ।

**ਗਿਆਨੀ ਗੁਰਦਿੱਤ ਸਿੰਘ :** ਮੇਰਾ ਪਿੰਡ

**ਨਿਰਮਲ ਨਿੰਮਾ ਲੰਗਾਹ :** ਹਿੰਦ-ਪਾਕਿ ਬਾਰਡਰਨਾਮਾ

**ਐਸ.ਐਸ.ਵਰਮਾ :** ਭਾਰਤ ਦਾ ਦਿਲਚਸਪ ਇਤਿਹਾਸ

**ਦਰਸ਼ਨ ਸਿੰਘ :** ਗੈਲਰੀ ਸ਼ਹੀਦਾਂ

**ਡਾ. ਵਣਜਾਰਾ ਬੇਦੀ :** ਮੇਰਾ ਨਾਨਕਾ ਪਿੰਡ

**ਕ੍ਰਿਸ਼ਨ ਚੰਦਰ :** ਜਦੋਂ ਖੇਤ ਜਾਗੇ, ਉਲਟਾ ਦਰੱਖਤ।

**ਮਮਤਾ ਕਾਲੀਆ (ਡਾ.):** ਦੌੜ

**ਬਲਵੀਰ ਪਰਵਾਨਾ :** ਬਹੁਤ ਸਾਰੇ ਚੁਰੱਸਤੇ, ਸਰਗਮ ਵਿਹੂਣੇ ਸਾਜ਼, ਗਦਰੀ ਬਾਬਾ ਜਵਾਲਾ ਸਿੰਘ

**ਮਹਿੰਦਰਪਾਲ ਸਿੰਘ ਧਾਲੀਵਾਲ :** ਰੁੱਤਾਂ ਲਹੂ ਲੁਹਾਣ।

**ਅਮਨਦੀਪ ਸੰਧੂ :** 'ਗਵਾਹ ਦੇ ਫ਼ਨਾਹ ਹੋਣ ਤੋਂ ਪਹਿਲਾਂ' ਪੰਜਾਬੀ ਰੂਪ ਦਲਜੀਤ ਅੰਮੀ

**ਜਗਦੀਸ਼ ਚੰਦਰ :** ਧਰਤੀ ਧਨ ਨਾ ਆਪਣਾ ਅਨੁਵਾਦ : ਸੁਖਵੰਤ ਹੁੰਦਲ

**ਬਾਰੂ ਸਤਵਰਗ :** ਪੰਨਾ ਇੱਕ ਇਤਿਹਾਸ ਦਾ।

**ਮੋਹਨ ਭੰਡਾਰੀ :** ਇੱਕ ਅਜੀਬ ਆਦਮੀ ਦਾ ਸੁਫਨਾ ਅਤੇ ਹੋਰ ਕਹਾਣੀਆਂ।

**ਜਸਵੀਰ ਰਾਣਾ :** ਕਿੰਨਰਾਂ ਦਾ ਵੀ ਦਿਲ ਹੁੰਦਾ ਹੈ।

**ਨਿਰੰਜਨ :** ਕਯੂਰ ਦੇ ਯੋਧੇ (ਕੰਨੜ ਨਾਵਲ)

**ਰੋਮਿਲਾ ਥਾਪਰ, ਹਰਬੰਸ ਮੁਖੀਆ, ਬਿਪਨ ਚੰਦਰ :** ਸੰਪਰਦਾਇਕਤਾ ਅਤੇ ਭਾਰਤੀ-ਇਤਿਹਾਸ ਲੇਖਨ (ਅਨੁਵਾਦਕ) ਸ. ਸੰਤੋਖ ਸਿੰਘ ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸੁਕੀਰਤ :** ਅੰਦਰਲੇ ਸੱਚ ਫ਼ਰੋਲਦਿਆਂ (ਮੁਲਾਕਾਤਾਂ)

**ਜਗਤਾਰ :** ਪ੍ਰਵੇਸ਼ ਦੁਆਰ।

**ਉਜਾਗਰ ਲਲਤੋਂ:** ਪੱਕੀਆਂ ਵੋਟਾਂ

**ਅਮੋਲਕ :** ਗੁਜਰਾਤ 'ਮਨ ਕੀ ਬਾਤ', ਜ਼ਿੰਦਗੀ ਦੇ ਗੀਤ

**ਰਾਜਪਾਲ ਸਿੰਘ :** ਪੰਜਾਬ ਦੀ ਇਤਿਹਾਸਕ ਗਾਥਾ (1849-2000)

**ਅਨਿਲ ਬਰਵੇ :** ਥੈਂਕ ਯੂ ਮਿਸਟਰ ਗਲਾਡ ਅਨੁਵਾਦ: ਅਮਰਜੀਤ ਚੰਦਨ

**ਅਸਗਰ ਵਜਾਹਤ :** ਰਾਵੀ ਵਿਰਸਾ ਅਨੁਵਾਦ: ਮਹਿੰਦਰ ਬੇਦੀ ਜੈਤੋ

**ਇਰਫ਼ਾਨ ਹਬੀਬ :** ਮੱਧਕਾਲੀਨ ਭਾਰਤ ਇੱਕ ਸਭਿਅਤਾ ਦਾ ਅਧਿਐਨ ਅਨੁਵਾਦਕ: ਡਾ. ਨਵਤੇਜ ਸਿੰਘ

**ਰਾਜਮੋਹਨ ਗਾਂਧੀ :** ਪੰਜਾਬ ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ ਅਨੁਵਾਦਕ: ਹਰਪਾਲ ਸਿਘ ਪੰਨੂੰ

**ਰੁਡਯਾਰਡ ਕਿਪਲਿੰਗ :** ਨੋਬਲ ਇਨਾਮ ਜੇਤੂ ਦੀ ਜੰਗਲ ਬੁੱਕ -ਮੋਗਲੀ ਦੀ ਕਹਾਣੀ (ਅਨੁਵਾਦਕ: ਮਨਿੰਦਰ ਸਿੰਘ)

**ਆਨ੍ਹ ਡਿਊਸ :** ਅਮਰੀਕੀ-ਵੀਅਤਨਾਮ ਜੰਗ ਦਾ ਸੁਪ੍ਰਸਿੱਧ ਨਾਵਲ 'ਗੁਰੀਲੇ' (ਅਨੁਵਾਦ: ਦਲਬੀਰ ਸਿਘ)

**ਅਸਗਰ ਵਜਾਹਤ :** ਸੋਨ ਚਿੜੀ ਤੋਂ ਕੋਹੇ ਕਾਫ਼ ਵਾਇਆ ਤਹਿਰਾਨ 'ਚਲਦੇ ਤਾਂ ਚੰਗਾ ਸੀ' (ਇਰਾਨ ਅਤੇ ਅਜਰਬਾਈਜਾਨ ਦਾ ਸਫ਼ਰਨਾਮਾ) (ਅਨੁਵਾਦ: ਖੁਸ਼ਵੰਤ ਬਰਗਾੜੀ)

**'ਸੀਮੋਨ ਦਾ ਬੋਅਵਾਰ' :** ਦੀ ਔਰਤਾਂ ਬਾਰੇ ਸੰਸਾਰ ਪ੍ਰਸਿੱਧ ਫਰੈਂਚ ਕਿਤਾਬ 'ਦਿ ਸੈਕੰਡ ਸੈਕਸ' (ਸੰਪਾਦਕ ਅਤੇ ਅਨੁਵਾਦਕ: ਜਸਵੀਰ ਕੌਰ)

**ਸਵੈਸਾਚੀ :** ਸੂਹੀ ਸਵੇਰ ਪੰਜਾਬੀ ਰੂਪ ਗੁਰਬਖਸ਼ ਜੱਸ

**ਹਾਵਰਡ ਫਾਸਟ :** 'ਸਪਾਰਟੈਕਸ' (ਆਦਿ ਵਿਦਰੋਹੀ) ਨਾਵਲ ਅਨੁਵਾਦ ਸ਼ਾਹ ਚਮਨ

**ਫਰਜ਼ੰਦ ਅਲੀ :** 'ਤਾਈ' ਨਾਵਲ ਲਿਪੀਅੰਤਰ ਹਰਬੰਸ ਸਿੰਘ ਧੀਮਾਨ (ਡਾ.)

**ਅਸਗਰ ਵਜਾਹਤ :** ਪਾਕਿਸਤਾਨ ਦਾ ਮਤਲਬ ਕੀ...? ਯਾਤਰਾ ਸੰਸਕਰਣ (ਅਨੁਵਾਦ: ਮਹਿੰਦਰ ਬੇਦੀ, ਜੈਤੋ)

**ਬੋਰਿਸ ਵਾਸੀਲਿਯੇਵ :** 'ਸ਼ਾਂ ਸਰਘੀ ਵੇਲਾ' ਵਿਸ਼ਵ ਪ੍ਰਸਿੱਧ ਨਾਵਲ (ਅਨੁਵਾਦ: ਕਰਨਜੀਤ ਸਿੰਘ)

**ਅਰਨੈਸਟ ਹੈਮਿੰਗਵੇ :** 'ਬੁੱਢਾ ਤੇ ਸਮੁੰਦਰ' ਨੋਬਲ ਪੁਰਸਕਾਰ ਨਾਲ ਸਨਮਾਨਿਤ-ਵਿਸ਼ਵ ਪ੍ਰਸਿੱਧ ਪੁਸਤਕ (ਅਨੁਵਾਦ: ਪਵਨ ਗੁਲਾਟੀ)

'ਮੋਇਆ ਦੇ ਖਤ' ਉਨ੍ਹਾਂ ਸੋਵੀਅਤ ਮਰਦਾਂ ਤੇ ਇਸਤਰੀਆਂ ਦੀਆਂ ਚਿੱਠੀਆਂ ਤੇ ਲਿਖਤਾਂ ਜਿਹੜੇ ਨਾਜ਼ੀਟਾਂ ਨਾਂਲ ਲੜਦਿਆਂ ਮੋਏ।(1941-1945)

**ਕੇ.ਪਾਸਤੋਵਸਕੀ :** ਸੁਨਹਿਰਾ ਗੁਲਾਬ (ਵਿਸ਼ਵ ਪ੍ਰਸਿੱਧ ਵਾਰਤਕ ਪੁਸਤਕ) (ਅਨੁਵਾਦ: ਸੁਖਵੀਰ)

**ਨਿਕੋਲੋ ਮੈਕਿਆਵਾਲੀ :** 'ਪ੍ਰਿੰਸ' (ਅਨੁਵਾਦ ਸਰਬਜੀਤ ਸੋਹਨ)

**ਪਾਬਲੋ ਕੋਲਹੋ :** 'ਸੁਪਨਸਾਜ਼' ਦੁਨੀਆ ਭਰ 'ਚ ਹੈਬੋ ਹੈਬ ਵਿਕਣ ਵਾਲੀ ਸੁਪਨਿਆਂ ਦੀ ਭਾਲ ਦੀ ਜਾਦੂਈ ਕਥਾ (ਅਨੁਵਾਦ: ਦਲਬੀਰ ਸਿੰਘ)

ਉੱਪਰ ਦਿੱਤੀਆਂ ਪੁਸਤਕਾਂ ਪ੍ਰਾਪਤ ਕਰਨ ਜਾਂ ਆਪਣੀ ਮਨਪਸੰਦ ਦੀਆਂ ਕਿਤਾਬਾਂ ਆਰਡਰ ਕਰਨ ਲਈ **ਮਾਸਟਰ ਭਜਨ ਸਿੰਘ ਨਾਲ 403-455-4220** 'ਤੇ ਸੰਪਰਕ ਕਰੋ।

**CONTACT : MASTER BHAJAN SINGH AT 403-455-4220**



FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਅਹਿਮ ਫੈਸਲਿਆਂ ਭਰਪੂਰ ਰਹੀ



ਕੈਲਗਰੀ : ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਜੂਨ ਮਹੀਨੇ ਦੀ ਮਾਸਿਕ ਇਕੱਤਰਤਾ ਜੈਂਸਿਸ ਸੈਂਟਰ ਵਿਖੇ ਔਰਤਾਂ ਦੇ ਭਰਵੇਂ ਇਕੱਠ ਵਿੱਚ ਹੋਈ, ਜਿਸ ਵਿੱਚ ਕੁੱਝ ਅਹਿਮ ਫੈਸਲੇ ਲਏ ਗਏ। ਸਭ ਤੋਂ ਪਹਿਲਾਂ ਡਾ. ਬਲਵਿੰਦਰ ਕੌਰ ਬਰਾੜ ਨੇ ਸਾਰੀਆਂ ਭੈਣਾਂ ਨੂੰ ਮੀਟਿੰਗ ਵਿੱਚ ਸ਼ਿਰਕਤ ਕਰਨ ਲਈ, 'ਜੀ ਆਇਆਂ' ਕਹਿੰਦਿਆਂ ਹੋਇਆਂ, ਸਟੇਜ ਦੀ ਭੂਮਿਕਾ ਨਿਭਾਉਣ ਲਈ, ਗੁਰਮੀਤ ਕੌਰ ਮੱਲ੍ਹੀ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ। ਸਟੇਜ ਦੀ ਕਾਰਵਾਈ ਆਰੰਭ ਹੋਣ ਤੋਂ ਪਹਿਲਾਂ ਉਹਨਾਂ ਨੇ ਸਮੂਹ ਮੈਂਬਰਾਂ ਨੂੰ, ਸਭਾ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਹੋਈਆਂ ਅਹਿਮ ਵਿਚਾਰਾਂ ਤੋਂ ਜਾਣੂ ਕਰਵਾਇਆ। ਜਿਸ ਵਿਚ ਕੁੱਝ ਵਿਸ਼ੇਸ਼ ਕਮੇਟੀਆਂ ਦੀ ਸਥਾਪਨਾ, ਸਭਾ ਵਲੋਂ ਟੂਰ ਲਿਜਾਣ ਦਾ ਸੁਝਾਅ ਅਤੇ ਟੋਰੰਟੋ ਤੋਂ ਆਈ ਇੱਕ ਨਾਮਵਰ ਲੇਖਿਕਾ ਮਿੰਨੀ ਗਰੇਵਾਲ ਦਾ ਇਸ ਸਭਾ ਵਲੋਂ ਸਨਮਾਨ ਕਰਨਾ, ਸ਼ਾਮਲ ਸੀ।ਸਮੂਹ ਮੈਂਬਰਾਂ ਨੇ ਤਾੜੀਆਂ ਮਾਰ ਕੇ ਸਭ ਫੈਸਲਿਆਂ ਦਾ ਸਵਾਗਤ ਕੀਤਾ। ਸਹਿਮਤੀ ਬਾਅਦ ਉਹਨਾਂਟਰਿੱਪ ਤੇ ਜਾਣ ਦੀਆਂ ਚਾਹਵਾਨ ਭੈਣਾਂ ਨੂੰ ਗੁਰਤੇਜ ਸਿੱਧੂ ਕੋਲ ਬੁਕਿੰਗ ਕਰਵਾਣ ਲਈ ਕਿਹਾ। ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਲੇਖਿਕਾ ਮਿੰਨੀ ਗਰੇਵਾਲਦਾ ਅਰਪਨ ਲਿਖਾਰੀ ਸਭਾ ਵਲੋਂ 26 ਜੂਨ ਨੂੰ, ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਸੋ ਇੱਕ ਔਰਤ ਲੇਖਕ ਦਾ, ਔਰਤਾਂ ਦੀ ਸਭਾ ਵਲੋਂ ਮਾਣ ਕਰਨਾ ਵੀ ਸਾਡਾ ਫਰਜ਼ ਬਣਦਾ ਹੈ। ਜਿਸ ਦਾ ਸਮਾਂ, ਸਰਬਸੰਮਤੀ ਨਾਲ, ਜੈਂਸਿਸ ਸੈਂਟਰ ਵਿਖੇ, 25 ਜੂਨ, ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਦਾ, ਮਿਥਿਆ ਗਿਆ।

ਇਸ ਤੋਂ ਬਾਅਦ ਗੁਰਚਰਨ ਥਿੰਦ ਨੇ, ਗਠਨ ਕੀਤੀਆਂ ਕਮੇਟੀਆਂ ਦੀ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ- ਸਭਾ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ, ਚਾਰ ਕਮੇਟੀਆਂ ਬਣਾਈਆਂ ਗਈਆਂ ਹਨ- ਕੰਟੈਕਟ ਕਮੇਟੀ, ਦੁੱਖ- ਸੁੱਖ ਕਮੇਟੀ, ਕਲਚਰਲ ਕਮੇਟੀ ਅਤੇ ਟੂਰ ਕਮੇਟੀ।ਕੰਟੈਕਟ ਕਮੇਟੀ ਦੇ ਇੰਚਾਰਜ ਮਨੋਹਰ ਕੌਰ ਅਤੇ ਬਲਜੀਤ ਕੌਰ ਜਠੌਲ ਹੋਣਗੇ- ਜੋ ਸਮੂਹ ਮੈਂਬਰਾਂ ਨੂੰ ਸਭਾ ਦੇ ਸਮਾਗਮਾਂ ਬਾਰੇ ਸੂਚਿਤ ਕਰਿਆ ਕਰਨਗੇ। ਇਸੇ ਤਰ੍ਹਾਂ ਦੁੱਖ- ਸੁੱਖ ਕਮੇਟੀ ਦੇ ਇੰਚਾਰਜ ਗੁਰਦੀਸ਼ ਕੌਰ ਗਰੇਵਾਲ, ਬਲਜਿੰਦਰ ਗਿੱਲ ਅਤੇ ਬਲਜੀਤ ਜਠੌਲ ਹੋਣਗੇ- ਜੋ ਕਿਸੇ ਮੈਂਬਰ ਦੀ ਗਮੀ ਖੁਸ਼ੀ ਵਿੱਚ ਪਹੁੰਚ ਕੇ ਸਭਾ ਦੀ ਨੁਮਾਇੰਦਗੀ ਕਰਨਗੇ ਅਤੇ ਲੋੜ ਪੈਣ ਤੇ ਮਦਦ ਵੀ ਕਰਨਗੇ। ਕਲਚਰਲ ਕਮੇਟੀ ਦੇ ਇੰਚਾਰਜ ਗੁਰਤੇਜ ਸਿੱਧੂ ਅਤੇ ਅਮਰਜੀਤ ਸੱਗੂ ਨੂੰ ਬਣਾਇਆ ਗਿਆ- ਜੋ ਸਭਿਆਚਾਰਕ ਗਤੀਵਿਧੀਆਂ ਲਈ ਜ਼ਿੰਮੇਵਾਰ ਰੋਲ ਨਿਭਾਉਣਗੇ। ਇਸ ਤੋਂ ਇਲਾਵਾ ਟੂਰ ਕਮੇਟੀ ਦੇ ਇੰਚਾਰਜ ਦੀ ਡਿਊਟੀ ਡਾ. ਬਲਵਿੰਦਰ ਕੌਰ ਬਰਾੜ ਅਤੇ ਗੁਰਤੇਜ ਸਿੱਧੂ ਨੂੰ ਸੌਂਪੀ ਗਈ- ਜੋ ਸਾਲ ਵਿੱਚ ਇੱਕ ਜਾਂ ਦੋ ਟੂਰ ਲਿਜਾਣ ਦਾ ਪ੍ਰਬੰਧ ਕਰਨਗੇ। ਨਾਲ ਹੀ ਸਭਾ ਦਾ ਪਹਿਲਾ ਟੂਰ 9 ਜੁਲਾਈ ਨੂੰ ਲਿਜਾਣ ਦਾ ਫੈਸਲਾ ਹੋਇਆ- ਜਿਸ ਦੀ ਬੁਕਿੰਗ ਵੀ ਬਹੁਤ ਸਾਰੀਆਂ ਭੈਣਾਂ ਨੇ ਉਸੇ ਦਿਨ, ਗੁਰਤੇਜ ਸਿੱਧੂ ਕੋਲ ਕਰਵਾ ਦਿੱਤੀ। ਉਹਨਾਂ ਇਹ ਵੀ ਸਪੱਸ਼ਟ ਕੀਤਾ ਕਿ ਭਾਵੇਂ ਇਹ ਇੰਚਾਰਜ ਐਗਜ਼ੈਕਟਿਵ ਕਮੇਟੀ ਵਿਚੋਂ ਲਏ ਗਏ ਹਨ,ਪਰ ਸਾਰੇ ਮੈਂਬਰ ਆਪਣੀ ਯੋਗਤਾ ਤੇ ਸ਼ੌਕ ਦੇ ਮੁਤਾਬਕ ਇਹਨਾਂ ਵਿਚੋਂ ਕਿਸੇ ਵੀ ਕਮੇਟੀ ਵਿੱਚ ਸ਼ਾਮਲ ਹੋ ਸਕਦੇ ਹਨ। ਇਹਨਾਂ ਕਮੇਟੀਆਂ ਦੀ ਸਮੂਹ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦੇ ਦਿੱਤੀ। ਹੁਣ ਭੈਣਾਂ ਦੇ ਅੰਦਰ ਛੁਪੇ ਹੋਏ ਗੁਣਾਂ ਨੂੰ ਬਾਹਰ ਕੱਢਣ ਦਾ ਸਮਾਂ ਆਇਆ। ਗੁਰਮੀਤ ਮੱਲ੍ਹੀ ਨੇ ਸਟੇਜ ਦੀ ਕਾਰਵਾਈ ਦੀ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ, ਸਭਾ ਦੇ ਸੀਨੀਅਰ ਮੈਂਬਰ ਕੁਲਵੰਤ ਕੌਰ ਜੀ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ। ਕੁਲਵੰਤ ਕੌਰ ਜੀ ਨੇ, 'ਵਣਜਾਰਨ ਹਾਂ ਮੈਂ ਦਰਦਾਂ ਦੀ, ਹੋਕਾ ਦੇਵਾਂ ਗਲੀ ਗਲੀ' ਕਵਿਤਾ ਰਾਹੀਂ ਮਨ ਦੇ ਵਲਵਲੇ ਸਾਂਝੇ ਕੀਤੇ। ਮਨੋਹਰ ਕੌਰ ਨੇ, 'ਕਾਮਯਾਬੀ ਕਦੇ ਵੱਡੀ ਨਹੀਂ ਹੁੰਦੀ, ਹਾਸਲ ਕਰਨ ਵਾਲੇ ਵੱਡੇ ਹੁੰਦੇ ਹਨ' ਦੇ ਵਿਚਾਰਾਂ ਨਾਲ ਸਾਂਝ ਪਾਈ। ਗੁਰਤੇਜ ਸਿੱਧੂ ਨੇ, 'ਔਖਾ ਹੋਇਆ ਜੱਟ ਸਲਫਾਸ ਖਾ ਗਿਆ' ਗੀਤ ਰਾਹੀਂ ਕਿਸਾਨੀ ਖੁਦਕਸ਼ੀਆਂ ਦੇ ਦਰਦ ਨੂੰ ਸਾਂਝਾ ਕੀਤਾ। ਗੁਰਜੀਤ ਕੌਰ ਵੈਦਮਾਨ ਨੇ-'ਪਾਣੀ ਮਿਲੇ ਨਾ ਜਿੱਥੇ ਪਿਆਸਿਆਂ ਨੂੰ, ਉਹਨਾਂ ਖੂਹਾਂ ਤੋਂ ਰੜੇ ਮੈਦਾਨ ਚੰਗੇ। ਜਿਹਨਾਂ ਰੂਹਾਂ 'ਚ ਪਿਆਰ ਦੀ ਖੁਸ਼ਬੂ ਨਹੀਂ, ਉਹਨਾਂ ਰੂਹਾਂ ਤੋਂ ਬੁੱਤ ਵੈਰਾਨ ਚੰਗੇ' ਵਰਗੀਆਂ ਅਟੱਲ ਸਚਾਈਆਂ ਬਹੁਤ ਹੀ ਸੁਲਝੇ ਢੰਗ ਨਾਲ ਪੇਸ਼ ਕੀਤੀਆਂ। ਦਲੀਪ ਗਿੱਲ ਨੇ ਇੱਕ ਬੋਲੀ ਰਾਹੀਂ ਜ਼ਿੰਦਗੀ ਵਿਚ ਹੱਸਣ ਖੇਡਣ ਦੀ ਮਹੱਤਤਾ ਦੀ ਗੱਲ ਕੀਤੀ। ਸਤਵੰਤ ਕੌਰ ਧਾਲੀਵਾਲ ਨੇ-'ਮਿਤਰ ਪਿਆਰੇ ਨੂੰ' ਸ਼ਬਦ ਗਾ ਕੇ ਧਾਰਮਿਕ ਮਹੌਲ ਪੈਦਾ ਕਰ ਦਿੱਤਾ। ਨਾਲ ਹੀ ਸਟੇਜ ਸਕੱਤਰ ਗੁਰਮੀਤ ਕੌਰ ਮੱਲ੍ਹੀ ਨੇ ਵੀ- 'ਰੋਜ਼ ਸਵੇਰੇ ਮੇਰੀ ਰੂਹ ਦਾ ਪੰਛੀ, ਮਾਰ ਉਡਾਰੀ, ਮੈਨੂੰ ਅੰਮ੍ਰਿਤਸਰ ਲੈ ਜਾਂਦਾ। ਕਰਾ ਕੇ ਦਰਸ਼ਨ ਮੇਰੇ ਮੱਕੇ ਮਦੀਨੇ ਦੇ, ਮੇਰੇ ਹਰਿਮੰਦਰ ਦੇ, ਮੈਨੂੰ ਸੱਤ ਸਮੁੰਦਰੋਂ ਪਾਰ ਛੱਡ ਜਾਂਦਾ' ਕਵਿਤਾ ਰਾਹੀਂ ਦਰਬਾਰ ਸਾਹਿਬ ਤੋਂ ਵਿਛੜਨ ਦਾ ਦਰਦ ਅਤੇ ਉਸ ਲਈ ਪ੍ਰੇਮ ਦੀ ਤਾਂਘ ਦਾ ਜ਼ਿਕਰ ਕੀਤਾ। ਅਮਰਜੀਤ ਸੱਗੂ ਨੇ-'ਨਹਿਰੋਂ ਪਾਰ ਬੰਗਲਾ ਪੁਆ ਦੇ ਹਾਣੀਆਂ' ਗੀਤ ਸੁਰੀਲੀ ਆਵਾਜ਼ ਵਿੱਚ ਗਾ ਕੇ ਰੰਗ ਬੰਨ੍ਹ ਦਿੱਤਾ। ਕੁਲਦੀਪ ਕੌਰ ਨੇ ਜ਼ਿੰਦਗੀ ਵਿੱਚ ਧਾਰਮਿਕ ਤੇ ਸਭਿਆਚਾਰਕ ਪੱਖ ਨੂੰ ਰੂਹ ਦੀ ਖੁਰਾਕ ਦੱਸਦਿਆਂ ਹੋਇਆਂ ਇੱਕ ਬੋਲੀ ਰਾਹੀਂ ਹਾਜ਼ਰੀ ਲਵਾਈ। ਗੁਰਦੀਸ਼ ਕੌਰ ਗਰੇਵਾਲ ਨੇ- ਬਾਪ ਦਿਵਸ ਨੂੰ ਸਮਰਪਿਤ ਗੀਤ-'ਅੱਜ ਮੈਨੂੰ ਯਾਦ ਬੜੀ ਬਾਪ ਦੀ ਸਤਾਏ ਨੀ, ਸੁਰਗਾਂ 'ਚ ਬੈਠੀ ਅੱਜ ਮਾਂ ਵੀ ਯਾਦ ਆਏ ਨੀ' ਗਾ ਕੇ ਸਭ ਨੂੰ ਮਾਪਿਆਂ ਦੀ ਯਾਦ ਵਿੱਚ ਭਾਵੁਕ ਕਰ ਦਿੱਤਾ। ਹਰਬੰਸ ਕੌਰ ਨੇ-'ਮੈਂ ਚੱਲੀਆਂ ਪੇਕੜੇ, ਤੁਸੀਂ ਮਗਰੇ ਹੀ ਆ ਜਾਇਓ' ਗੀਤ ਰਾਹੀਂ ਮਹੌਲ ਬਦਲ ਦਿੱਤਾ। ਸ਼ਰਨਜੀਤ ਸੋਹੀ ਨੇ ਬੋਲੀ ਅਤੇ ਸਰਬਜੀਤ ਉੱਪਲ ਨੇ 'ਹਾਂ ਵਾਚਕ ਸੋਚ ਦੀ ਲੋੜ' ਦੀ ਬਾਤ ਪਾਈ। ਅਵਤਾਰ ਕੌਰ ਨੇ ਅਤੇ ਹਰਬੰਸ ਤੇਲੀਆ ਨੇ ਵੱਖੋ ਵੱਖ ਲੋਕ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਹਰਚਰਨ ਬਾਸੀ ਨੇ-'ਸਾਲ ਚੁਰਾਸੀ ਆਇਆ, ਫੱਟ ਸਾਡੇ ਸੀਨੇ ਲਾਇਆ' ਗੀਤ ਸੁਣਾ ਕੇ ਜੂਨ ਚੁਰਾਸੀ ਦੀ ਯਾਦ ਤਾਜ਼ਾ ਕਰਾ ਦਿੱਤੀ। ਉਸ ਤੋਂ ਬਾਅਦ ਮੁਖਤਿਆਰ ਕੌਰ ਅਤੇ ਤਰਨਜੀਤ ਕੌਰ ਨੇ ਵੀ ਚੁਰਾਸੀ ਦੀਆਂ ਹੱਡ ਬੀਤੀਆਂ ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਸੁਰਿੰਦਰ ਕੌਰ ਨੇ-' ਸਭ ਮਾਲਕ ਦੇ ਰੰਗ ਨੇ ਬੰਦਿਆ' ਗੀਤ ਸੁਣਾ ਕੇ ਸਭ ਨੂੰ ਉਸ ਮਾਲਕ ਦੀ ਹੋਂਦ ਦਾ ਅਹਿਸਾਸ ਕਰਵਾਇਆ। ਬਲਜਿੰਦਰ ਗਿੱਲ ਅਤੇ ਬਲਜੀਤ ਜਠੌਲ ਨੇ ਸਮੂਹ ਮੈਂਬਰਾਂ ਨੂੰ ਲੋੜ ਪੈਣ ਤੇ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਅੰਤ ਵਿੱਚ ਗੁਰਤੇਜ ਸਿੱਧੂ ਨੇ ਦੋ ਚੁਟਕਲੇ ਸੁਣਾ ਕੇ ਮਹੌਲ ਖੁਸ਼ਗਵਾਰ ਬਣਾ ਦਿੱਤਾ। ਕੁੱਝ ਹੋਰ ਨਵੇਂ, ਪੁਰਾਣੇ ਮੈਂਬਰਾਂ ਨੇ ਇਸ ਵਾਰੀ ਸੁਨਣ ਦਾ ਅਨੰਦ ਮਾਣਿਆਂ ਅਤੇ ਅਗਲੀ ਮੀਟਿੰਗ ਵਿੱਚ ਤਿਆਰੀ ਕਰਕੇ ਆਉਣ ਦਾ ਵਾਅਦਾ ਕੀਤਾ।

ਸਮਾਪਤੀ ਤੋਂ ਪਹਿਲਾਂ ਬਲਵਿੰਦਰ ਕੌਰ ਬਰਾੜ ਨੇ ਸਭ ਭੈਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ- ਇਹ ਸੰਸਥਾ ਸਭ ਮੈਂਬਰਾਂ ਲਈ ਇੱਕ ਐਸਾ ਮੋਢਾ ਹੈ, ਜਿਸ ਤੇ ਸਿਰ ਰੱਖ ਕੇ ਰੋਇਆ ਜਾ ਸਕਦਾ ਹੈ। ਸੋ ਸਾਰੀਆਂ ਭੈਣਾਂ ਆਪਣੇ ਦੁੱਖ ਸੁੱਖ ਜਾਂ ਕੋਈ ਸੁਝਾਅ ਬੇਝਿਜਕ ਇੱਥੇ ਸਾਂਝੇ ਕਰ ਸਕਦੀਆਂ ਹਨ। ਗੁਰਚਰਨ ਥਿੰਦ ਨੇ 11 ਜੂਨ ਨੂੰ, ਅੰਮ੍ਰਿਤ ਸਾਗਰ ਫਾਊਂਡੇਸ਼ਨ ਵਲੋਂ, ਜੈਂਸਿਸ ਸੈਂਟਰ ਵਿਖੇ, ਸੀਨੀਅਰਜ਼ ਲਈ ਹੋਣ ਵਾਲੀਆਂ ਖੇਡਾਂ ਦੇ ਪ੍ਰੋਗਰਾਮ ਦੀ ਰਜਿਸਟ੍ਰੇਸ਼ਨ ਦੀ ਸੂਚਨਾ ਦਿੱਤੀ। ਸੋ ਇਸ ਤਰ੍ਹਾਂ ਭਰਵੀਂ ਹਾਜ਼ਰੀ ਨਾਲ ਇਹ ਮੀਟਿੰਗ ਸਾਰਥਿਕ ਹੋ ਨਿਬੜੀ। ਵਧੇਰੇ ਜਾਣਕਾਰੀ ਲਈ 403-590-9629 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਗੁਰਦੀਸ਼ ਕੌਰ ਗਰੇਵਾਲ**
403-404-1450 **ਕੈਲਗਰੀ**

# ਲੇਖਿਕਾ ਮਿੰਨੀ ਗਰੇਵਾਲ ਦਾ ਕੈਲਗਰੀ 'ਚ ਸਨਮਾਨ !



ਕੈਲਗਰੀ : ਕੈਲਗਰੀ ਦੀ ਸਾਹਿਤਕ ਸੰਸਥਾ 'ਅਰਪਨ ਲਿਖਾਰੀ ਸਭਾ ਕੈਲਗਰੀ' ਵਲੋਂ ਜੂਨ 26 ਨੂੰ ਟੈਂਪਲ ਕਮਿਉਨਿਟੀ ਹਾਲ ਵਿਖੇ ਆਪਣੇ ਸਲਾਨਾ ਸਮਾਗਮ ਵਿੱਚ ਉਘੀ ਲੇਖਿਕਾ ਮਿੰਨੀ ਗਰੇਵਾਲ ਦਾ 'ਇਕਬਾਲ ਅਰਪਨ ਯਾਦਗਾਰੀ ਐਵਾਰਡ' ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਯਾਦ ਰਹੇ ਮਿੰਨੀ ਗਰੇਵਾਲ ਨੇ ਕਹਾਣੀਆਂ ਸਮੇਤ ਕਈ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਇਸ ਮੌਕੇ ਤੇ ਭਰਵੇਂ ਇਕੱਠ ਵਿੱਚ 'ਪੰਜਾਬੀ ਸਾਹਿਤ ਅਕੈਡਮੀ' ਦੇ ਸਾਬਕਾ ਪ੍ਰਧਾਨ ਤੇ ਉਘੇ ਲੇਖਕ ਗੁਰਭਜਨ ਗਿੱਲ ਦਾ ਵੀ ਸਭਾ ਵਲੋਂ ਉਨ੍ਹਾਂ ਦੀਆਂ ਸਾਹਿਤ ਪ੍ਰਤੀ ਸੇਵਾਵਾਂ ਲਈ ਸਨਮਾਨ ਕੀਤਾ ਗਿਆ। ਇਸ ਮੌਕੇ ਮਰਹੂਮ ਇਕਬਾਲ ਅਰਪਨ ਦੇ ਪਰਿਵਾਰਕ ਮੈਂਬਰ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਸ਼ਾਮਿਲ ਹੋਏ। ਸਟੇਜ ਦਾ ਸੰਚਾਲਨ ਡਾ. ਰਿਆੜ ਨੇ ਕੀਤਾ। ਇਸ ਮੌਕੇ ਤੇ ਹੋਏ ਕਵੀ ਦਰਬਾਰ ਵਿੱਚ ਵੱਖ-ਵੱਖ ਲੇਖਿਕਾਂ ਵਲੋਂ ਆਪਣੀਆਂ ਰਚਨਾਵਾਂ ਪੜ੍ਹੀਆਂ ਗਈਆਂ। ਲੇਖਿਕਾ ਬਲਵਿੰਦਰ ਕੌਰ ਬਰਾੜ ਵਲੋਂ ਮਿੰਨੀ ਗਰੇਵਾਲ ਦੇ ਜੀਵਨ ਤੇ ਲਿਖਤਾਂ ਬਾਰੇ ਪਰਚਾ ਪੜ੍ਹਿਆ। ਮਿੰਨੀ ਗਰੇਵਾਲ ਵਲੋਂ ਆਪਣੇ ਜੀਵਨ ਤੇ ਰਚਨਾਵਾਂ ਬਾਰੇ ਵਿਸਥਾਰ ਵਿੱਚ ਭਾਵਪੂਰਤ ਵਿਚਾਰ ਸਾਂਝੇ ਕੀਤੇ ਗਏ। ਹਮੇਸ਼ਾਂ ਦੀ ਤਰ੍ਹਾਂ ਮਾਸਟਰ ਭਜਨ ਸਿੰਘ ਵਲੋਂ 'ਸ਼ਹੀਦ ਭਗਤ ਸਿੰਘ ਲਾਇਬ੍ਰੇਰੀ' ਵਲੋਂ ਉਸਾਰੂ, ਲੋਕ ਪੱਖੀ, ਵਿਗਿਆਨਕ, ਤਰਕਸ਼ੀਲ, ਸਾਹਿਤਕ ਕਿਤਾਬਾਂ ਦਾ ਸਟਾਲ ਲਗਾਇਆ, ਜਿਥੋਂ ਅਨੇਕਾਂ ਪਾਠਕਾਂ ਨੇ ਕਿਤਾਬਾਂ ਖਰੀਦੀਆਂ। ਪੰਜਾਬੀਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਮਾਸਟਰ ਭਜਨ ਸਿੰਘ ਦਾ ਉਪਰਾਲਾ ਸ਼ਲਾਘਾਯੋਗ ਹੈ।ਪ੍ਰੋਗਰਾਮ ਦੇ ਅਖੀਰ ਤੇ ਸਭਾ ਦੇ ਪ੍ਰਧਾਨ ਤੇ ਉਘੇ ਗ਼ਜ਼ਲਗੋ ਕੇਸਰ ਸਿੰਘ ਨੀਰ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ।









# ਰੈੱਡ ਵਿੱਲੋ ਕਲੱਬ ਦੀ ਚੋਣ ਸਰਬ ਸੰਮਤੀ ਨਾਲ ਹੋਈ





**ਬਰੈਂਪਟਨ/ਹਰਜੀਤ ਬੇਦੀ**

ਰੈੱਡ ਵਿੱਲੋ ਸੀਨੀਅਰਜ਼ ਕਲੱਬ ਜਿਹੜੀ ਕਿ ਬਰੈਂਪਟਨ ਦੀ ਇੱਕ ਵਿਲੱਖਣ ਸੀਨੀਅਰਜ਼ ਕਲੱਬ ਹੈ ਦੀ ਚੋਣ ਕਲੱਬ ਦੀ ਜਨਰਲ ਬਾਡੀ ਮੀਟਿੰਗ ਵਿੱਚ ਪਿਛਲੇ ਦਿਨੀ ਰੈੱਡ ਵਿੱਲੋ ਪਾਰਕ ਜੋ ਕਿ ਵੈਲੀਕਰੀਕ ਅਤੇ ਕੋਟਰਿਲ ਦੇ ਇੰਟਰਸ਼ੈਕਸ਼ਨ ਤੇ ਹੈ ਵਿੱਚ ਹੋਈ। ਇਹ ਕਲੱਬ ਪਿਛਲੇ ਕਈ ਸਾਲਾਂ ਤੋਂ ਸੀਨੀਅਰਜ਼ ਦੇ ਮਨੋਰੰਜਨ, ਟੂਰਾਂ ਆਦਿ ਲਈ ਪ੍ਰਬੰਧ ਦੇ ਨਾਲ ਨਾਲ ਇਸ ਦੇ ਕੁੱਝ ਮੈਂਬਰ ਬੱਸਾਂ ਲਈ ਰਿਆਇਤੀ ਕਾਰਡ ਬਣਾਉਣ, ਪਾਸਪੋਰਟ ਅਤੇ ਪੀ ਆਰ ਕਾਰਡ ਨਵਿਆਉਣ, ਪੈਨਸ਼ਨ ਫਾਰਮ ਭਰਨ, ਅੰਗਰੇਜ਼ੀ ਨਾ ਜਾਣਨ ਵਾਲਿਆਂ ਨਾਲ ਡਾਕਟਰਾਂ ਜਾਂ ਹੋਰ ਦਫਤਰਾਂ ਵਿੱਚ ਸਹਾਇਤਾ ਕਰਦੇ ਹਨ। ਇਸ ਸੰਸਥਾ ਦੇ ਬਹੁ ਗਿਣਤੀ ਮੈਂਬਰ ਬਹੁਤ ਸਾਰੇ ਸਮਾਜਿਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ। ਇਸ ਕਲੱਬ ਦੀ ਆਪਣੀ ਲਾਇਬ੍ਰੇਰੀ ਹੈ ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਬਹੁਤ ਸਾਰੀਆਂ ਕਿਤਾਬਾਂ ਹਨ। ਇਸ ਦੇ ਮੈਂਬਰਾਂ ਵਿੱਚ ਸੇਵਾ ਭਾਵਨਾ ਵਾਲੇ ਬਹੁਤ ਸਾਰੇ ਵਿਅਕਤੀ ਸ਼ਾਮਲ ਹਨ। ਇਸ ਕਲੱਬ ਦੇ ਪਰਮਜੀਤ ਬੜਿੰਗ ਨੇ ਬਰੈਂਪਟਨ ਦੇ ਸੀਨੀਅਰਜ਼ ਕਲੱਬਾਂ ਨੂੰ ਇਕੱਠਾ ਕਰਕੇ ਉਨ੍ਹਾਂ ਦੀ ਸਾਂਝੀ ਸੰਸਥਾ "ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼" ਬਣਾਉਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਲਗਪਗ 30 ਕਲੱਬਾਂ ਦੀ ਨੁਮਾਇੰਦਗੀ ਕਰਦੀ ਇਸ ਸੰਸਥਾ ਦੇ ਉਹ ਪ੍ਰਧਾਨ ਹਨ। ਇਸੇ ਤਰ੍ਹਾਂ ਬਲਦੇਵ ਰਹਿਪਾ, ਜੋਗਿੰਦਰ ਪੱਡਾ, ਹਰਜੀਤ ਬੇਦੀ, ਮਾਸਟਰ ਕੁਲਵੰਤ, ਐਚ ਐਸ ਮਿਨਹਾਸ, ਬਲਵੰਤ ਕਲੇਰ, ਹਿੰਮਤ ਸਿੰਘ ਲੱਛੜ ਅਤੇ ਕੁਲਵੰਤ ਸਿੰਘ ਕੰਗ ਦਾ ਵੱਖ-ਵੱਖ ਜਥੇਬੰਦੀਆਂ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਕਲੱਬ ਦੇ ਕੁੱਝ ਮੈਂਬਰਾਂ ਦੇ ਯਤਨਾਂ ਨਾਲ ਨੌਜਵਾਨ ਕੰਪਿਊਟਰ ਇੰਜੀਨੀਅਰ ਬਲਜੀਤ ਬੜਿੰਗ ਵਾਲੰਟੀਅਰ ਦੇ ਤੌਰ 'ਤੇ ਸੀਨੀਅਰਜ਼ ਨੂੰ ਕੰਪਿਊਟਰ ਦੀ ਲੋੜੀਂਦੀ ਸਿਖਲਾਈ ਪਿਛਲੇ ਸਾਲ ਤੋਂ ਦੇ ਰਿਹਾ ਹੈ।

ਇਸ ਚੋਣ ਸਮੇਂ ਰੈੱਡ ਵਿੱਲੋ ਕਲੱਬ ਦੇ ਲਗਪਗ 200 ਮੈਂਬਰਾਂ ਤੋਂ ਬਿਨਾਂ ਸਿਟੀ ਕਾਉਂਸਲਰ ਪੈਟ ਫੋਰਟੀਨੀ, ਸਕੂਲ ਟਰੱਸਟੀ ਹਰਕੀਰਤ ਸਿੰਘ ਅਤੇ ਗੁਆਂਢੀ ਕਲੱਬਾਂ ਦੇ ਪ੍ਰਧਾਨ ਹਾਜ਼ਰ ਸਨ। ਹਰਦਿਆਲ ਸਿੰਘ ਮਿਨਹਾਸ, ਬਲਦੇਵ ਰਹਿਪਾ ਅਤੇ ਜੰਗੀਰ ਸਿੰਘ ਸੈਂਭੀ ਤੇ ਅਧਾਰਤ ਚੋਣ ਕਮੇਟੀ ਰਾਹੀਂ ਸਰਬ ਸੰਮਤੀ ਨਾਲ ਹੋਈ ਚੋਣ ਵਿੱਚ ਗੁਰਨਾਮ ਸਿੰਘ ਗਿੱਲ ਪ੍ਰਧਾਨ, ਅਮਰਜੀਤ ਸਿੰਘ ਮੀਤ-ਪ੍ਰਧਾਨ, ਪ੍ਰੋ: ਬਲਵੰਤ ਸਿੰਘ ਖਜ਼ਾਨਚੀ, ਹਰਜੀਤ ਸਿੰਘ ਬੇਦੀ ਸਕੱਤਰ ਅਤੇ ਬੀਬੀ ਮਹਿੰਦਰ ਕੌਰ ਪੱਡਾ ਸਹਾਇਕ ਸਕੱਤਰ ਚੁਣੇ ਗਏ। ਇਹਨਾਂ ਤੋਂ ਬਿਨਾਂ ਸ਼ਿਵਦੇਵ ਸਿੰਘ ਰਾਏ, ਹਿੰਮਤ ਸਿੰਘ ਲੱਛਰ, ਬਲਵੰਤ ਸਿੰਘ ਕਲੇਰ, ਬਲਦੇਵ ਸਿੰਘ ਰਹਿਪਾ, ਪਰਮਜੀਤ ਬੜਿੰਗ, ਜੋਗਿੰਦਰ ਸਿੰਘ ਪੱਡਾ, ਬੀਬੀ ਬਲਜੀਤ ਗਰੇਵਾਲ, ਬਲਜੀਤ ਸੇਖੋਂ, ਨਿਰਮਲਾ ਦੇਵੀ ਅਤੇ ਇੰਦਰਜੀਤ ਗਿੱਲ ਡਾਇਰੈਕਟਰ ਬਣੇ। ਸਮੁੱਚੀ ਟੀਮ ਨੇ ਕਲੱਬ ਦੀਆਂ ਜ਼ਿੰਮੇਵਾਰੀਆਂ ਸੁਹਿਰਦਤਾ ਨਾਲ ਨਿਭਾਉਣ ਅਤੇ ਉਦੇਸ਼ਾਂ ਦੀ ਪੂਰਤੀ ਦਾ ਹਲਫ ਲਿਆ। ਕਲੱਬ ਦੀ ਕਾਰਜਕੁਸ਼ਲਤਾ ਵਧਾਉਣ ਲਈ ਵੱਖ-ਵੱਖ ਕਮੇਟੀਆਂ ਦੀ ਸਥਾਪਨਾ ਕੀਤੀ ਗਈ। ਸੀਨੀਅਰਜ਼ ਦੀ ਪੀ ਆਰ, ਪਾਸਪੋਰਟ ਰੀਨਿਊ, ਪੈਨਸ਼ਨ ਫਾਰਮ ਭਰਨ ਆਦਿ ਲਈ ਪ੍ਰੋ. ਬਲਵੰਤ ਸਿੰਘ, ਹਰਜੀਤ ਬੇਦੀ ਅਤੇ ਅਮਰਜੀਤ ਸਿੰਘ ਅਤੇ ਅੰਗਰੇਜ਼ੀ ਨਾ ਜਾਣਨ ਵਾਲਿਆਂ ਦੀ ਸਹਾਇਤਾ ਲਈ ਪ੍ਰੋ: ਬਲਵੰਤ ਸਿੰਘ, ਪਰਮਜੀਤ ਬੜਿੰਗ ਅਤੇ ਜੋਗਿੰਦਰ ਪੱਡਾ, ਟੂਰ ਕਮੇਟੀ ਪ੍ਰੋ: ਬਲਵੰਤ ਸਿੰਘ, ਹਰਜੀਤ ਬੇਦੀ, ਬਲਜੀਤ ਗਰੇਵਾਲ, ਮਹਿੰਦਰ ਪੱਡਾ, ਸਵਾਗਤੀ ਕਮੇਟੀ ਹਿੰਮਤ ਸਿੱਘ ਲੱਛੜ, ਬਲਵੰਤ ਕਲੇਰ, ਸਪੋਰਟਸ ਕਮੇਟੀ ਕੁਲਵੰਤ ਕੰਗ, ਮਾਸਟਰ ਕੁਲਵੰਤ, ਬੇਅੰਤ ਹਾਂਸ, ਕਿਰਪਾਲ ਬੇਦੀ, ਸੁਰਿੰਦਰ ਕੌਰ, ਨਿਰਮਲਾ ਅਤੇ ਇੰਦਰਜੀਤ ਗਿੱਲ ਹੋਣਗੇ। ਕਲੱਬ ਨੇ ਆਪਣੇ ਵਿਸ਼ੇਸ਼ ਸਲਾਹਕਾਰਾਂ ਵਿੱਚ ਐਸ ਐਚ ਮਿਨਹਾਸ, ਅਮਰੀਕ ਸਿੰਘ ਗਰਚਾ, ਅਮਰ ਸਿੰਘ ਸੈਣੀ ਅਤੇ ਨਰਿੰਦਰ ਕੰਬੋਜ ਨੂੰ ਰੱਖਿਆ ਹੈ। ਇਸ ਤੋਂ ਬਿਨਾਂ ਕਲੱਬ ਦੇ ਬਾਕੀ ਸਾਰੇ ਮੈਂਬਰ ਕਲੱਬ ਦੀ ਬਿਹਤਰੀ ਲਈ ਆਪਣਾ ਹਿੱਸਾ ਪਾਉਣਗੇ।

ਇਸ ਤੋਂ ਬਿਨਾਂ ਸਰਬਸੰਮਤੀ ਨਾਲ ਸੰਵਿਧਾਨ ਵਿੱਚ ਕੁੱਝ ਜ਼ਰੂਰੀ ਸੋਧਾਂ ਕੀਤੀਆਂ ਗਈਆਂ। ਜਲਦੀ ਹੀ ਕਲੱਬ ਦੇ ਸਮੂਹ ਮੈਂਬਰਾਂ ਦੀ ਇੱਛਾ ਅਨੁਸਾਰ ਟੂਰ ਅਤੇ ਹੋਰ ਪ੍ਰੋਗਰਾਮ ਉਲੀਕੇ ਜਾਣਗੇ। ਚੋਣ ਦਾ ਸਾਰਾ ਪ੍ਰੋਗਰਾਮ ਭਰਵੀਂ ਹਾਜ਼ਰੀ ਵਿੱਚ ਨੇਪਰੇ ਚੜ੍ਹਿਆ। ਪ੍ਰੋਗਰਾਮ ਦੇ ਅੰਤ ਤੇ ਨਵੇਂ ਚੁਣੇ ਪ੍ਰਧਾਨ ਗੁਰਨਾਮ ਸਿੰਘ ਗਿੱਲ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਤੇ ਉਨ੍ਹਾਂ ਦੀ ਟੀਮ ਮੈਂਬਰਾਂ ਦੇ ਪ੍ਰਗਟਾਏ ਭਰੋਸੇ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਪ੍ਰੋਗਰਾਮ ਦੀ ਫੋਟੋਗਰਾਫੀ "ਸਰੋਕਾਰਾਂ ਦੀ ਆਵਾਜ" ਦੇ ਦਵਿੰਦਰ ਤੂਰ ਅਤੇ ਹਰਬੰਸ ਸਿੰਘ ਵਲੋਂ ਕੀਤੀ ਗਈ।

# ਬੇਰੁਜ਼ਗਾਰ ਨੌਜਵਾਨਾਂ ਦੇ ਇਕਜੁੱਟ ਸੰਘਰਸ਼ ਦੀ ਲੋੜ



**ਰਣਦੀਪ ਸੰਗਤਪੁਰਾ**






ਪੰਜਾਬ ਦੀ ਜਵਾਨੀ ਦੇ ਕੁੱਝ ਪੜ੍ਹੇ-ਲਿਖੇ ਅੰਗਾਂ ਨੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦੀਆਂ ਚਿੰਗਾੜੀਆਂ ਨੂੰ ਮੱਘਦੇ ਰੱਖਿਆ ਹੋਇਆ ਹੈ। ਆਪੋ ਆਪਣੇ ਥਾਈਂ, ਆਪੋ-ਆਪਣੇ ਤਰੀਕੇ ਨਾਲ, ਆਪੋ ਆਪਣੀਆਂ ਮੰਗਾਂ-ਮਸਲਿਆਂ ਲਈ ਉਹ ਲੜ ਰਹੇ ਹਨ। ਜਵਾਨੀ ਦੇ ਇਨ੍ਹਾਂ ਸੰਘਰਸ਼ਸ਼ੀਲ ਹਿੱਸਿਆਂ 'ਚ ਪੜ੍ਹੇ ਲਿਖੇ ਬੇਰੁਜ਼ਗਾਰ ਵੀ ਹਨ ਅਤੇ ਠੇਕੇ ਤੇ ਲੱਗੇ ਅਰਧ ਬੇਰੁਜ਼ਗਾਰ ਵੀ ਹਨ। ਬੇਰੁਜ਼ਗਾਰ ਆਪਣੇ ਰੁਜ਼ਗਾਰ ਦੇ ਹੱਕ ਲਈ ਲੜ ਰਹੇ ਹਨ। ਅਰਧ ਬੇਰੁਜ਼ਗਾਰੀ ਦੀ ਹਾਲਤ 'ਚ ਰੁਜ਼ਗਾਰ ਤੇ ਬੇਰੁਜ਼ਗਾਰੀ ਵਿਚਕਾਰ ਪੈਂਡੂਲਮ ਵਾਂਗ ਲਟਕਦੇ, ਜਵਾਨੀ ਦੇ ਕੁਝ ਹੋਰ ਹਿੱਸੇ ਆਪਣੇ ਰੁਜ਼ਗਾਰ ਦੀ ਸਲਾਮਤੀ ਲਈ, ਕੰਮ ਦੀਆਂ ਸਨਮਾਨਯੋਗ ਹਾਲਤਾਂ ਲਈ, ਉੱਕੇ-ਪੁੱਕੇ 'ਚੰਦ ਦਮੜਿਆਂ ਦੀ ਥਾਂ 'ਬਰਾਬਰ ਕੰਮ-ਬਰਾਬਰ ਤਨਖਾਹ' ਲਈ ਲੜ ਰਹੇ ਹਨ। ਮਿਸਾਲ ਲਈ, ਬੇਰੁਜ਼ਗਾਰ ਲਾਇਨਮੈਨ ਹਨ, ਜਿਹੜੇ ਪੰਜਾਬ ਸਰਕਾਰ ਵੱਲੋਂ ਪਾਵਰਕਾਮ ਵਿਚ 4000 ਲਾਇਨਮੈਨ ਭਰਤੀ ਕਰਨ ਦੇ 'ਚੋਣ ਵਾਅਦੇ' ਨੂੰ ਪੂਰਾ ਕਰਵਾਉਣ ਲਈ ਲੜ ਰਹੇ ਹਨ। ਟੀ.ਈ.ਟੀ ਪਾਸ ਕਰੀਬ 20,000 ਲੜਕੇ-ਲੜਕੀਆਂ ਹਨ ਜਿਹੜੇ ਟੀ.ਈ.ਟੀ. ਨਾਮੀ' ਬੈਰੀਕੇਡ' ਟੱਪ ਕੇ ਵੀ ਬੇਰੁਜ਼ਗਾਰ ਰਹਿਣ ਲਈ ਸੰਤਾਪੇ ਹੋਏ ਹਨ ਤੇ ਉਹ ਅਧਿਆਪਕ ਬਣਨ ਲਈ ਸੰਘਰਸ਼ ਦੇ ਰਾਹ ਹਨ। ਇੰਝ ਹੀ ਈ.ਜੀ.ਐਸ. ਵਲੰਟੀਅਰ ਹਨ, ਸਿੱਖਿਆ ਪ੍ਰੋਵਾਈਡਰ ਹਨ। ਏ.ਆਈ.ਈ. ਵਲੰਟੀਅਰ ਹਨ, ਸਪੈਸ਼ਲ ਟਰੇਨਰ ਹਨ, ਇਹ ਸਾਰੇ ਸਿੱਖਿਆ ਵਿਭਾਗ ਅੰਦਰ 'ਰੂੰਗੇ-ਝੂੰਗੇ' 'ਚ ਵਲੰਟੀਅਰ ਬਣਾ ਕੇ ਸ਼ੋਸ਼ਣ ਲਈ ਭਰਤੀ ਕੀਤੇ ਹੋਏ ਜਾਂ ਠੇਕੇ 'ਤੇ ਘੱਟ ਤਨਖਾਹਾਂ-ਭੱਤਿਆਂ-ਸਹੂਲਤਾਂ ਉੱਤੇ ਭਰਤੀ ਕੀਤੇ ਟੀਚਰ ਹਨ। ਇੰਝ ਹੀ ਮਲਟੀਪਲ ਹੈਲਥ ਵਰਕਰ ਵਾਲੀਆਂ ਲੜਕੀਆਂ ਹਨ, ਫੈਕਲਟੀ ਟੀਚਰ ਹਨ ਰੂਰਲ ਫਾਰਮਾਸਿਸਟ ਅਤੇ ਵੈਟਨਰੀ ਇੰਸਪੈਕਟਰ ਹਨ ਅਤੇ ਆਸ਼ਾ ਵਰਕਰਾਂ ਤੇ ਮਿੱਡ-ਡੇ ਮੀਲ ਬਨਾਉਣ ਵਾਲੀਆਂ ਕੁੱਕ ਬੀਬੀਆਂ ਹਨ। ਇਹ ਸਾਰੇ ਕਿਸੇ ਹੋਰ ਵੱਲੋਂ ਨਹੀਂ ਖੁਦ ਪੰਜਾਬ ਸਰਕਾਰ ਵੱਲੋਂ ਘੱਟੋ ਘੱਟ ਉਜਰਤਾ ਦੇ ਕਾਨੂੰਨ , ਪੰਜਾਬ ਸਿਵਲ ਸਰਵਿਸ ਰੂਲਜ ਤੇ ਟਰੇਡ ਯੂਨੀਅਨ ਐਕਟ ਵਰਗੇ ਸਰਕਾਰੀ ਕਾਨੂੰਨਾਂ ਨੂੰ ਪੈਰਾ ਹੇਠ ਮਧੋਲ ਕੇ, ਲੁੱਟੇ ਤੇ ਲਿਤਾੜੇ ਜਾ ਰਹੇ ਹਨ। ਇਹ ਸਾਰੇ ਉਹ ਨੌਜਵਾਨ ਲੜਕੇ ਲੜਕੀਆਂ ਹਨ, ਜਿਨ੍ਹਾਂ ਨੇ ਸਾਲਾਂ ਬੱਧੀ ਅੱਖਾਂ ਗਾਲ ਕੇ, ਮਿਹਨਤ ਕਰ ਕੇ ਪੜ੍ਹਾਈਆਂ ਕੀਤੀਆਂ ਹਨ ਤੇ ਜਿਨ੍ਹਾਂ ਦੇ ਮਾਪਿਆਂ ਨੇ ਲੱਖਾਂ ਫੀਸ਼ਾਂ ਭਰ ਕੇ ਇੰਨ੍ਹਾਂ ਨੂੰ ਪੜਾਇਆ ਲਿਖਾਇਆ ਹੈ। ਬੇਰੁਜ਼ਗਾਰੀ ਅਤੇ ਅਰਧ ਬੇਰੁਜ਼ਗਾਰੀ ਦੀ ਭੱਠੀ 'ਚ ਭੁੱਜਦੇ ਜਵਾਨੀ ਦੇ ਇਹ ਸਾਰੇ ਹਿੱਸੇ ਆਪਣੇ ਮੁੱਢ ਕਦੀਮੀ ਹੱਕ ਲਈ, ਸਨਮਾਨਯੋਗ ਰੁਜ਼ਗਾਰ ਤੇ ਜਿੰਦਗੀ ਦੇ ਹੱਕ ਲਈ ਲੜ ਰਹੇ ਹਨ। ਆਪਣੇ ਹੱਕਾਂ ਲਈ ਲੜ ਰਹੇ ਇਹ ਜਵਾਨੀ ਆਪੋ ਆਪਣੇ ਤਰੀਕਿਆਂ ਨਾਲ ਲੜ ਰਹੀ ਹੈ। ਧੱਪਾਂ 'ਚ ਪਾਣੀ ਦੀਆਂ ਟੈਂਕੀਆਂ ਤੇ ਅੱਧ ਅਸਮਾਨੇ ਚੜ੍ਹ ਕੇ ਰੋਸ ਪ੍ਰਗਟ ਕਰਦੇ ਹਨ, ਕੋਈ ਨੰਨ੍ਹੀ ਛਾਂ ਵਾਲੀ ਬੀਬੀ ਦੇ ਹਲਕੇ 'ਚ ਜਾ ਕੇ ਪ੍ਰਦਰਸ਼ਨ ਕਰਦਾ , ਕੋਈ ਸੰਗਤ ਦਰਸ਼ਨਾਂ 'ਚ ਨਾਅਰੇ ਗੂੰਝਾਂ ਕੇ ਬਾਦਲ ਬਾਪ-ਬੇਟੇ ਦੇ ਕੰਨਾਂ ਤੱਕ ਆਪਣੀ ਦਰਦ ਭਰੀ ਆਵਾਜ ਪਹੁੰਚਾਉਣ ਦਾ ਯਤਨ ਕਰਦੇ ਹਨ। ਵੱਧੋ ਵੱਧ ਤਰੀਕਿਆਂ ਨਾਲ 'ਰੱਖ ਜਵਾਨੀ ਬੇਰੁਜ਼ਗਾਰ ਆਪਣੀ ਕਬਰ ਪੁੱਟੇ ਸਰਕਾਰ 'ਦੇ ਨਾਅਰੇ ਨੂੰ ਬੁਲੰਦ ਕਰ ਰਹੇ ਹਨ। ਇਹ ਨਾਅਰਾ ਜਦੋਂ ਵੀ ਜਿੱਥੇ ਵੀ ਗੂੰਜਦਾ ਹੈ 'ਰਾਜ ਨਹੀਂ ਸੇਵਾ' ਵਾਲੀ ਸਰਕਾਰ ਦੇ ਸੀਨੇ ਹੌਲ ਪਾਉਂਦਾ ਹੈ, ਉਸ ਨੂੰ ਆਪਣੀ ਕਬਰ ਪੁੱਟੇ ਜਾਣ ਦਾ ਅਹਿਸਾਸ ਕਰਵਾਉਂਦਾ ਹੈ। ਇਸੇ ਲਈ ਆਪਣੇ ਹੱਕ ਲਈ ਲੜ ਰਹੀ ਜਵਾਨੀ ਦੇ ਇਨ੍ਹਾਂ ਹਿੱਸਿਆਂ ਵ੍ਹਿਚੋਂ ਕੋਈ ਕਰਮਾਂ ਮਾਰਿਆਂ ਹੀ ਹੋਵੇਗਾ, ਜਿਸ ਦੇ ਹਿੱਸੇ ਕਰਮਾਂ ਦੀ , ਪਾਣੀ ਦੀਆਂ ਬੁਛਾੜਾਂ ਦੀ , ਥਾਨਿਆਂ ਦੀ , ਜੇਲ੍ਹਾਂ ਦੀਆਂ ਕੋਠੜੀਆਂ ਦੀ ਸੇਵਾ ਦਾ ਪ੍ਰਸ਼ਾਦ ਨਾ ਆਇਆ ਹੋਵੇ। ਪੰਜਾਬ ਦੀਆਂ ਧੀਆਂ-ਭੈਣਾਂ ਦੀਆਂ ਚੁੰਨੀਆਂ ਰੋਲਣ ਤੇ ਨੌਜਵਾਨਾਂ ਦੀਆਂ ਪੱਗਾਂ ਉਤਾਰਨ ਦੀ ਜਿੰਨੀ ਸੇਵਾ ਬਾਦਲਕਿਆਂ ਦੀ ਪੰਥਕ ਸਰਕਾਰ ਨੇ ਨਿਭਾਈ ਹੈ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਬਿਨ੍ਹਾਂ ਸ਼ੱਕ ਪੰਜਾਬ ਦੀ ਜਵਾਨੀ ਦੇ ਬਹੁਤੇ ਹਿੱਸਿਆਂ ਨੂੰ ਹਾਕਮ ਜਮਾਤੀ ਸਿਆਸਤ ਨੇ ਯੂਥ ਵਿੰਗੀਏ ਬਣਾ ਦਿੱਤਾ ਹੈ। ਅਜਿਹੀ ਹਾਲਤ ਵਿੱਚ ਅਸੀ ਜਵਾਨੀ ਦੇ ਹੱਕਾਂ ਲਈ ਉੱਠੇ ਹੱਥਾਂ ਨੂੰ ਸਲਾਮ ਕਰਦੇ ਹਾਂ। ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕਰਦੇ ਹਾਂ। ਜ਼ਬਰ ਜੁਲਮ ਨਾਲ ਸੰਘਰਸ਼ਸੀਲ ਨੌਜਵਾਨਾਂ ਦੀ ਆਵਾਜ਼ ਬੰਦ ਕਰਾਉਣ ਦੇ ਕੋਝੇ ਯਤਨਾਂ ਦਾ ਡਟਵਾਂ ਵਿਰੋਧ ਕਰਦੇ ਹਾਂ। ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਆਪਣੇ ਹੱਕਾਂ ਲਈ ਲੜਨਾ, ਸੰਘਰਸ਼ ਕਰਨਾ ਚੰਗੀ ਗੱਲ ਹੈ, ਪਰ ਉਸ ਤੋਂ ਵੀ ਚੰਗੀ ਗੱਲ ਹੋਵੇਗੀ ਕਿ ਜੇ ਲੜ ਰਹੇ ਸਾਥੀ ਕੈਟਾਗਿਰੀਆਂ ਦੀਆਂ ਵਲਗਣਾਂ ਤੋੜ ਕੇ ਇੱਕ ਪਲੇਟਫਾਰਮ ਤੇ ਆ ਕੇ ਸੰਘਰਸ਼ ਕਰਨ। ਸੰਘਰਸ਼ਸ਼ੀਲ ਜਵਾਨੀ ਦਾ ਇੱਕ ਸਾਂਝਾ ਪਲੇਟਫਾਰਮ ਸੰਘਰਸ਼ ਨੂੰ ਦਹਿਗੁਣਾ ਵਧੇਰੇ ਤਾਕਤ ਬਖਸ਼ੇਗਾ। ਅਸੀ ਇਹ ਵੀ ਕਹਿਣਾ ਚਾਹੁੰਦੇ ਹਾਂ ਕਿ ਸੰਘਰਸ਼ ਕਰ ਰਹੇ ਸਾਥੀਆਂ ਨੂੰ ਆਪਣੇ ਸੰਘਰਸ਼ ਰੂਪਾਂ ਬਾਰੇ ਵੀ ਨਿੱਠ ਕੇ ਸੋਚਣਾ ਚਾਹੀਦਾ ਹੈ। ਵਿਚਾਰਨਾ ਚਾਹੀਦਾ ਹੈ। ਟੈਂਕੀਆਂ ਤੇ ਚੜ੍ਹਨ ਤੇ ਪੈਟਰੋਲ ਦੀਆਂ ਬੋਤਲਾਂ ਚੁੱਕਣ ਵਰਗੇ ਖੁਦਕਸ਼ੀ ਰੂਪ ਵਕਤੀ ਤੌਰ 'ਤੇ ਤਾਂ ਧੂਹ ਪਾਊ ਹੋ ਸਕਦੇ ਹਨ, ਪਰ ਲੰਮੇ ਦਾਅ ਤੋਂ ਸੰਘਰਸ਼ ਦੇ ਅਜਿਹੇ ਰੂਪ ਕਾਰਗਰ ਸਾਬਤ ਨਹੀਂ ਹੋਇਆ ਕਰਦੇ। ਟੈਂਕੀਆਂ ਤੇ ਚੜ੍ਹਨਾ ਕਦੇ ਮੀਡੀਆ ਦੀ ਮੁੱਖ ਸੁਰਖੀ ਬਣ ਜਾਂਦੀ ਸੀ, ਪਰ ਅੱਜ ਇਹ ਛੋਟੀ ਜਿਹੀ ਖੇਤਰੀ ਖ਼ਬਰ ਬਣ ਕੇ ਰਹਿ ਗਈ ਹੈ। ਆਪਣੇ ਹੱਕਾਂ ਲਈ ਲੜ ਰਹੇ ਸਾਥੀਆਂ ਨੂੰ ਹੋਰਨਾਂ ਸੰਘਰਸ਼ਸ਼ੀਲ ਤਬਕਿਆਂ ਤੇ ਜਥੇਬੰਦੀਆਂ ਤੇ ਊਨ੍ਹਾਂ ਦੇ ਸੁਲਝੇ ਹੋਏ ਤਜ਼ਰਬੇਕਾਰ ਆਗੂਆਂ-ਵਰਕਰਾਂ ਨਾਲ ਸਾਂਝ ਪੀਡੀ ਕਰਨੀ ਚਾਹੀਦੀ ਹੈ। ਨੌਜਵਾਨ, ਵਿਦਿਆਰਥੀ ਤੇ ਬੇਰੁਜ਼ਗਾਰ ਜੱਥੇਬੰਦੀਆਂ ਨੂੰ ਸਾਂਝੇ ਸੰਘਰਸ਼ਾਂ ਦੀ ਸ਼ਾਨਾਮੱਤੀ ਪਿਰਤ ਕਾਇਮ ਕਰਨੀ ਚਾਹੀਦੀ ਹੈ। ਵਰਤਮਾਨ ਤੇ ਬੀਤੇ ਦੇ ਸੰਘਰਸ਼ਾਂ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਲੋੜ ਹੈ। ਭਵਿੱਖ ਹਮੇਸ਼ਾਂ ਉਨ੍ਹਾਂ ਦਾ ਹੂੰਦਾ ਜਿਹੜੇ ਬੀਤੇ ਇਤਿਹਾਸ ਤੋਂ ਸਬਕ ਗ੍ਰਹਿਣ ਕਰਕੇ ਤੁਰਦੇ ਹਨ।

98556-95905

# ਮੋਦੀ ਸਰਕਾਰ ਸਭ ਤੋਂ ਵੱਡੀ ਦਹਿਸ਼ਤਗਰਦ : ਜੇ ਐਨ ਯੂ ਆਗੂ ਸ਼ਹਿਲਾ ਰਸ਼ੀਦ







ਲੁਧਿਆਣਾ, (ਬੂਟਾ ਸਿੰਘ) : "ਜੇ ਐਨ ਯੂ ਉਪਰ ਹਮਲਾ ਮਹਿਜ ਯੂਨੀਵਰਸਿਟੀ ਉਪਰ ਹਮਲਾ ਨਹੀਂ ਸਗੋਂ ਹਿੰਦੂਤਵੀ ਫਾਸ਼ੀਵਾਦ ਦਾ ਜਮਹੂਰੀਅਤ, ਔਰਤਾਂ ਦੀ ਸੁਰੱਖਿਆ, ਆਜਾਦੀ, ਸਮਾਜਿਕ ਬਰਾਬਰੀ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਦੇ ਮਾਡਲ ਉਪਰ ਹਮਲਾ ਹੈ ਜਿਸ ਵਿੱਚੋਂ ਸੱਤਾ ਦੀਆਂ ਮਨਮਾਨੀਆਂ ਨੂੰ ਤਰਕਪੂਰਨ ਚੁਣੌਤੀ ਦੇਣ ਵਾਲੇ ਜਹੀਨ ਬੁੱਧੀਜੀਵੀ ਉਭਰਦੇ ਹਨ। ਇਸ ਹਮਲੇ ਨੂੰ ਪਛਾੜਣ ਲਈ ਜਮਹੂਰੀ ਤਾਕਤਾਂ ਨੂੰ ਧੜੱਲੇ ਨਾਲ ਇਕਜੁੱਟ ਦਖਲਅੰਦਾਜੀ ਕਰਨ ਦੀ ਲੋੜ ਹੈ। ਇਹ ਵਿਚਾਰ ਅੱਜ ਇੱਥੇ ਪੰਜਾਬੀ ਭਵਨ ਲੁਧਿਆਣਾ ਵਿਚ ਜਮਹੂਰੀ ਅਧਿਕਾਰ ਸਭਾ, ਪੰਜਾਬ ਵਲੋਂ ਆਯੋਜਤ ਹਿੰਦੂਤਵੀ ਫਾਸ਼ੀਵਾਦ ਵਿਰੋਧੀ ਸੂਬਾਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਜੇ ਐਨ ਯੂ ਸਟੂਡੈਂਟਸ ਯੂਨੀਅਨ ਦੀ ਮੀਤ ਪ੍ਰਧਾਨ ਸ਼ਹਿਲਾ ਰਸ਼ੀਦ ਸ਼ੋਰਾ ਨੇ ਪ੍ਰਗਟ ਕੀਤੇ। ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਮੁੱਖ ਵਕਤਾ ਤੋਂ ਇਲਾਵਾ ਸਭਾ ਦੇ ਪ੍ਰਮੁੱਖ ਆਗੂ ਪ੍ਰੋਫੈਸਰ ਜਗਮੋਹਣ ਸਿੰਘ, ਪ੍ਰੋਫੈਸਰ ਏ. ਕੇ. ਮਲੇਰੀ, ਪ੍ਰਿੰਸੀਪਲ ਬੱਗਾ ਸਿੰਘ, ਡਾ. ਪਰਮਿੰਦਰ ਸਿੰਘ ਅਤੇ ਜ਼ਿਲ੍ਹਾ ਸਕੱਤਰ ਸਤੀਸ਼ ਸਚਦੇਵਾ ਬਿਰਾਜਮਾਨ ਸਨ।

ਉਨ੍ਹਾਂ ਅੱਗੇ ਕਿਹਾ ਕਿ ਮੋਦੀ ਸਰਕਾਰ ਸਭ ਤੋਂ ਵੱਡੀ ਦਹਿਸ਼ਤਗਰਦ ਹੈ ਜਿਸਦੇ ਤਹਿਤ ਅਗਲੀਆਂ ਚੋਣਾਂ ਵਿਚ ਸਾਡੇ ਦੇਸ਼ ਨੂੰ ਹੋਰ ਵੀ ਖਤਰਨਾਕ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਸੰਘ ਪਰਿਵਾਰ ਕੋਲ ਐਸੇ ਸਾਜਿਸ਼ ਫਾਰਮੂਲਿਆਂ ਦੀ ਕਮੀ ਨਹੀਂ ਹੈ ਜਿਨ੍ਹਾਂ ਦੀ ਮਦਦ ਨਾਲ ਇਹ ਫਰਜੀ ਦਹਿਸ਼ਤਗਰਦ ਹਮਲਿਆਂ ਨੂੰ ਅੰਜਾਮ ਦੇਕੇ ਅਤੇ ਮੁਸਲਿਮ ਦਹਿਸ਼ਤਵਾਦ ਦੇ ਹਊਏ ਦੇ ਬਹਾਨੇ ਮੁਸਲਿਮ ਧਾਰਮਿਕ ਘੱਟਗਿਣਤੀ ਅਤੇ ਹੋਰ ਘੱਟ-ਗਿਣਤੀਆਂ ਤੇ ਦੱਬੇ-ਕੁਚਲੇ ਲੋਕਾਂ ਨੂੰ ਵਿਆਪਕ ਨਿਸ਼ਾਨਾ ਬਣਾਕੇ ਸੱਤਾ ਉਪਰ ਆਪਣੀ ਜਕੜ ਨੂੰ ਬਰਕਰਾਰ ਰੱਖਣਾ ਚਾਹੇਗੀ। ਮੋਦੀ ਹਕੂਮਤ ਦੇ ਵਿਕਾਸ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਪੂਰੇ ਮੁਲਕ ਉਪਰ ਥੋਪਿਆ ਜਾ ਰਿਹਾ ਕਥਿਤ ਗੁਜਰਾਤ ਮਾਡਲ ਮਹਿਜ ਆਰਥਕ ਨਿਰਮਾਣ ਦਾ ਸਵਾਲ ਨਹੀਂ ਹੈ ਇਹ ਸਮਾਜ ਵਿਚ ਫਿਰਕੂ ਜਹਿਰ ਫੈਲਾਉਣ ਅਤੇ ਕਾਰਪੋਰੇਟ ਸਰਮਾਏਦਾਰੀ ਨਾਲ ਗੰਢਚਿਤਰਾਵਾ ਕਰਕੇ ਨਵਸਾਮਰਾਜਵਾਦ ਥੋਪਣ ਦਾ ਮਾਡਲ ਹੈ ਜਿਸ ਵਿਚ ਦਲਿਤਾਂ, ਔਰਤਾਂ, ਆਦਿਵਾਸੀਆਂ, ਧਾਰਮਿਕ ਘੱਟਗਿਣਤੀਆਂ, ਕੌਮੀਅਤਾਂ ਸਮੇਤ ਸੱਭਿਆਚਾਰਕ ਵੰਨਸੁਵੰਨਤਾ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਘ ਪਰਿਵਾਰ ਦਾ ਰਾਸ਼ਟਰਵਾਦ ਢੌਂਗੀ ਹੈ ਕਿਉਂਕਿ ਸੱਚਾ ਰਾਸ਼ਟਰਵਾਦ ਸਭ ਤੋਂ ਪਹਿਲਾਂ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਉਪਰ ਸਵਾਲ ਕਰੇਗਾ ਜੋ ਆਮ ਲੋਕਾਂ ਤੋਂ ਸਿਖਿਆ, ਸਿਹਤ ਅਤੇ ਰੋਜਗਾਰ ਦੇ ਵਸੀਲੇ ਖੋਹਕੇ ਹਰ ਚੀਜ਼ ਨੂੰ ਕਾਰਪੋਰੇਟ ਮੁਨਾਫ਼ੇ ਦਾ ਸਾਧਨ ਬਣਾ ਰਿਹਾ ਹੈ। ਉਨ੍ਹਾਂ ਜੋਰ ਦਿੱਤਾ ਕਿ ਕੋਈ ਵੀ ਸਵਾਲ ਪਵਿੱਤਰ ਗਊ ਨਹੀਂ ਹੈ ਜਿਸ ਨੂੰ ਛੂਹਿਆ ਨਹੀਂ ਜਾ ਸਕਦਾ। ਸਵਾਲ ਕਰਨ ਦੀ ਆਜਾਦੀ ਨੂੰ ਬਚਾਉਣਾ ਅੱਜ ਸਮੇਂ ਦਾ ਸਭ ਤੋਂ ਅਹਿਮ ਤਕਾਜਾ ਹੈ। ਜਿਸ ਲਈ ਖੱਬੇਪੱਖੀ ਤਾਕਤਾਂ ਨੂੰ ਦਲਿਤਾਂ ਤੇ ਹੋਰ ਦੱਬੇਕੁਚਲੇ ਸੰਘਰਸ਼ਸ਼ੀਲ ਹਿੱਸਿਆਂ ਨਾਲ ਇਕਜੁਟ ਹੋ ਕੇ ਮਜ਼ਬੂਤ ਜਮਹੂਰੀ ਲਹਿਰ ਉਸਾਰਨ ਦੀ ਲੋੜ ਹੈ। ਜੇ ਐਨ ਯੂ ਸਟੂਡੈਂਟਸ ਯੂਨੀਅਨ ਦੇ ਸੀਨੀਅਰ ਆਗੂ ਅਕਬਰ ਚੌਧਰੀ ਨੇ ਆਪਣੇ ਸੰਬੋਧਨ ਵਿਚ ਸਵੈਨਿਰਣੇ ਦੇ ਜਮਹੂਰੀ ਹੱਕ ਦੀ ਵਜਾਹਤ ਕਰਦੇ ਹੋਏ ਕਿਹਾ ਕਿ ਕਸ਼ਮੀਰ, ਉਤਰ-ਪੂਰਬ ਅਤੇ ਕੇਂਦਰੀ ਭਾਰਤ ਦੇ ਬਸਤਰ ਖੇਤਰ ਦੇ ਮਾਓਵਾਦੀ ਸੰਘਰਸ਼ ਉਪਰ ਢਾਹੇ ਜਾ ਰਹੇ ਜਬਰ ਬਾਰੇ ਕਾਰਪੋਰੇਟ ਮੀਡੀਆ ਨੇ ਸੋਚੀ ਸਮਝੀ ਖਾਮੋਸ਼ੀ ਧਾਰੀ ਹੋਈ ਹੈ ਜਿਸਦਾ ਪਰਦਾਫਾਸ਼ ਕਰਨ ਲਈ ਅਗਾਂਹਵਧੂ ਤਾਕਤਾਂ ਨੂੰ ਆਪਣੇ ਵਸੀਲਿਆਂ ਅਤੇ ਸੋਸ਼ਲ ਮੀਡੀਆ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਦੇ ਹੋਏ ਉਸ ਅਖਾਉਤੀ ਜਮਹੂਰੀਅਤ ਨੂੰ ਚੁਣੌਤੀ ਦੇਣ ਦੀ ਲੋੜ ਹੈ ਜਿਸ ਨੇ ਪੁਰਾਣੇ ਤਰਜ ਦੀਆਂ ਜਗੀਰੂ ਸੈਨਾਵਾਂ ਨੂੰ ਸਲਵਾ ਜੁਡਮ ਵਰਗੇ ਨਵੇਂ ਰੂਪ ਦੇ ਕੇ ਅਤੇ ਓਪਰੇਸ਼ਨ ਗਰੀਨ ਹੰਟ ਵਰਗੇ ਬੇਸ਼ੁਮਾਰ ਓਪਰੇਸ਼ਨਾਂ ਰਾਹੀਂ ਸਾਡੀ ਸਮੁੱਚੀ ਸਰਜਮੀਨ ਨੂੰ ਪੁਲਿਸ ਰਾਜ ਵਿਚ ਬਦਲ ਦਿੱਤਾ ਹੈ ਜੋ ਅੱਜ ਮਿਸ਼ਨ-2016 ਦੇ ਨਾਂ ਹੇਠ ਚਲਾਇਆ ਜਾ ਰਿਹਾ ਹੈ। ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਸ਼ਹੀਦ ਭਗਤ ਸਿੰਘ ਦੀ ਭਵਿੱਖਬਾਣੀ ਦੀ ਗੱਲ ਕਰਦਿਆਂ ਕਿਹਾ ਕਿ ਸਾਡੇ ਹੁਕਮਰਾਨਾਂ ਦੀ ਆਪਣੇ ਹੀ ਲੋਕਾਂ ਦੇ ਖਿਲਾਫ਼ ਜੰਗ ਕੁਦਰਤੀ ਸਰੋਤਾਂ ਦੀ ਲੁੱਟਮਾਰ ਲਈ ਹੈ ਅਤੇ ਦੇਸ਼ ਦੀ ਜਾਗਰੂਕ ਜਵਾਨੀ ਨੂੰ ਸੱਤਾਧਾਰੀਆਂ ਵਲੋਂ ਖੜ੍ਹੇ ਕੀਤੇ ਵਿਕਾਸ ਦੇ ਭਰਮ ਦੇ ਖ਼ਿਲਾਫ਼ ਸੱਚੀ ਆਜਾਦੀ ਨੂੰ ਸਮਰਪਿਤ ਹੋ ਕੇ ਜੂਝਣ ਦੀ ਲੋੜ ਹੈ। ਇਸ ਮੌਕੇ ਡਾ. ਪਰਮਿੰਦਰ ਸਿੰਘ ਵਲੋਂ ਪੇਸ਼ ਕੀਤੇ ਮਤਿਆਂ ਵਿਚ ਕਸ਼ਮੀਰ, ਉਤਰ-ਪੂਰਬ, ਛੱਤੀਸਗੜ੍ਹ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਕੀਤਾ ਜਾ ਰਿਹਾ ਜਬਰ ਬੰਦ ਕਰਨ, ਅਫਸਪਾ ਤੇ ਹੋਰ ਕਾਲੇ ਕਾਨੂੰਨ ਵਾਪਸ ਲੈਣ ਅਤੇ ਸਵੈਨਿਰਣੇ ਸਮੇਤ ਲੋਕਾਂ ਦੀਆਂ ਕੁਲ ਜਮਹੂਰੀ ਰੀਝਾਂ ਨੂੰ ਤਸਲੀਮ ਕਰਦੇ ਹੋਏ ਬੰਦੂਕ



ਦੀ ਨੀਤੀ ਬੰਦ ਕਰਨ ਅਤੇ ਗੱਲਬਾਤ ਰਾਹੀਂ ਮਸਲਿਆਂ ਦਾ ਜਮਹੂਰੀ ਹੱਲ ਕਰਨ ਦੀ ਮੰਗ ਕੀਤੀ ਗਈ। ਇਕ ਹੋਰ ਮਤੇ ਰਾਹੀਂ ਪੰਜਾਬ ਦੇ ਦਲਿਤਾਂ ਦੇ ਜਮੀਨਾਂ ਲਈ ਸੰਘਰਸ਼ ਉਪਰ ਜਬਰ ਅਤੇ ਮਜਦੂਰ ਆਗੂ ਕਾ. ਭਗਵੰਤ ਸਮਾਓਂ ਉਪਰ ਜਾਨਲੇਵਾ ਹਮਲੇ ਦੇ ਰੂਪ ਵਿਚ ਸਾਹਮਣੇ ਆਏ ਗੁੰਡਾ ਗਰੋਹਾਂ ਦੇ ਵਰਤਾਰੇ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਸਰਕਾਰ ਵਲੋਂ ਕਿਸਾਨਾਂ, ਮਜਦੂਰਾਂ ਅਤੇ ਹੋਰ ਲੋਕਾਂ ਦੇ ਹੱਕੀ ਸੰਘਰਸ਼ਾਂ ਪ੍ਰਤੀ ਸੂਬਾ ਸਰਕਾਰ ਦੇ ਬੇਰਹਿਮ ਵਤੀਰੇ ਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਸੁਪਰੀਮ ਕੋਰਟ ਦੇ ਤਾਜਾ ਹੁਕਮਾਂ ਸਮੇਤ ਵਿਚਾਰ ਪ੍ਰਗਟਾਵੇ ਦੀ ਆਜਾਦੀ ਉਪਰ ਹਮਲਿਆਂ ਉਪਰ ਗੰਭੀਰ ਚਿੰਤਾ ਪ੍ਰਗਟਾਈ ਗਈ। ਇਸ ਮੌਕੇ ਸਭਾ ਦੇ ਸੂਬਾਈ ਤੇ ਜਿਲਾ ਆਗੂਆਂ ਤੋਂ ਇਲਾਵਾ, ਪ੍ਰੋਫੈਸਰ ਸੱਭਰਵਾਲ, ਐਡਵੋਕੇਟ ਦਲਜੀਤ ਸਿੰਘ, ਐਡਵੋਕੇਟ ਰਾਜੀਵ ਲੋਹਟਬੱਦੀ, ਐਡਵੋਕੇਟ ਐੱਨ.ਕੇ.ਜੀਤ, ਪ੍ਰੋਫੈਸਰ ਆਰ. ਐਸ ਬਰਾੜ, ਪ੍ਰੋਫੈਸਰ ਬਾਵਾ ਸਿੰਘ, ਹੇਮਰਾਜ ਸਟੈਨੋ, ਸੁਖਦੇਵ ਫਗਵਾੜਾ ਸਮੇਤ ਤਰਕਸ਼ੀਲ, ਰੰਗਕਰਮੀ, ਲੇਖਕ, ਬੁੱਧੀਜੀਵੀ, ਜਨਤਕ ਜਥੇਬੰਦੀਆਂ ਦੇ ਆਗੂ ਅਤੇ ਕਾਰਕੁੰਨ ਵੱਡੀ ਗਿਣਤੀ ਵਿਚ ਹਾਜਰ ਹਨ। ਸਭਾ ਦੇ ਮੀਤ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਵਲੋਂ ਹਾਜਰੀਨ ਦਾ ਧੰਨਵਾਦ ਕੀਤਾ ਗਿਆ।











# ਸਮਾਂ ਬੜਾ ਭਿਆਨਕ ਹੈ





ਹਰਜੀਤ ਬੇਦੀ

ਆਮ ਲੋਕ ਗੱਲਾਂ ਕਰਦੇ ਸਮੇਂ ਅਕਸਰ ਇਹ ਕਹਿੰਦੇ ਹਨ ਬਈ ਇਹ ਤਾਂ ਭਲੇ ਸਮਿਆਂ ਦੀ ਗੱਲ ਆ। ਪਰ ਸੱਚ ਇਹ ਹੈ ਕਿ ਸਮਾਂ ਕਦੇ ਵੀ ਭਲਾ ਨਹੀਂ ਰਿਹਾ। ਹਰ ਸਮੇਂ ਅਤੇ ਕਾਲ ਵਿੱਚ ਮਨੁੱਖ ਨੂੰ ਭੈੜੀਆਂ ਹਾਲਤਾਂ ਨਾਲ ਦੋ ਹੱਥ ਕਰਨੇ ਪਏ ਹਨ। ਜੇ ਮਨੁੱਖ ਦੇ ਵਿਕਾਸ ਨੂੰ ਥੋੜਾ ਜਿਹਾ ਵੀ ਧਿਆਨ ਨਾਲ ਵਾਚਿਆ ਜਾਵੇ ਤਾਂ ਇਹ ਗੱਲ ਸਹਿਜੇ ਹੀ ਸਮਝ ਆ ਜਾਂਦੀ ਹੈ। ਅੱਜ ਦੇ ਸਮੇਂ ਨੂੰ ਭਿਆਨਕ ਕਹਿਣਾ ਉਹਨਾਂ ਮੁਸ਼ਕਿਲਾਂ ਦੇ ਹੱਲ ਲਈ ਯਤਨਾਂ ਤੋਂ ਭੱਜਣਾ ਹੈ ਜਿਨ੍ਹਾਂ ਕਾਰਨ ਇਹ ਸਮਾਂ ਭਿਆਨਕ ਲਗਦਾ ਹੈ। ਸਾਡੇ ਪੂਰਵਜ ਜਿੰਨ੍ਹਾ ਕੋਲ ਨਾਂ ਸਿਰ ਤੇ ਛੱਤ ਸੀ ਨਾ ਪਹਿਨਣ ਲਈ ਕੱਪੜੇ ਤੇ ਨਾ ਹੀ ਖਾਣ ਵਾਸਤੇ ਭੋਜਨ ਪਕਾਉਣ ਦਾ ਕੋਈ ਸਾਧਨ। ਉਹਨਾਂ ਨੇ ਘਾਲਣਾਂ ਘਾਲੀਆਂ ਤੇ ਹੌਲੀ ਹੌਲੀ ਬਹੁਤ ਹੀ ਲੰਬੇ ਸਮੇਂ ਵਿੱਚ ਇਹ ਪ੍ਰਾਪਤੀਆਂ ਕੀਤੀਆਂ।

ਮਨੁੱਖ ਅੜਤਲਾ ਬਣਾ ਕੇ ਰਹਿਣ ਲੱਗਾ। ਤਨ ਢਕਣ ਲੱਗਾ ਤੇ ਖਾਣਾ ਪਕਾ ਕੇ ਖਾਣ ਲੱਗਾ। ਪਰ ਉਸਦੀਆਂ ਮੁਸ਼ਕਿਲਾਂ ਦਾ ਅੰਤ ਨਹੀਂ ਹੋਇਆ। ਛੋਟੇ ਛੋਟੇ ਕਬੀਲੇ ਬਣੇ। ਕਿਸੇ ਸ਼ਕਤੀਸ਼ਾਲੀ ਮਨੁੱਖ ਨੂੰ ਕਬੀਲੇ ਦੇ ਲੋਕ ਆਪਣਾ ਸਰਦਾਰ ਮੰਨ ਲੈਂਦੇ ਤੇ ਕਬੀਲੇ ਦਾ ਸਭ ਕੁੱਝ ਸਾਂਝਾਂ ਹੁੰਦਾ। ਫਿਰ ਨਿੱਜੀ ਜਾਇਦਾਦ ਦਾ ਯੁਗ ਆਇਆ ਅਤੇ ਕਬੀਲਿਆਂ ਦੇ ਸਰਦਾਰ ਬਾਕੀ ਲੋਕਾਂ 'ਤੇ ਭਾਰੂ ਹੋ ਗਏ। ਉਹ ਆਪ ਆਨੰਦਮਈ ਜ਼ਿੰਦਗੀ ਜਿਉਂਦੇ ਤੇ ਬਾਕੀ ਲੋਕ ਮਿਹਨਤ ਮੁਸ਼ੱਕਤ ਕਰਦੇ। ਇਹਨਾਂ ਹੀ ਸਰਦਾਰਾਂ ਨੇ ਆਪਣੇ ਆਪਣੇ ਸਾਮਰਾਜ ਸਥਾਪਤ ਕਰ ਲਏ ਜਿੱਥੇ ਇਹਨਾਂ ਦਾ ਸਿੱਕਾ ਸਾਇਆ ਚਲਦਾ ਸੀ। ਸਮਾਂ ਪੈਣ ਤੇ ਰਾਜੇ ਹੋਂਦ ਵਿੱਚ ਆਏ ਤੇ ਇੱਕ ਪੁਰਖੀ ਰਾਜ ਕਾਇਮ ਹੋ ਗਿਆ ਤੇ ਰਾਜੇ ਦੀ ਅਗਲੀ ਪੀੜ੍ਹੀ ਰਾਜ ਗੱਦੀ ਤੇ ਬਹਿ ਜਾਂਦੀ। ਰਾਜਿਆਂ ਵਿੱਚ ਆਪਣੀ ਪਰਜਾ ਵਧਾਉਣ ਤੇ ਰਾਜ ਦੀਆਂ ਹੱਦਾਂ ਵਧਾਉਣ ਲਈ ਲੜਾਈਆਂ ਹੁੰਦੀਆਂ ਜਿਸ ਵਿੱਚ ਆਮ ਤੌਰ 'ਤੇ ਸਾਧਾਰਣ ਸਿਪਾਹੀ ਜੋ ਪੇਟ ਪੂਰਤੀ ਲਈ ਉਹਨਾਂ ਦੀ ਫੌਜ ਵਿੱਚ ਭਰਤੀ ਹੁੰਦੇ ਮਾਰੇ ਜਾਂਦੇ। ਦੂਜੇ ਪਾਸੇ ਰਾਜੇ ਤੇ ਉਸ ਦੇ ਅਹਿਲਕਾਰ ਲੋਕਾਂ ਦੀ ਕਿਰਤ ਤੇ ਐਸ਼ੋ-ਆਰਾਮ ਦੀ ਜ਼ਿੰਦਗੀ ਮਾਣਦੇ। ਸਮੇਂ-ਸਮੇਂ ਮਨੁੱਖਤਾਵਾਦੀ ਇਨਸਾਨ ਅਜਿਹੇ ਲੋਕ ਵਿਰੋਧੀ ਪ੍ਰਬੰਧਾਂ ਵਿਰੁੱਧ ਆਵਾਜ਼ ਉਠਾਕੇ ਭਿਆਨਕ ਸਮੇਂ ਨੂੰ ਸੁਖਾਵੇਂ ਸਮੇਂ ਵਿੱਚ ਬਦਲਣ ਲਈ ਆਵਾਜ਼ ਉਠਾਉਂਦੇ ਰਹੇ ਅਤੇ ਕੁਰਬਾਨੀਆ ਕਰਦੇ ਰਹੇ। ਇਸ ਦੇ ਨਾਲ ਹੀ ਪੁਜਾਰੀ ਅਤੇ ਧਾਰਮਿਕ ਸ਼ਖਸੀਅਤਾਂ ਲੋਕਾਂ ਦੀ ਭੈੜੀ ਹਾਲਤ ਨੂੰ ਕਰਮਾਂ ਦਾ ਫਲ ਕਹਿ ਕੇ ਰਾਜੇ ਮਹਾਰਾਜਿਆਂ ਦੀ ਲੁਕਵੇਂ ਢੰਗ ਨਾਲ ਸਹਾਇਤਾ ਕਰ ਕੇ ਉਹਨਾਂ ਤੋਂ ਗੱਫੇ ਪ੍ਰਾਪਤ ਕਰਦੇ । ਇਹ ਸਿਲਸਿਲਾ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ।

ਸਮੇਂ ਦੀ ਚਾਲ ਚਲਦੀ ਗਈ। ਪਿਛਲੇ ਸਮੇਂ ਵਿੱਚ ਸਾਮਰਾਜ ਸਥਾਪਤ ਹੋ ਗਏ ਜਿਨ੍ਹਾਂ ਵਿੱਚ ਬ੍ਰਿਟਿਸ਼ ਸਾਮਰਾਜ ਅਜਿਹਾ ਸੀ ਜਿਸਦੇ ਰਾਜ ਵਿੱਚ ਸੂਰਜ ਨਹੀਂ ਸੀ ਛਿਪਦਾ। ਸਾਮਰਾਜੀਆਂ ਦੀ ਆਪਸੀ ਖਿੱਚੋਤਾਣ ਕਾਰਨ ਦੋ ਸੰਸਾਰ ਜੰਗਾਂ ਹੋਈਆਂ ਜਿਨ੍ਹਾਂ ਵਿੱਚ ਲੱਖਾਂ-ਕਰੋੜਾਂ ਉਹ ਮਨੁੱਖ ਬਲੀ ਚੜ੍ਹੇ ਜਿਨ੍ਹਾਂ ਨੂੰ ਉਸ ਸਾਮਰਾਜ ਦਾ ਭੋਰਾ ਭਰ ਵੀ ਲਾਂਭ ਨਹੀਂ ਸੀ। ਫਰਾਂਸ ਦੀ ਕਰਾਂਤੀ, ਰੂਸ ਦਾ ਇਨਕਲਾਬ, ਸਾਮਰਾਜ ਦਾ ਢਹਿ ਢੇਰੀ ਹੋਣਾ ਸਮੇਂ ਦੀਆਂ ਪੈੜਾਂ ਵਿੱਚ ਬੀਤਿਆ। ਭਾਰਤ ਵਿੱਚ ਸਾਮਰਾਜ ਦਾ ਜੂਲਾ ਗਲੋਂ ਲਾਹੁਣ ਲਈ ਭਾਰੀ ਗਿਣਤੀ ਵਿੱਚ ਗਦਰੀ ਬਾਬਿਆਂ, ਕੂਕਿਆਂ, ਇਨਕਲਾਬੀ ਨੌਜਵਾਨਾਂ ਨੇ ਸ਼ਹੀਦੀਆਂ ਦਿੱਤੀਆਂ ਅਤੇ ਤਸੀਹੇ ਝੱਲੇ। ਪਰ ਆਜ਼ਾਦੀ ਦਾ ਆਨੰਦ ਉਹ ਲੋਕ ਹੀ ਮਾਣ ਰਹੇ ਹਨ ਜਿਹੜੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਅੰਗਰੇਜ਼ਾਂ ਦੇ ਪਿੱਠੂ ਸਨ। ਅੱਜ ਲੀਡਰਾਂ ਅਤੇ ਧਾਰਮਿਕ ਕਹਾਉਂਦੇ ਲੋਕਾਂ ਕਾਰਣ ਲੋਕਾਂ ਦਾ ਅਤੀ ਮਾੜਾ ਹਾਲ ਹੈ।


ਦੁਨੀਆ ਵਿੱਚ ਵੱਡੇ-ਵੱਡੇ ਫਿਲਾਸਫਰ ਅਤੇ ਵਿਗਿਆਨੀ ਪੈਦਾ ਹੋਏ। ਉਹਨਾਂ ਨੂੰ ਸੱਚ ਦੀ ਖਾਤਰ ਆਪਣੀਆਂ ਜਾਨਾਂ ਵੀ ਵਾਰਨੀਆਂ ਪਈਆਂ ਤਾਂ ਕਿ ਭਿਆਨਕ ਸਮੇਂ ਨੂੰ ਸੁਹਾਵਣੇ ਸਮੇਂ ਵਿੱਚ ਬਦਲ ਕੇ ਮਨੁੱਖਤਾ ਦਾ ਭਲਾ ਹੋ ਸਕੇ। ਇਸੇ ਤਰ੍ਹਾਂ ਵਿਗਿਆਨੀਆਂ ਨੇ ਅਥਾਹ ਮਿਹਨਤਾਂ ਕਰਕੇ ਮਨੁੱਖਤਾ ਦੀ ਭਲਾਈ ਲਈ ਨਵੀਆਂ ਨਵੀਆਂ ਕਾਢਾਂ ਕੱਢੀਆਂ ਪਰ ਰਾਜ ਗੱਦੀਆਂ ਤੇ ਬੈਠੇ ਅਤੇ ਧਰਮ ਦੇ ਨਾਂ ਤੇ ਲੋਕਾਂ ਨੂੰ ਲੁੱਟ ਰਹੇ ਅਖੌਤੀ ਆਗੂਆਂ ਨੂੰ ਇਹ ਸਭ ਗਵਾਰਾ ਨਹੀਂ ਸੀ। ਅਨੇਕਾਂ ਵਿਗਿਆਨੀਆਂ ਜਿੰਨ੍ਹਾਂ ਵਿੱਚ ਗਲੈਲੀਓ, ਕੂਪਰਨਿਕਸ ਅਤੇ ਬਰੂਨੋ ਵਰਗੇ ਲੋਕ ਸ਼ਾਮਲ ਸਨ ਨੂੰ ਤਸੀਹੇ ਝੱਲਣੇ ਪਏ ਤੇ ਜਾਨਾਂ ਗਵਾਉਣੀਆਂ ਪਈਆਂ।

ਮੌਜੂਦਾ ਸਮੇਂ ਵਿੱਚ ਅਸਲ ਵਿੱਚ ਦੁਨੀਆਂ ਵਿਚੱ ਦੋ ਵੱਖੋ ਵੱਖਰੇ ਧੜੇ ਹਨ। ਜਿਨ੍ਹਾਂ ਵਿੱਚ ਕੁਦਰਤੀ ਟਕਰਾਅ ਹੋਣਾ ਲਾਜ਼ਮੀ ਹੈ। ਉਹਨਾਂ ਵਿੱਚੋਂ ਇੱਕ ਧੜਾ ਲੋਕਾਂ ਦਾ ਤੇ ਦੂਜਾ ਧੜਾਂ ਜੋਕਾਂ ਦਾ ਹੈ। ਪਰ ਜੋਕਾਂ ਦੇ ਧੜੇ ਨੇ ਲੋਕਾਂ ਦੇ ਧੜੇ ਨੂੰ ਜਾਤ, ਧਰਮ, ਰੰਗ, ਇਲਾਕੇ ਵਿੱਚ ਵੰਡਣ ਤੋਂ ਬਾਦ ਹੋਰ ਵੀ ਕਈ ਹਿੱਸਿਆਂ ਵਿੱਚ ਖੰਡਿਤ ਕੀਤਾ ਹੋਇਆ ਹੈ। ਇਸ ਨਾਲ ਬਹੁ-ਗਿਣਤੀ ਲੋਕਾਂ ਦਾ ਵੱਡਾ ਭਾਗ ਆਪਣੀ ਬੇਸਮਝੀ ਤੇ ਜੋਕਾਂ ਦੇ ਧੜੇ ਦੀ ਚੁਸਤੀ ਤੇ ਮੱਕਾਰੀ ਕਾਰਨ ਮਾਰ ਖਾ ਰਿਹਾ ਹੈ। ਜਿਸ ਕਰਕੇ ਮੁੱਠੀ ਭਰ ਲੋਕਾਂ ਨੇ ਆਪਣਾ ਸਰਮਾਏਦਾਰੀ ਸਾਮਰਾਜ ਉਸਾਰਿਆ ਹੋਇਆ ਹੈ ਤੇ ਉਹ ਆਪਣੀ ਮਰਜ਼ੀ ਦੀਆਂ ਸਰਕਾਰਾਂ ਬਣਾ ਕੇ ਲੋਕਾਂ ਨੂੰ ਆਪਣੀ ਹੀ ਮਰਜੀ ਮੁਤਾਬਕ ਜਿਉਣ ਲਈ ਮਜਬੂਰ ਕਰ ਰਹੇ ਹਨ। ਜਿੰਨੀ ਉਜਰਤ ਉਹ ਆਪਣੇ ਵਰਕਰਾਂ ਨੂੰ ਦਿੰਦੇ ਹਨ ਉੰਨੀ ਨਾਲ ਉਹ ਸਾਰੀ ਉਮਰ ਕੰਮ ਕਰਕੇ ਵੀ ਆਪਣਾ ਕੁੱਝ ਨਹੀਂ ਬਣਾ ਸਕਦੇ। ਦੂਜੇ ਬੰਨੇ ਕਾਰਪੋਰੇਟ ਸੈਕਟਰ ਕੋਲ ਸਰਮਾਏ ਦੇ ਅੰਬਾਰ ਲੱਗ ਰਹੇ ਹਨ। ਜਦੋਂ ਕਦੇ ਵੀ ਮੰਦੇ ਦਾ ਦੌਰ ਆਉਂਦਾ ਹੈ ਤਾਂ ਸਾਧਾਰਣ ਵਰਕਰਾਂ ਦੀ ਲੇਅ-ਆਫ ਹੋ ਜਾਂਦੀ ਹੈ। ਉਹਨਾਂ ਦੇ ਘਰ ਤੱਕ ਵਿਕ ਜਾਂਦੇ ਹਨ। ਪਿੱਛੇ ਜਿਹੇ ਅਮਰੀਕਾ ਵਿੱਚ ਇਹੋ ਕੁੱਝ ਹੋਇਆ ਸੀ ਜਦੋਂ ਕਿ ਵੱਡੀਆਂ ਕੰਪਨੀਆਂ ਦਾ ਸਭ ਕੁੱਝ ਸੁਰੱਖਿਅਤ ਰਿਹਾ।

ਸਮਾਂ ਇਸ ਲਈ ਵੀ ਭਿਆਨਕ ਹੈ ਕਿ ਰਾਜ ਕਰ ਰਹੇ ਲੀਡਰ ਧਰਮ ਦੇ ਨਾਂ ਤੇ ਬਹੁਤ ਹੀ ਜਿਆਦਾ ਗਿਣਤੀ ਵਿੱਚ ਡੇਰੇ ਤੇ ਸੰਸਥਾਵਾਂ ਬਣਾ ਕੇ ਲੋਕਾਂ ਦੀ ਸ਼ਰਧਾ ਦਾ ਨਾਜਾਇਜ ਲਾਭ ਉਠਾ ਰਹੇ ਹਨ । ਉਹਨਾਂ ਨੂੰ ਕਿਸਮਤ ਦੇ ਸਹਾਰੇ ਰਹਿਣ ਲਈ ਸਿੱਖਿਆ ਦਿੱਤੀ ਜਾਂਦੀ ਹੈ। ਇਹ ਲੋਕ ਜਿੱਥੇ ਆਮ ਲੋਕਾਂ ਦਾ ਆਰਥਿਕ ਕਰਦੇ ਹਨ ਉੱਥੇ ਉਹਨਾਂ ਦੁਆਰਾਂ ਔਰਤਾਂ ਦਾ ਸਰੀਰਕ ਸ਼ੋਸ਼ਣ ਦੀਆਂ ਖਬਰਾਂ ਵੀ ਅਸੀਂ ਆਏ ਦਿਨ ਸੁਣਦੇ ਹਾਂ। ਇਸ ਦਾ ਮਤਲਬ ਇਹ ਨਹੀਂ ਕਿ ਇਹ ਸਮਾਂ ਸਦਾ ਰਹੇਗਾ। ਮਨੁੱਖ ਆਪਣੀ ਹੋਣੀ ਘੜਨ ਲਈ ਅਤੇ ਸਮੇਂ ਨੂੰ ਸੁਹਾਵਣਾ ਬਣਾਉਣ ਲਈ ਲਗਾਤਾਰ ਯਤਨ ਕਰਦਾ ਰਿਹਾ ਹੈ ਤੇ ਕਰਦਾ ਰਹੇਗਾ। ਅੱਜ ਦੇ ਸਮੇਂ ਨੂੰ ਚੰਗੇ ਸਮੇਂ ਵਿੱਚ ਬਦਲਣ ਲਈ ਲੋਕਾਂ ਦੇ ਵਿਚਾਰਾਂ ਨੂੰ ਬਦਲਣ ਦੀ ਸਖਤ ਜਰੂਰਤ ਹੈ। ਇਸ ਕੰਮ ਲਈ ਬਹੁਤ ਸਾਰੀਆਂ ਸੁਹਿਰਦ ਸੰਸਥਾਵਾਂ ਅਤੇ ਲੋਕ ਅੱਗੇ ਆ ਰਹੇ ਹਨ। ਜਿਸਦਾ ਸਾਰਥਕ ਨਤੀਜਾ ਵੀ ਜ਼ਰੂਰ ਨਿਕਲੇਗਾ। ਦੂਜੇ ਪਾਸੇ ਜੋਕਾਂ ਦਾ ਇਸ ਕੰਮ ਲਈ ਜ਼ੋਰ ਲੱਗਿਆ ਹੋਇਆ ਹੈ ਕਿ ਬੰਦੇ ਤੋਂ ਬੰਦੇ ਨੂੰ ਦੂਰ ਰੱਖਿਆ ਜਾਵੇ। ਉਹਨਾਂ ਵਿੱਚ ਵੱਖ ਵੱਖ ਢੰਗਾਂ ਰਾਹੀਂ ਪਾੜਾ ਪਾਉਣ ਲਈ ਮੀਡੀਆ ਵਰਤਿਆ ਜਾ ਰਿਹਾ ਹੈ ਅਤੇ ਥਾਪੜੀ ਦੇ ਕੇ ਬਾਬੇ ਪਾਲੇ ਜਾ ਰਹੇ ਹਨ ਅਤੇ ਡੇਰੇ ਉਸਾਰੇ ਜਾ ਰਹੇ ਹਨ। ਉਹ ਲੋਕਾਂ ਨੂੰ ਅੰਧ ਵਿਸ਼ਵਾਸ਼ ਦੀ ਦਲਦਲ ਵਿੱਚ ਧੱਕ ਕੇ ਉਹਨਾਂ ਦੀ ਸੋਚ ਨੂੰ ਖੂੰਢਾ ਕਰਕੇ ਜੋਕਾਂ ਦੀ ਸੇਵਾ ਕਰ ਰਹੇ ਹਨ। ਲੁਟੇਰਾ ਸ਼ਕਤੀਆਂ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਵਿੱਚ ਅੰਦਰੂਨੀ ਭੇੜ ਅਤੇ ਗੁਆਂਢੀ ਦੇਸ਼ਾਂ ਵਿੱਚ ਆਪਸੀ ਭੇੜ ਦੀਆਂ ਚਾਲਾਂ ਚੱਲ ਰਹੀਆਂ ਹਨ। ਸਮੇਂ ਦੀ ਭਿਆਨਕਤਾ ਦੇ ਅਸਰ ਬਾਰੇ ਜੇ ਭਾਰਤ ਅਤੇ ਪਾਕਿਸਤਾਨ 'ਤੇ ਨਜ਼ਰ ਮਾਰੀਏ ਤਾਂ ਦੋ ਗੁਆਂਢੀ ਮੁਲਕਾਂ ਦੇ ਲੋਕਾਂ ਦੀ ਤਰਾਸਦੀ ਸਾਹਮਣੇ ਆ ਜਾਂਦੀ ਹੈ। 15 ਅਗਸਤ 1947 ਦੀ ਵੰਡ ਸਮੇਂ ਲੱਖਾਂ ਲੋਕਾਂ ਦਾ ਕਤਲ, ਤੇ ਉਸ ਤੋਂ ਬਾਅਦ ਦੋ ਭਿਆਨਕ ਜੰਗਾਂ ਅਤੇ ਹਰ ਰੋਜ਼ ਬਾਰਡਰ ਤੇ ਗੋਲਾਬਾਰੀ ਇੱਕ ਦੂਜੇ ਦੇਸ਼ ਦੇ ਲੋਕਾਂ ਵਿੱਚ ਨਫਰਤ ਅਤੇ ਸਰਕਾਰਾਂ ਚਲਾ ਰਹੇ ਲੋਕਾਂ ਦੀਆਂ ਕੁਰਸੀਆਂ ਕਾਇਮ ਰੱਖਣ ਦਾ ਸਬੱਬ ਬਣਦੇ ਹਨ। ਅੱਜ ਹਾਲਤ ਇੰਨੇ ਭਿਆਨਕ ਹੋ ਗਏ ਹਨ ਕਿ ਪਾਕਿਸਤਾਨ ਚੀਨੀ ਸਾਮਰਾਜ ਅਤੇ ਭਾਰਤ ਅਮਰੀਕੀ ਸਾਮਰਾਜ ਦੇ ਪੰਜਿਆਂ ਵਿੱਚ ਪੂਰੀ ਤਰ੍ਹਾਂ ਜਕੜੇ ਜਾ ਚੁੱਕੇ ਹਨ। ਇਸ ਦੇ ਸਿੱਟੇ ਵਜੋਂ ਇਹਨਾਂ ਦੋ ਗੁਆਂਢੀ ਮੁਲਕਾਂ ਵਿੱਚ ਆਪਸੀ ਟਕਰਾਅ ਹੋਰ ਤਿੱਖਾ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ ਜਿਹੜਾ ਕਿ ਦੋਹਾਂ ਦੇਸ਼ਾਂ ਦੇ ਆਮ ਲੋਕਾਂ ਦੇ ਘਾਣ ਦਾ ਕਾਰਣ ਬਣ ਸਕਦਾ ਹੈ। ਅੱਜ ਦੇ ਸਮੇਂ ਵਿੱਚ ਅੰਨ੍ਹੇ ਮੁਨਾਫੇ ਦੀ ਖਾਤਰ ਵਾਤਾਵਰਣ ਨੂੰ ਭਿਅੰਕਰ ਰੂਪ ਵਿੱਚ ਗੰਧਲਾ ਕੀਤਾ ਜਾ ਰਿਹਾ ਹੈ। ਕੁਦਰਤ ਦਾ ਵਰਦਾਨ ਸ਼ੁੱਧ ਹਵਾ ਤੇ ਸਾਫ ਪਾਣੀ ਜੋ ਮਨੁੱਖੀ ਜਿੰਦਗੀ ਦਾ ਆਧਾਰ ਹਨ ਅੱਜ ਮਨੁੱਖ ਦੀ ਪਹੁੰਚ ਤੋਂ ਦੂਰ ਹੋ ਰਹੇ ਹਨ। ਖਾਸ ਤੌਰ 'ਤੇ ਪਾਣੀ ਦਾ ਵਪਾਰੀਕਰਨ ਹੋ ਰਿਹਾ ਹੈ। ਜੇ ਅਜਿਹੇ ਰੁਝਾਨ ਨੂੰ ਠੱਲ੍ਹ ਨਾ ਪਾਈ ਗਈ ਤਾਂ ਹਵਾ ਤੇ ਵੀ ਵਪਾਰੀਆਂ ਦਾ ਕੰਟਰੋਲ ਹੋ ਜਾਵੇਗਾ। ਇਸ ਦਾ ਇੱਕੋ ਇੱਕ ਹੱਲ ਹੈ ਮਨੁੱਖਾਂ ਦਾ ਚੇਤਨ ਹੋਣਾ ਨਹੀਂ ਤਾਂ ਸਾਡੀ ਆਉਣ ਵਾਲੀ ਪੀੜ੍ਹੀ ਸੁਰੱਖਿਅਤ ਨਹੀਂ ਹੋਵੇਗੀ ਤੇ ਸਾਨੂੰ ਕਦੇ ਮੁਆਫ ਨਹੀਂ ਕਰੇਗੀ। ਚੇਤਨ ਲੋਕ ਹੀ ਸਮੇਂ ਦੀ ਭਿਆਨਕਤਾ ਨੂੰ ਖਤਮ ਕਰ ਸਕਦੇ ਹਨ ਤੇ ਆਉਣ ਵਾਲੇ ਸਮੇਂ ਨੂੰ ਹੋਰ ਭਿਆਨਕ ਹੋਣ ਤੋਂ ਬਚਾ ਸਕਦੇ ਹਨ।

647-924 9087


AKAL OPTICAL



Family Eye Care Centres

We take Care of Your Vision
And Help You to Stay in Style

• Eye Glasses • Contact Lenses • Sun Glasses • Safety Eye Wear

We have 15 Locations to Serve You :

| | | |
|---|---|---|
| Brampton | 10095 Bramalea Rd Unit 108, Brampton On, L6R 0K1 | Tel. 905-792-7242 |
| | 120-499 Main street S.Brampton, OnN, L6Y 1N7 | Tel. 905-459-9978 |
| | 4525 Ebenezer Rd Unit 18, Brampton, ON L6P 2K8 | Tel. 905-794-8200 |
| | 80 Celementine Dr, Unit 9, Brampton, ON, L67 OL8 | Tel. 905-457-5656 |
| | 15 Ashby Field Road, Unit 10, Brampton ON, L6X 3B7 | Tel.905-456-0700 |
| Milton : | 15 Martin St Milton, ON L9T 2R1 | Tel. 905-876-0556 |
| Mississauga: | 2901 Eglinton Ave. W. Unit 10, Mississauga ON L5M 6J3 | Tel. 905-607-7000 |
| | 5380 Terry Fox Way, Unit 11, Mississauga ON, L5V 0A5 | Tel. 905-858-0080 |
| | 719 Central Parkway West, Unit 204, Mississauga, ON, L5B 4L1 | Tel. 905-949-2520 |
| Markham : | 6001-14th Ave Markham Unit B, On L3S 0A2 | Tel. 905-294-4900 |
| Orangeville: | 235 Centennial Rd Orangeville, ON, L9W 5K9 | Tel. 519-941-0188 |
| Toronto: | 1058 Albion Rd Tronto, ON, M9V 1A7 | Tel. 416-745-7242 |






Our mission is to provide customers with high quality vision care and personalized service at affordable prices by Akal Optical, owned by Avninder Singh, has developed a large clientele in the past several years due to the excellent vision care. At Akal Optical, Eye Exam's are done by Canandian Qualified Optometerists at all our location's using latest equipment. Eye Exam are covered by OHIP once a year under the age of 20 & over the age of 65. Diabetic, Cataract and few other condition are also covered by OHIP regardless of age. Call one of Akal Optical location to book your Eye Exam appointment at your convenience.

380 Bovaird Dr. Unit # 27,
Brampton ON, L6Z 2S8
Ph. : 905-846-8400 Fax : 905-846-4143

60 Lacoste Blvd., Unit 107
Brampton, ON L6P 4B5
Ph. : 905-794-6300 Fax : 905-794-6308

www.akaloptical.com Email : info@akaloptical.com

# ਅਮਰੀਕਨ ਸਮਾਜ ਅਪਰਾਧ ਦੀ ਦੁਨੀਆਂ ’ਚ ਸਭ ਤੋਂ ਅੱਗੇ ਅਤੇ ਅਮਰੀਕਨ ਜੇਲ੍ਹਾਂ ਮਲਟੀ ਬਿਲੀਅਨ ਡਾਲਰ ਇੰਡਸਟਰੀ

## ਅਮਰੀਕਨ ਸਮਾਜ ਅਪਰਾਧ ਅਤੇ ਖ਼ੁਦਕੁਸ਼ੀਆਂ ਵਿੱਚ ਸਭ ਤੋਂ ਅੱਗੇ




ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com


ਬੇਸ਼ਕ ਅਮਰੀਕਾ ਦੁਨੀਆਂ ਦੇ ਕੁਝ ਅਮੀਰ ਦੇਸ਼ਾਂ ਵਿੱਚੋਂ ਇੱਕ ਹੈ ਤੇ ਦੁਨੀਆਂ ਭਰ ਦੇ ਲੋਕ ਅਮਰੀਕਾ ਆਉਣ ਨੂੰ ਉਤਾਵਲੇ ਵੀ ਹਨ। ਅਮਰੀਕਾ ਆਪਣੇ ਆਪ ਨੂੰ ਦੁਨੀਆਂ ਵਿੱਚ ਇਕੱਲੀ ਸੁਪਰ ਪਾਵਰ ਵੀ ਸਮਝਦਾ ਹੈ। ਕਈ ਲੋਕ ਇਸਨੂੰ ਦੁਨੀਆਂ ਦਾ ਸਵਰਗ ਵੀ ਕਹਿੰਦੇ ਹਨ। ਪਰ ਅਮਰੀਕੀ ਸਮਾਜ ਵਿੱਚ ਅਪਰਾਧ ਇਤਨਾ ਵਧ ਚੁੱਕਾ ਹੈ ਕਿ ਜੋ ਅੰਕੜੇ ਸਾਹਮਣੇ ਆ ਰਹੇ ਹਨ, ਉਹ ਚੌਂਕਾ ਦੇਣ ਵਾਲੇ ਹਨ। ਇੱਕ ਪਾਸੇ ਅਮਰੀਕਨ ਸਮਾਜ ਵਿੱਚ ਅਪਰਾਧ ਦਿਨੋ-ਦਿਨ ਵਧ ਰਿਹਾ ਹੈ, ਦੂਜੇ ਪਾਸੇ ਹੋਰ ਦੇਸ਼ਾਂ ਵਾਂਗ ਅਮੀਰ-ਗਰੀਬ ਦਾ ਪਾੜਾ ਵੀ ਤੇਜੀ ਨਾਲ ਵਧ ਰਿਹਾ ਹੈ। ਇਹ ਸੰਸਾਰ ਦਾ ਸਭ ਤੋਂ ਵੱਧ ਅਪਰਾਧ-ਗ੍ਰਸਤ ਅਤੇ ਆਤਮਿਕ ਪੱਖੋਂ ਬਿਮਾਰ ਸਮਾਜ ਬਣਦਾ ਜਾ ਰਿਹਾ ਹੈ। ਪਰਿਵਾਰਾਂ ਵਿੱਚ ਇਤਨਾ ਤਣਾਅ ਤੇ ਪ੍ਰੇਸ਼ਾਨੀ ਹੈ ਕਿ ਘਰੇਲੂ ਹਿੰਸਾ ਸਰਕਾਰਾਂ ਲਈ ਵੱਡੀ ਸਿਰਦਰਦੀ ਬਣ ਚੁੱਕੀ ਹੈ। ਹਰ ਕੋਈ ਅਮੀਰ ਬਣਨ ਦੀ ਦੌੜ ਵਿੱਚ ਆਪਣਾ ਦਿਮਾਗੀ ਤੇ ਪਰਿਵਾਰਕ ਸੰਤੁਲਨ ਗਵਾ ਰਿਹਾ ਹੈ। ਮਨੁੱਖ ਮਸ਼ੀਨ ਬਣਦਾ ਜਾ ਰਿਹਾ ਹੈ, ਜਿਸ ਵਿਚੋਂ ਭਾਵਨਾਵਾਂ ਅਲੋਪ ਹੋ ਰਹੀਆਂ ਹਨ। ਆਓ ਅਮਰੀਕਾ ਵਿੱਚ ਹੋ ਰਹੇ ਅਪਰਾਧਿਕ ਅੰਕੜਿਆਂ ਤੇ ਇੱਕ ਝਾਤ ਮਾਰਦੇ ਹਾਂ ਅਤੇ ਅਮਰੀਕਨ ਸਮਾਜ ਦੀ ਅਸਲੀ ਤਸਵੀਰ ਦੇਖਣ ਦੀ ਕੋਸ਼ਿਸ਼ ਕਰਦੇ ਹਾਂ।

ਅਮਰੀਕਾ ਵਿੱਚ ਹਰ ਸਾਲ ਔਸਤਨ 1 ਕਰੋੜ ਵੀਹ ਲੱਖ ਅਪਰਾਧ ਹੁੰਦੇ ਹਨ। ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਸਾਲਾਨਾ ਸੱਠ ਲੱਖ ਤੋਂ ਵੱਧ ਅਪਰਾਧ ਨਹੀਂ ਹੁੰਦੇ। ਸੰਸਾਰ ਵਿੱਚ ਸਭ ਤੋਂ ਵੱਧ ਦਰਜ ਅਪਰਾਧਾਂ ਵਾਲ਼ੇ ਦਸ ਦੇਸ਼ ਇਹ ਹਨ:

2011 ਵਿੱਚ ਪ੍ਰਤੀ ਇੱਕ ਲੱਖ ਵਸੋਂ ਪਿੱਛੇ ਅਪਰਾਧਾਂ ਦੀ ਗਿਣਤੀ

ਅਮਰੀਕਾ: 12408899, ਜਰਮਨੀ: 2112843, ਫਰਾਂਸ: 1172547, ਰਸ਼ੀਆ: 1041340, ਇਟਲੀ: 900870, ਕਨੇਡਾ: 628920, ਚਿੱਲੀ: 611322, ਪੋਲੈਂਡ: 521942, ਸਪੇਨ: 377965, ਹਾਲੈਂਡ: 372305



ਅਮਰੀਕਾ ਵਿੱਚ 10 ਲੱਖ ਲੋਕ ਕਿਸੇ ਨਾ ਕਿਸੇ ਅਪਰਾਧੀ ਗਰੋਹ ਦੇ ਮੈਂਬਰ ਹਨ। ਅਮਰੀਕਾ ਵਿੱਚ 22 ਲੱਖ ਤੋਂ ਵੱਧ ਲੋਕ ਜੇਲ੍ਹਾਂ ਵਿੱਚ ਬੰਦ ਹਨ। ਕੈਦੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਅਮਰੀਕਾ ਸੰਸਾਰ ਵਿੱਚ ਪਹਿਲੀ ਥਾਂ ’ਤੇ ਹੈ। ਵਸੋਂ ਵਿੱਚ ਕੈਦੀਆਂ ਦੇ ਪ੍ਰਤੀਸ਼ਤ ਅਨੁਪਾਤ ਦੇ ਹਿਸਾਬ ਨਾਲ਼ ਵੀ ਇਹ ਸੰਸਾਰ ਵਿੱਚ ਪਹਿਲੀ ਥਾਂ ’ਤੇ ਹੈ। ਅਮਰੀਕਾ ਵਿੱਚ ਸੰਸਾਰ ਦੀ 5 ਫੀਸਦੀ ਵਸੋਂ ਰਹਿੰਦੀ ਹੈ, ਪਰ ਸੰਸਾਰ ਦੇ 25 ਫੀਸਦੀ ਸਜ਼ਾ ਯਾਫਤਾ ਕੈਦੀ ਕੇਵਲ ਅਮਰੀਕੀ ਜੇਲ੍ਹਾਂ ਵਿੱਚ ਰਹਿੰਦੇ ਹਨ। ਉੱਥੋਂ ਦੀ ਪ੍ਰਤੀ ਇੱਕ ਲੱਖ ਵਸੋਂ ਵਿੱਚੋਂ 730 ਜੇਲ੍ਹ ਵਿੱਚ ਹਨ।

ਸੰਸਾਰ ਵਿੱਚ ਸਭ ਤੋਂ ਵੱਧ ਜੇਲ੍ਹਾਂ ਅਮਰੀਕਾ ਵਿੱਚ ਹੀ ਹਨ ਅਤੇ ਬਹੁਤੀਆਂ ਜੇਲ੍ਹਾਂ ਪ੍ਰਾਈਵੇਟ ਹਨ। ਜਿਨ੍ਹਾਂ ਨੂੰ ਮਲਟੀ ਬਿਲੀਅਨ ਕਾਰਪੋਰੇਸ਼ਨਾਂ ਆਪਣੇ ਮੁਨਾਫੇ ਲਈ ਬਿਜਨੈਸ ਦੇ ਤੌਰ ’ਤੇ ਚਲਾਉਂਦੀਆਂ ਹਨ। ਜਿਸ ਤਰ੍ਹਾਂ ਇੰਡੀਆ ਵਿੱਚ ਜੇਲ੍ਹਾਂ ਨੂੰ ਸੁਧਾਰ ਘਰ ਕਿਹਾ ਜਾਂਦਾ ਹੈ, ਬੇਸ਼ੱਕ ਅਸਲੀ ਮਾਹਨਿਆਂ ਵਿੱਚ ਉਹ ਸੁਧਾਰ ਘਰ ਨਾ ਵੀ ਹੋਣ, ਪਰ ਭਾਵਨਾ ਜ਼ਰੂਰ ਚੰਗੀ ਹੈ ਕਿ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਮਕਸਦ ਉਨ੍ਹਾਂ ਨੂੰ ਸੁਧਾਰਨਾ ਹੈ। ਪਰ ਜਦੋਂ ਜੇਲਾਂ ਸਰਕਾਰਾਂ ਜਾਂ ਕਾਰਪੋਰੇਸ਼ਨਾਂ ਲਈ ਬਿਜਨੈਸ ਬਣ ਜਾਣ ਅਤੇ ਮੁਨਾਫਾ ਹੀ ਮੁੱਖ ਹੋ ਜਾਵੇ ਤਾਂ ਜੇਲ੍ਹਾਂ ਹੀ ਅਪਰਾਧੀ ਪੈਦਾ ਕਰਨ ਲੱਗ ਪੈਂਦੀਆਂ ਹਨ। ਅਮਰੀਕਾ ਵਿੱਚ ਬੜੇ ਲੁਕਵੇਂ ਢੰਗ ਨਾਲ ਅਜਿਹਾ ਹੀ ਹੋ ਰਿਹਾ ਹੈ। ਕਾਰਪੋਰੇਸ਼ਨਾਂ ਨੂੰ ਵੱਧ ਮੁਨਾਫੇ ਲਈ













ਅਪਰਾਧੀਆਂ (ਕੈਦੀਆਂ) ਦੇ ਰੂਪ ਵਿੱਚ ਸਸਤੀ ਲੇਬਰ ਚਾਹੀਦੀ ਹੈ, ਜੋ ਤਾਂ ਹੀ ਪੂਰੀ ਹੋ ਸਕਦੀ ਹੈ, ਜੇ ਸਮਾਜ ਵਿੱਚ ਵੱਧ ਅਪਰਾਧ ਹੋਵੇ ਤੇ ਜੇਲ੍ਹਾਂ ਕੈਦੀਆਂ ਨਾਲ ਭਰੀਆਂ ਰਹਿਣ। ਸ਼ਾਇਦ ਇਹੀ ਵਜ੍ਹਾ ਹੈ ਕਿ ਅਮਰੀਕਾ ਵਿੱਚ ਦੁਨੀਆਂ ਦੀਆਂ ਸਭ ਤੋਂ ਵੱਧ 4,575 ਜੇਲ੍ਹਾਂ ਹਨ। ਕੋਈ ਵੀ ਦੇਸ਼ ਇਸਦੇ ਨੇੜੇ ਤੇੜੇ ਵੀ ਨਹੀਂ ਢੁਕਦਾ। ਦੂਜੇ ਨੰਬਰ 'ਤੇ ਰੂਸ ਹੈ, ਜਿੱਥੇ 1,029 ਜੇਲ੍ਹਾਂ ਹਨ। ਭਾਵ ਦੂਜੇ ਨੰਬਰ ਵਾਲੇ ਦੇਸ਼ ਵਿੱਚ ਵੀ 4 ਗੁਣਾਂ ਘੱਟ ਜੇਲ੍ਹਾਂ ਹਨ। ਅਮਰੀਕਾ ਵਿੱਚ ਹਰ ਸਾਲ ਔਸਤਨ 48 ਲੱਖ ਔਰਤਾਂ ਆਪਣੇ ਪਤੀ, ਪ੍ਰੇਮੀ ਜਾਂ ਮਿੱਤਰ ਦੁਆਰਾ ਯੌਨ ਹਮਲੇ ਜਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ ਉੱਥੇ ਪ੍ਰਤੀ ਦਿਨ ਔਸਤਨ 9 ਔਰਤਾਂ ਦੀ ਹੱਤਿਆ ਹੁੰਦੀ ਹੈ। ਕੇਵਲ ਸਾਲ 2006 ਦੇ ਦੌਰਾਨ ਅਮਰੀਕਾ ਵਿੱਚ 2,32,960 ਔਰਤਾਂ ਬਲਾਤਕਾਰ ਜਾਂ ਯੌਨ ਹਮਲੇ ਦਾ ਸ਼ਿਕਾਰ ਹੋਈਆਂ।

ਅਮਰੀਕਾ ਵਿੱਚ ਵੇਸਵਾਗਮਨੀ ਦਾ ਸ;ਲਾਨਾ 14 ਅਰਬ ਡਾਲਰ ਦਾ ਧੰਦਾ ਹੈ। ਅਮਰੀਕਾ ਵਿੱਚ (ਰੋਡ ਸਟੇਟ ਨੂੰ ਛੱਡ ਕੇ) ਵੇਸਵਾਗਮਨੀ ਦੀ ਮਨਾਹੀ ਹੈ, ਪਰ ਪੁਲਿਸ ਰਿਕਾਰਡ ਅਨੁਸਾਰ ਪ੍ਰਤੀ ਇੱਕ ਲੱਖ ਮਗਰ 23 ਵੇਸਵਾਵਾਂ ਹਨ। ਅਸਲੀ ਸੰਖਿਆ ਇਸ ਤੋਂ ਕਈ ਗੁਣਾਂ ਵੱਧ ਹੈ। ਬਾਲ ਵੇਸਵਾਗਮਨੀ ਅਤੇ ਮਰਦ ਵੇਸਵਾਗਮਨੀ ਵੀ ਹਰ ਸਾਲ ਤੇਜ਼ੀ ਨਾਲ਼ ਵਧ ਰਹੀ ਹੈ। ਅਮਰੀਕਾ ਪੋਰਨ (ਸੈਕਸ ਨਾਲ ਸਬੰਧਤ) ਸਮੱਗਰੀ ਦਾ ਸਭ ਤੋਂ ਵੱਡਾ ਪੈਦਾਕਾਰ ਅਤੇ ਖਰੀਦਦਾਰ ਹੈ। ਇਥੇ ਦੀ ਪੋਰਨ ਸਨਅਤ (ਪੋਰਨ ਫ਼ਿਲਮਾਂ, ਵੀਡੀਓ, ਇੰਟਰਨੈੱਟ ਰਸਾਲੇ, 'ਪੇ-ਪਰ-ਵਿਊ', ਸੈਲਫੋਨ) ਦੀ ਸਲਾਨਾ ਸ਼ੁੱਧ ਕਮਾਈ ਔਸਤਨ 4 ਅਰਬ 30 ਕਰੋੜ ਡਾਲਰ ਹੈ।

'ਮਾਸ ਸ਼ੂਟਿੰਗ' ਲਈ ਵੀ ਅਮਰੀਕਾ ਦੁਨੀਆਂ ਵਿੱਚ ਨੰਬਰ ਇੱਕ ਤੇ ਹੈ। 'ਮਾਸ ਸ਼ੂਟਿੰਗ' ਉਸ ਸ਼ੂਟਿੰਗ ਨੂੰ ਕਿਹਾ ਜਾਂਦਾ ਹੈ, ਜਿਸ ਵਿੱਚ ਘੱਟ ਤੋਂ ਘੱਟ 4 ਲੋਕ ਮਾਰੇ ਜਾਣ ਜਾਂ ਫੱਟੜ ਹੋਣ। ਅਮਰੀਕਾ ਵਿੱਚ ਹਰ ਸਾਲ ਸੈਂਕੜੇ ਅਜਿਹੇ ਕੇਸ ਹੁੰਦ ਹਨ। ਪਿਛਲੇ ਸਾਲ 2015 ਵਿੱਚ 365 ਦਿਨਾਂ ਵਿੱਚ 372 ਮਾਸ ਸ਼ੂਟਿੰਗ ਹੋਈਆਂ, ਜਿਨ੍ਹਾਂ ਵਿੱਚ 475 ਲੋਕ ਮਾਰੇ ਗਏ ਅਤੇ 1870 ਲੋਕ ਜ਼ਖਮੀ ਹੋਏ। ਪਿਛਲੇ ਸਾਲ 25000 ਤੋਂ ਵੱਧ ਲੋਕ ਗੰਨ ਜਾਂ ਕਿਸੇ ਹੋਰ ਫਾਇਰ ਆਰਮ ਨਾਲ ਜ਼ਖਮੀ ਹੋਏ ਸਨ। ਮਾਸ ਸ਼ੂਟਿੰਗ ਤੋਂ ਇਲਾਵਾ ਚੋਰੀਆਂ, ਡਕੈਤੀਆਂ, ਫਿਰੌਤੀਆਂ, ਡਰੱਗ ਨਾਲ ਸਬੰਧਤ ਹਿੰਸਾ, ਘਰੇਲੂ ਝਗੜਿਆਂ, ਖੁਦਕੁਸ਼ੀਆਆਂ ਆਦਿ ਵਿੱਚ ਗੰਨ ਜਾਂ ਕਿਸੇ ਹੋਰ ਫਾਇਰ ਆਰਮ ਨਾਲ 12000 ਤੋਂ ਵੱਧ ਮੌਤਾਂ ਹੋਈਆਂ। ਇਸੇ ਤਰ੍ਹਾਂ ਪਿਛਲ਼ੇ 1260 ਦਿਨਾਂ ਵਿੱਚ 1000 ਮਾਸ ਸ਼ੂਟਿੰਗ ਹੋਈਆਂ, ਜਿਨ੍ਹਾਂ ਵਿੱਚ 1134 ਲੋਕ ਮਾਰੇ ਗਏ ਅਤੇ 3950 ਜ਼ਖਮੀ ਹੋਏ ਹਨ। ਇਸ ਤੋਂ ਪਹਿਲਾਂ 2013-14 ਵਿੱਚ 1052 ਮਾਸ ਸ਼ੂਟਿੰਗ ਦੀਆਂ ਘਟਨਾਵਾਂ ਵਾਪਰੀਆਂ ਸਨ। ਮਾਸ ਸ਼ੂਟਿੰਗ ਬਾਰੇ ਬੇਸ਼ਕ ਸਰਕਾਰ ਮੀਡੀਆ ਰਾਹੀਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦੀ ਹੈ ਕਿ ਇਸਦਾ ਵੱਡਾ ਕਾਰਨ ਅਸਲੇ ਦਾ ਆਮ ਮਿਲਣਾ ਹੈ, ਪਰ ਇਹੀ ਇੱਕ ਕਾਰਣ ਨਹੀਂ ਹੋ ਸਕਦਾ, ਇਸਦੇ ਅਨੇਕਾਂ ਹੋਰ ਪਹਿਲੂ ਹਨ, ਜਿਨ੍ਹਾਂ ਬਾਰੇ ਸਰਕਾਰਾਂ ਸੋਚਣਾ ਨਹੀਂ ਚਾਹੁੰਦੀਆਂ। ਇਸੇ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇ 1436 ਅਪਰਾਧੀਆਂ ਨੂੰ ਅਮਰੀਕਾ ਵਿੱਚ ਪਿਛਲੇ 50 ਸਾਲਾਂ ਵਿੱਚ ਫਾਂਸੀ ਜਾਂ ਕਿਸੇ ਹੋਰ ਢੰਗ ਨਾਲ ਮੌਤ ਦੀ ਸਜ਼ਾ ਦਿੱਤੀ ਗਈ। ਪਿਛਲੇ ਸਾਲ 28 ਵਿਅਕਤੀਆਂ ਨੂੰ ਮੌਤ ਦਿੱਤੀ ਗਈ ਸੀ ਅਤੇ ਇਸ ਸਾਲ ਮਈ ਤੱਕ 14 ਵਿਅਕਤੀਆਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਪਿਛਲੇ 50 ਸਾਲਾਂ ਵਿੱਚੋਂ 1999 ਵਿੱਚ ਸਭ ਤੋਂ ਵੱਧ 98 ਵਿਅਕਤੀਆਂ ਨੂੰ ਫਾਹੇ ਲਾਇਆ ਗਿਆ ਸੀ।

ਅਮਰੀਕਨ ਸਮਾਜ ਦੀ ਨਿੱਘਰਦੀ ਹਾਲਤ ਇਨ੍ਹਾਂ ਤੱਥਾਂ ਤੋਂ ਹੋਰ ਉਜਾਗਰ ਹੁੰਦੀ ਹੈ, ਜਦੋਂ ਅੰਕੜੇ ਦੱਸਦੇ ਹਨ ਕਿ ਤਕਰੀਬਨ 25% ਅਮਰੀਕਨ ਕਿਸੇ ਨਾ ਕਿਸੇ ਢੰਗ ਨਾਲ ਡਿਪਰੈਸ਼ਨ ਦਾ ਸ਼ਿਕਾਰ ਹਨ ਅਤੇ ਤਕਰੀਬਨ ਅੱਧੀ ਅਮਰੀਕਨ ਆਬਾਦੀ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਸਮੇਂ ਡਿਪਰੈਸ਼ਨ ਕਰਕੇ ਡਾਕਟਰਾਂ ਕੋਲ ਜਾਂ ਹਸਪਤਾਲਾਂ ਵਿੱਚ ਜਾਂਦੇ ਹਨ। ਹਰ ਘੰਟੇ ਵਿੱਚ ਤਕਰੀਬਨ 5 ਵਿਅਕਤੀ ਅਤੇ ਰੋਜ਼ਾਨਾ ਤਕਰੀਬਨ 117 ਵਿਅਕਤੀ ਖੁਦਕੁਸ਼ੀ ਕਰਦੇ ਹਨ। ਅਮਰੀਕਾ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ 10% ਮੌਤਾਂ ਖੁਦਕੁਸ਼ੀ ਕਾਰਨ ਹੁੰਦੀਆਂ ਹਨ। ਹਰ ਸਾਲ ਤਕਰੀਬਨ 42000 ਅਮਰੀਕਨ ਖੁਦਕੁਸ਼ੀ ਕਰਕੇ ਮਰਦੇ ਹਨ। ਸਾਲ 2014 ਵਿੱਚ ਖੁਦਕੁਸ਼ੀ ਨਾਲ ਮਰਨ ਵਾਲਿਆਂ ਗਿਣਤੀ 42773 ਸੀ। ਮਰਦਾਂ ਵਿੱਚ ਔਰਤਾਂ ਮੁਕਾਬਲੇ ਖੁਦਕੁਸ਼ੀ ਦਰ 4 ਗੁਣਾਂ ਵੱਧ ਹੈ। ਜਦਕਿ ਔਰਤਾਂ ਮਰਦਾਂ ਦੇ ਮੁਕਾਬਲੇ 4 ਗੁਣਾਂ ਜ਼ਿਆਦਾ ਮਰਨ ਦੀ ਕੋਸ਼ਿਸ਼ ਕਰਦੀਆਂ ਹਨ, ਪਰ ਮਰਦੀਆਂ ਨਹੀਂ। ਇੱਕ ਸਰਵੇਖਣ ਅਨੁਸਾਰ ਇੱਕ ਵਿਅਕਤੀ ਖੁਦਕੁਸ਼ੀ ਕਰਨ ਤੋਂ ਪਹਿਲਾਂ ਤਕਰੀਬਨ 20-25 ਵਾਰ ਮਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਕਰਕੇ ਹਰ ਸਾਲ ਤਕਰੀਬਨ 5 ਲੱਖ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਵਿੱਚ ਹਸਪਤਾਲ ਭਰਤੀ ਕੀਤੇ ਜਾਂਦੇ ਹਨ। ਇੱਕ ਅੰਦਾਜ਼ੇ ਮੁਤਾਬਿਕ 10 ਲੱਖ ਲੋਕ ਹਰ ਸਾਲ ਅਮਰੀਕਾ ਵਿੱਚ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਖੁਦਕੁਸ਼ੀ ਨਾਲ ਮਰਨ ਵਾਲਿਆਂ 10 ਵਿਚੋਂ 7 ਵਿਅਕਤੀ ਗੋਰੇ ਹੁੰਦੇ ਹਨ। ਖੁਦਕੁਸ਼ੀ ਕਰਨ ਵਾਲੇ 50% ਲੋਕ ਆਪਣੇ-ਆਪ ਨੂੰ ਗੋਲੀ ਮਾਰ ਕੇ ਮਰਦੇ ਹਨ, 27% ਜ਼ਹਿਰੀਲੀ ਗੈਸ ਨਾਲ ਸਾਹ ਘੁਟਣ ਨਾਲ, 16% ਲੋਕ ਜਹਿਰ ਖਾ ਕੇ ਖੁਦਕੁਸ਼ੀ ਕਰਦੇ ਹਨ ਅਤੇ ਬਾਕੀ 7% ਹੋਰ ਕਾਰਨਾਂ ਰਾਹੀਂ ਮਰਦੇ ਹਨ। ਇੱਕ ਹੈਰਾਨੀਜਨਕ ਤੱਥ ਇਹ ਹੈ ਕਿ ਕਿਸ ਤਰ੍ਹਾਂ ਅਮਰੀਕਨ ਫੌਜਾਂ ਦੁਨੀਆਂ ਭਰ ਵਿੱਚ ਜਾ ਕੇ ਤਬਾਹੀ ਮਚਾਉਂਦੀਆਂ ਹਨ ਅਤੇ ਉਨ੍ਹਾਂ ਫੌਜਾਂ ਵਿਚੋਂ ਰੋਜ਼ਾਨਾ 22 ਫੌਜੀ ਖੁਦਕੁਸ਼ੀ ਕਰਦੇ ਹਨ। 'ਨੈਸ਼ਨਲ ਅਲਾਇੰਸ ਆਫ ਵੈਟਰਨ ਸੁਆਸਾਈਡ' ਨਾਮ ਦੀ ਸੰਸਥਾ ਦੀ ਰਿਪੋਰਟ ਅਨੁਸਾਰ ਹਰ ਸਾਲ ਤਕਰੀਬਨ 8000 ਤੋਂ ਵੱਧ ਅਮਰੀਕਨ ਫੌਜੀ ਖੁਦਕੁਸ਼ੀ ਕਰਦੇ ਹਨ।

**ਅਮਰੀਕਾ ਵਿੱਚ ਵਧਦੀ ਗਰੀਬੀ** : ਅਸੀਂ ਅਕਸਰ ਰਿਪੋਰਟਾਂ ਪੜ੍ਹਦੇ ਹਾਂ ਕਿ ਕਿਵੇਂ ਗਿਣਤੀ ਦੀਆਂ ਕੁਝ ਵੱਡੀਆਂ ਕਾਰਪੋਰੇਸ਼ਨਾਂ ਤੇ ਕੁਝ ਵੱਡੇ ਘਰਾਣੇ ਸਾਰੀ ਦੁਨੀਆਂ ਦੀ ਦੌਲਤ ਆਪਣੇ ਕਬਜ਼ੇ ਵਿੱਚ ਕਰੀ ਬੈਠੇ ਹਨ। ਇਸ ਵਕਤ ਦੌਲਤ ਦਾ ਤਵਾਜ਼ਜਨ ਇਤਨਾ ਵਿਗੜ ਚੁੱਕਾ ਹੈ ਕਿ 1% ਲੋਕਾਂ ਕੋਲ ਇਤਨੀ ਦੌਲਤ ਜਮਾਂ ਹੋ ਚੁੱਕੀ ਹੈ, ਜਿਤਨੀ ਬਾਕੀ 99% ਲੋਕਾਂ ਕੋਲ ਹੈ। ਇਨ੍ਹਾਂ ਧਨਾਢਾਂ ਵਿੱਚੋਂ ਬਹੁਤੇ ਅਮਰੀਕਾ ਦੇ ਬਸ਼ਿੰਦੇ ਹਨ ਜਾਂ ਅਮਰੀਕਾ ਵਿੱਚ ਰਹਿੰਦੇ ਹਨ। ਅੱਜ ਤੋਂ 20 ਕੁ ਸਾਲ ਪਹਿਲਾਂ ਦੌਲਤ ਦਾ ਤਵਾਜਨ 90% ਤੇ 10% ਸੀ। ਜਿਹੜਾ ਕਿ ਹੁਣ 99% ਤੇ 1% ਤੱਕ ਪਹੁੰਚ ਚੁੱਕਾ ਹੈ। ਦੌਲਤ ਦੀ ਹਵਸ ਇਨ੍ਹਾਂ ਅਮੀਰਾਂ ਵਿੱਚ ਇਤਨੀ ਵਧ ਚੁੱਕੀ ਹੈ ਕਿ ਉਨ੍ਹਾਂ 1% ਵਿਚੋਂ ਵੀ ਕੁਝ ਲੋਕ ਸਾਰਾ ਧਨ ਆਪਣੇ ਕੋਲ ਇਕੱਠਾ ਕਰਕੇ 1% ਬਣਨਾ ਚਾਹੁੰਦੇ ਹਨ। ਪਰ ਦੂਜੇ ਪਾਸੇ ਦੁਨੀਆਂ ਦੇ ਸਭ ਤੋਂ ਅਮੀਰ ਦੇਸ਼ਾਂ ਵਿੱਚ ਗਿਣੇ ਜਾਂਦੇ ਅਮਰੀਕਾ ਦੇ ਆਮ ਲੋਕਾਂ ਦਾ ਕੀ ਹਾਲ ਇਸ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਾਂ। ਅਮਰੀਕਾ ਸੈਨਸਿਸ ਬਿਊਰੋ ਦੀ ਰਿਪੋਰਟ ਅਨੁਸਾਰ 47 ਮਿਲੀਅਨ ਅਮਰੀਕਨ ਗਰੀਬੀ ਰੇਖਾ ਤੋਂ ਹੇਠਾਂ ਜੀਅ ਰਹੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਹਰੇਕ ਦੇਸ਼ ਦੀ ਗਰੀਬੀ ਲਾਈਨ ਦੇ ਆਪਣੇ ਮਾਪਦੰਡ ਹਨ। ਅਮਰੀਕਾ ਵਿੱਚ ਅਗਰ 2 ਬੱਚਿਆਂ ਵਾਲੇ ਮਾਂ-ਬਾਪ $23000 ਤੋਂ ਘੱਟ ਇਨਕਮ



ਬਣਾਉਂਦੇ ਹਨ ਤਾਂ ਉਨ੍ਹਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਗਿਣਿਆ ਜਾਂਦਾ ਹੈ। ਤਕਰੀਬਨ 20 ਮਿਲੀਅਨ ਅਮਰੀਕਨ ਗਰੀਬੀ ਰੇਖਾ ਲਈ ਨਿਸ਼ਚਿਤ ਇਨਕਮ ਤੋਂ ਅੱਧੀ ਇਨਕਮ ਤੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਅਮਰੀਕਨ ਸਰਕਾਰ ਵਲੋਂ ਘੱਟ ਆਮਦਨੀ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਹੈਲਥੀ ਫੂਡ ਦਿੱਤਾ ਜਾਂਦਾ ਹੈ, ਸੈਨਸਿਸ ਬਿਊਰੋ ਦੀ ਰਿਪੋਰਟ ਅਨੁਸਾਰ ਹੀ ਅਮਰੀਕਾ ਵਿੱਚ ਹਰ 5 ਬੱਚਿਆਂ ਵਿਚੋਂ 1 ਬੱਚਾ ਇਸ ਫੂਡ ਤੇ ਨਿਰਭਰ ਹੈ ਅਮਰੀਕਾ ਵਿੱਚ ਪਿਛਲੇ ਸਾਲ ਛਪੀ ਇੱਕ ਕਿਤਾਬ: ਦਿਨ ਦੇ ਦੋ ਡਾਲਰ ($2 A Day: Living on Almost Nothing in America) ਨਾਮ ਦੀ ਕਿਤਾਬ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਅਮਰੀਕਾ ਵਿੱਚ 15 ਲੱਖ ਲੋਕ ਅਜਿਹੇ ਹਨ, ਜੋ ਸਿਰਫ 2 ਡਾਲਰ ਹਰੇਕ ਮੈਂਬਰ ਅਨੁਸਾਰ ਰੋਜ਼ਾਨਾ ਦੀ ਇਨਕਮ ਤੇ ਜਿਉਂਦੇ ਹਨ। ਅਮਰੀਕਾ ਵਿੱਚ ਹਰ ਸਾਲ 46 ਮਿਲੀਅਨ ਲੋਕ ਫੂਡ ਬੈਂਕ ਤੋਂ ਖਾਣਾ ਖਾਣ ਲਈ ਮਜਬੂਰ ਹਨ। ਗਰੀਬ ਸਕੂਲੀ ਬੱਚਿਆਂ ਲਈ 'ਨੈਸ਼ਨਲ ਸਕੂਲ ਲੰਚ ਪ੍ਰੋਗਰਾਮ' ਦਾ ਲਾਭ 31 ਮਿਲੀਅਨ ਬੱਚੇ ਉਠਾਉਂਦੇ ਹਨ। ਪਿਛਲ਼ੇ ਸਾਲ 16 ਲੱਖ ਬੱਚਿਆਂ ਨੂੰ ਹੋਮਲੈਸ ਸ਼ੈਲਟਰ ਵਿੱਚ ਰਹਿਣਾ ਪਿਆ ਸੀ। ਬੱਚਿਆਂ ਦੀ ਗਰੀਬੀ ਦੇ ਮਾਮਲੇ ਵਿੱਚ ਅਮਰੀਕਾ ਦਾ ਸਥਾਨ 41 ਅਮੀਰ ਦੇਸ਼ਾਂ ਵਿਚੋਂ 36ਵੇਂ ਨੰਬਰ ਤੇ ਹੈ। ਪਿਛਲੇ ਦਸ ਸਾਲਾਂ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਦੀ ਗਿਣਤੀ 25% ਤੱਕ ਵਧ ਚੁੱਕੀ ਹੈ। ਹੁਣ ਅਮਰੀਕਾ ਵਿੱਚ ਆਮਦਨ ਨਾ-ਬਰਾਬਰੀ ਦਾ ਪਾੜਾ ਦਿਨੋ-ਦਿਨ ਵਧ ਰਿਹਾ ਹੈ। ਉਪਰਲੇ 20% ਲੋਕਾਂ ਕੋਲ ਅੱਧੀ ਤੋਂ ਵੱਧ ਦੌਲਤ ਜਮ੍ਹਾਂ ਹੋ ਚੁੱਕੀ ਹੈ। ਇੱਕ ਪਾਸੇ ਆਮ ਅਮਰੀਕਨ ਦਿਨੋ-ਦਿਨ ਗਰੀਬੀ ਰੇਖਾ ਤੋਂ ਹੇਠਾਂ ਜਾ ਰਹੇ ਹਨ, ਉਥੇ ਦੂਜੇ ਪਾਸੇ ਪਹਿਲਾਂ ਹੀ ਮਿਲੀਅਨਜ਼ ਡਾਲਰ ਦੇ ਮੁਨਾਫੇ ਵਾਲੀਆਂ ਕੰਪਨੀਆਂ ਦੇ ਘਟ ਰਹੇ ਮੁਨਾਫੇ ਨੂੰ ਬਚਾਉਣ ਲਈ ਟਰਿਲੀਅਨਜ਼ ਡਾਲਰ ਦੇ ਬੇਲ ਆਊਟ ਪੈਕੇਜ ਦਿੱਤੇ ਗਏ ਹਨ। ਪਿਛਲੇ ਦੋ ਦਹਾਕਿਆਂ ਤੋਂ ਮਿਡਲ ਕਲਾਸ ਦਾ ਵੱਡਾ ਹਿੱਸਾ ਲੋਅ ਇਨਕਮ ਕਲਾਸ ਵਿੱਚ ਜਾ ਚੁੱਕਾ ਹੈ। ਆਮ ਵਿਅਕਤੀ ਦੀ ਇਨਕਮ ਘਟ ਰਹੀ ਹੈ ਤੇ ਘਰੇਲੂ ਖਰਚੇ ਪਿਛਲੇ ਇੱਕ ਦਹਾਕੇ ਵਿੱਚ 29% ਤੱਕ ਵਧ ਚੁੱਕੇ ਹਨ। ਘਰਾਂ ਦੀਆਂ ਕੀਮਤਾਂ ਇਸ ਕਦਰ ਵਧਾ ਦਿੱਤੀਆਂ ਗਈਆਂ ਹਨ, ਕਿ ਆਮ ਵਿਅਕਤੀ ਲਈ ਲੈਣਾ ਮੁਸ਼ਕਿਲ ਹੋ ਚੁੱਕਾ ਹੈ ਅਤੇ ਜੇ ਉਹ ਘਰ ਲੈ ਲੈਂਦਾ ਹੈ ਤਾਂ ਸਾਰੀ ਉਮਰ ਬੈਂਕਾਂ ਦਾ ਕਰਜਾ ਨਹੀਂ ਉਤਾਰ ਸਕਦਾ।

**ਘਰੇਲੂ ਹਿੰਸਾ ਅਮਰੀਕਨ ਸਮਾਜ ਵਿੱਚ ਵੱਡੀ ਸਮੱਸਿਆ** : ਸਰਮਾਏਦਾਰੀ ਵਿਵਸਥਾ ਨੇ ਦੁਨੀਆਂ ਭਰ ਵਿੱਚ ਧਨ ਦੀ ਦੌੜ ਇਤਨੀ ਪਰਬਲ ਕਰ ਦਿੱਤੀ ਹੈ ਕਿ ਬੰਦਾ ਮਸ਼ੀਨ ਬਣ ਕੇ ਰਹਿ ਗਿਆ ਹੈ ਹਰ ਕੋਈ ਪੈਸੇ ਦੀ ਦੌੜ ਵਿੱਚ ਇਤਨਾ ਵਿਅਸਤ ਹੈ ਕਿ ਉਸਨੂੰ ਜਿਉਣਾ ਹੀ ਭੁੱਲ ਗਿਆ ਹੈ। ਨਸ਼ੇ ਤੇ ਸੈਕਸ ਜੀਵਨ ਦਾ ਅਹਿਮ ਅੰਗ ਬਣਦੇ ਜਾ ਰਹੇ ਹਨ। ਲੋਕ ਨਸ਼ਿਆਂ ਤੇ ਸੈਕਸ ਵਿਚੋਂ ਸੁੱਖ ਭਾਲ ਰਹੇ ਹਨ। ਦੁਨੀਆਂ ਦੀ ਦੌਲਤ ਕੁਝ ਲੋਕਾਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ ਤੇ ਆਮ ਲੋਕ ਫਿਰ ਵੀ ਅਮੀਰ ਬਣਨ ਦੇ ਭਰਮ ਵਿੱਚ ਪੈਸੇ ਦੀ ਚੂਹਾ ਦੌੜ ਵਿੱਚ ਲੱਗੇ ਹੋਏ ਹਨ, ਇਹ ਜਾਣਦੇ ਹੋਏ ਵੀ ਕਿ ਉਹ ਇਸ ਸਰਮਾਏਦਾਰੀ ਸਿਸਟਮ ਵਿੱਚ ਅਮੀਰ ਨਹੀਂ ਬਣ ਸਕਦੇ, ਸਿਰਫ ਰੋਟੀ, ਕੱਪੜਾ, ਮਕਾਨ ਮਿਲਦਾ ਰਹੇ ਇਹੀ ਬਹੁਤ ਹੈ। ਜੇ ਕੁਝ ਕਰਨ ਦੀ ਲੋੜ ਹੈ ਤਾਂ ਇਸ ਮਨੁੱਖਤਾ ਵਿਰੋਧੀ ਨਿਜ਼ਾਮ ਨੂੰ ਬਦਲਣ ਦੀ ਲੋੜ ਹੈ। ਆਮ ਦੁਨੀਆਂ ਵਿੱਚ ਇੱਕ ਵੱਡਾ ਭਰਮ ਪਾਇਆ ਜਾ ਰਿਹਾ ਹੈ ਕਿ ਅਮੀਰ ਪੱਛਮੀ ਦੇਸ਼ਾਂ ਵਿੱਚ ਵਸਦੇ ਲੋਕ ਸੁੱਖ-ਸਹੂਲਤਾਂ ਤੇ ਦੌਲਤ ਦਾ ਆਨੰਦ ਮਾਣਦੇ ਹੋਏ ਬੜੇ ਸੁਖੀ ਵਸਦੇ ਹਨ, ਇਸੇ ਲਈ ਸਾਡੀ ਸਭ ਦੀ ਦੌੜ ਪੱਛਮੀ ਦੇਸ਼ਾਂ ਵੱਲ ਨੂੰ ਲੱਗੀ ਹੋਈ ਹੈ। ਪਰ ਇਸ ਲਿਖਤ ਰਾਹੀਂ ਅਮਰੀਕਨ ਸਮਾਜ ਦੀ ਅੰਦਰੂਨੀ ਘਰੇਲੂ ਹਾਲਤ ਬਾਰੇ ਅੰਕੜੇ ਪੇਸ਼ ਕਰ ਰਹੇ ਹਾਂ ਕਿ ਕਿਵੇਂ ਬਾਹਰੀ ਦੁਨਿਆਵੀ ਸਹੂਲਤਾਂ ਵਾਲਾ ਇਹ ਦੇਸ਼ ਅੰਦਰੋਂ ਆਤਮਿਕ ਤੇ ਨੈਤਿਕ ਤੌਰ ਤੇ ਕੰਗਾਲ ਹੋ ਚੁੱਕਾ ਹੈ। ਘਰੇਲੂ ਹਿੰਸਾ ਦੇ ਅੰਕੜੇ ਇਸ ਗੱਲ ਦੀ ਮੂੰਹ ਬੋਲਦੀ ਤਸਵੀਰ ਹਨ।

ਜੇ ਅਮਰੀਕਨ ਸਮਾਜ ਦੇ ਵਿਆਹ ਸਿਸਟਮ ਨੂੰ ਦੇਖੀਏ ਤਾਂ ਅੰਕੜਿਆਂ ਅਨੁਸਾਰ ਹਰ ਸਾਲ 20 ਲੱਖ ਦੇ ਕਰੀਬ ਵਿਆਹ ਹੁੰਦੇ ਹਨ, ਜਿਨ੍ਹਾਂ ਵਿਚੋਂ 30% ਤੋਂ ਵੱਧ ਲੋਕ ਪਹਿਲੇ 5 ਸਾਲਾਂ ਵਿੱਚ ਹੀ ਤਲਾਕ ਲੈ ਲੈਂਦੇ ਹਨ। ਔਸਤਨ ਪਹਿਲੇ ਵਿਆਹ ਦੀ ਉਮਰ 6 ਤੋਂ 8 ਸਾਲ ਹੈ। ਸਿਰਫ 7% ਵਿਆਹ ਹੀ 10-15 ਸਾਲ ਨਿਭਦੇ ਹਨ। ਅਮਰੀਕਾ ਵਿੱਚ ਔਸਤਨ 41% ਵਿਆਹ ਤਲਾਕ ਤੇ ਖਤਮ ਹੁੰਦੇ ਹਨ। ਇਸ ਤੋਂ ਇਲਾਵਾ ਅਗਰ ਅਮਰੀਕਨ ਸਮਾਜ ਦੀ ਘਰੇਲੂ ਹਾਲਤ ਦੇਖੀਏ ਤਾਂ ਅੰਕੜੇ ਬੜੇ ਚੌਂਕਾ ਦੇਣ ਵਾਲੇ ਹਨ। ਘਰੇਲੂ ਹਿੰਸਾ ਅਮਰੀਕਨ ਸਮਾਜ ਵਿੱਚ ਇੱਕ ਵੱਡੀ ਸਮੱਸਿਆ ਬਣ ਚੁੱਕੀ ਹੈ। ਅਮਰੀਕਾ ਹਰ 9 ਸੈਕਿੰਡ ਵਿੱਚ ਕਿਸੇ ਨਾ ਕਿਸੇ ਔਰਤ ਨੂੰ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਮਰੀਕਾ ਵਿੱਚ ਔਸਤਨ ਰੋਜ਼ਾਨਾ ਘੱਟੋ-ਘੱਟ 3 ਔਰਤਾਂ ਘਰੇਲੂ ਹਿੰਸਾ ਨਾਲ ਆਪਣੇ ਪਤੀ, ਐਕਸ ਪਤੀ, ਬੁਆਏ ਫਰੈਂਡ, ਐਕਸ ਬੁਆਏ ਫਰੈਂਡ ਜਾਂ ਕਿਸੇ ਹੋਰ ਪਰਿਵਾਰਕ ਮਰਦ ਮੈਂਬਰ ਹੱਥੋਂ ਕਤਲ ਹੁੰਦੀਆਂ ਹਨ। ਹਰ 5 ਵਿਚੋਂ 1 ਅਮਰੀਕਨ ਟੀਨਏਜ਼ ਕੁੜੀ ਨੂੰ ਆਪਣੇ ਬੁਆਏ ਫਰੈਂਡ ਹੱਥੋਂ ਸੈਕਸ ਜਾਂ ਹੋਰ ਕਾਰਨਾਂ ਕਰਕੇ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਘਰੇਲੂ ਹਿੰਸਾ ਕਰਕੇ ਕੰਮ ਤੇ ਨਾ ਜਾ ਸਕਣ ਕਾਰਨ ਔਰਤਾਂ ਰੋਜ਼ਾਨਾ 8 ਮਿਲੀਅਨ ਡਾਲਰ ਗੁਆਉਂਦੀਆਂ ਹਨ, ਜੋ ਕਿ ਸਲਾਨਾ 32000 ਫੁੱਲ ਟਾਈਮ ਨੌਕਰੀਆਂ ਜਿਤਨੀ ਤਨਖਾਹ ਬਣਦੀ ਹੈ। ਅਮਰੀਕਾ ਵਿੱਚ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਦੇ ਇਲਾਜ ਅਤੇ ਹੋਰ ਸਹੂਲਤਾਂ ਲਈ ਹਰ ਸਾਲ 6 ਬਿਲੀਅਨ ਡਾਲਰ ਖਰਚ ਹੁੰਦੇ ਹਨ। ਇੱਕ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਵਿਅਕਤੀ ਆਪਣੀਆਂ ਪਤਨੀਆਂ ਜਾਂ ਪਾਰਟਨਰ ਤੇ ਵੱਧ ਹਿੰਸਾ ਕਰਦੇ ਹਨ, ਜਿਨ੍ਹਾਂ ਨੇ ਆਪਣੇ ਮਾਪਿਆਂ ਦੀ ਹਿੰਸਾ ਬਚਪਨ ਵਿੱਚ ਦੇਖੀ ਹੁੰਦੀ ਹੈ। ਇਸੇ ਸਰਵੇਖਣ ਅਨੁਸਾਰ ਹਰ ਸਾਲ 10 ਮਿਲੀਅਨ ਤੋਂ ਜ਼ਿਆਦਾ 10 ਸਾਲ ਤੋਂ ਘੱਟ ਉਮਰ ਦੇ ਬੱਚੇ ਆਪਣੇ ਮਾਪਿਆਂ ਦੀ ਹਿੰਸਾ ਦੇਖਦੇ ਹਨ। ਇਸੇ ਕਰਕੇ ਫਿਰ ਉਹ ਵੱਡੇ ਹੋ ਕੇ ਉਸੇ ਤਰ੍ਹਾਂ ਦੀ ਹਿੰਸਾ ਕਰਦੇ ਹਨ। ਡਿਸੇਬਿਲਟੀ ਤੇ ਜਾਂਦੀਆਂ ਔਰਤਾਂ ਵਿਚੋਂ 40% ਤੋਂ ਵੱਧ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਅਮਰੀਕਾ ਵਿੱਚ ਤਕਰੀਬਨ 20% ਔਰਤਾਂ ਤੇ 2% ਮਰਦਾਂ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜ੍ਹਾਅ ਤੇ ਬਲਾਤਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ। 'ਸੈਂਟਰ ਫਾਰ ਡਜੀਜ਼ ਕੰਟਰੋਲ ਅਤੇ ਪਰੀਵੈਨਸ਼ਨ' ਨਾਮਕ ਸੰਸਥਾ ਦੀ ਰਿਪੋਰਟ ਅਨੁਸਾਰ ਹਰ ਇੱਕ ਮਿੰਟ ਵਿੱਚ 22 ਵਿਅਕਤੀ (ਮਰਦ ਜਾਂ ਔਰਤਾਂ) ਆਪਣੇ ਪਾਰਟਨਰ ਦੀ ਹਿੰਸਾ ਦਾ ਹੁੰਦੇ ਹਨ। 'ਨੈਸ਼ਨਲ ਡੋਮੈਸਟਿਕ ਵਾਇਲੇਸ਼ਨ ਹਾਟਲਾਈਨ' ਅਨੁਸਾਰ ਉਹ ਹਰੇਕ ਮਹੀਨੇ 23000 ਤੋਂ ਵੱਧ ਘਰੇਲੂ ਹਿੰਸਾ ਨਾਲ ਸਬੰਧਿਤ ਕਾਲਾਂ ਲੈਂਦੇ ਹਨ। ਇਸੇ ਤਰ੍ਹਾਂ ਹਰ ਸਾਲ 10 ਮਿਲੀਅਨ ਤੋਂ ਵੱਧ ਲੋਕ ਅਜਿਹੀ ਹਿੰਸਾ ਦਾ ਸ਼ਿਕਾਰ ਹੁੰਦੇ ਹਨ। ਅਗਰ ਬਲਾਤਕਾਰਾਂ ਦੀ ਗੱਲ ਕਰੀਏ ਤਾਂ 'ਡਿਪਾਰਟਮੈਂਟ ਆਫ ਜਸਟਿਸ' ਅਨੁਸਾਰ ਹਰ ਸਾਲ 3 ਲੱਖ ਬਲਾਤਕਾਰ ਦੇ ਕੇਸ ਰਜਿਸਟਰ ਹੁੰਦੇ ਹਨ, ਪਰ ਇੱਕ ਅੰਦਾਜੇ ਮੁਤਾਬਿਕ 13 ਲੱਖ ਤੋਂ ਵੱਧ ਰੇਪ ਹੁੰਦੇ ਹਨ ਅਤੇ 54% ਦੇ ਕਰੀਬ ਕੇਸ ਰਜਿਸਟਰ ਨਹੀਂ ਕਰਾਏ ਜਾਂਦੇ।



ਆਲਮੀ ਤਪਸ਼

# ਗਲੋਬਲ ਵਾਰਮਿੰਗ ਮੀਨਜ਼ ਨੋ-ਲਾਈਫ



-ਵਿਜੈ ਬੰਬੇਲੀ

ਸਾਡੇ ਗ੍ਰਹਿ ਤੋਂ ਬਿਨਾਂ ਸੋਰ-ਮੰਡਲ ਦੇ ਜ਼ਿਆਦਾਤਰ ਗ੍ਰਹਿ ਜਾਂ ਤਾਂ ਯਖ ਠੰਡੇ ਹਨ ਜਾਂ ਬਹੁਤ ਜ਼ਿਆਦਾ ਤੱਤੇ। ਸਿੱਟੇ ਵਜੋਂ, ਧਰਤੀ ਤੋਂ ਇਲਾਵਾ ਹੋਰ ਕਿਸੇ ਗ੍ਰਹਿ ’ਤੇ ਜ਼ਿੰਦਗੀ ਨਹੀਂ ਵਿਗਸਦੀ, ਧੜਕਦੀ। ਬ੍ਰਿਛ ਨਹੀਂ ਮੌਲਦੇ। ਵਜਾਹ, ਉਹ ਸਾਵਾਂ ਤਾਪਮਾਨ ਹੈ, ਜਿਹੜਾ ਸੰਤੁਲਨ ਜੀਵਨ ਉਤਪਤੀ ਲਈ ਜ਼ਰੂਰੀ ਹੈ। ਪਰ ਕੀ ਧਰਤੀ ਉੱਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ? ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹੈ ਕਿ ਬੀਤੇ ਵਰ੍ਹੇ ਅਜਿਹੇ ਵਰ੍ਹਿਆਂ ਦੇ ਰੂਪ ਵਿੱਚ ਦਰਜ਼ ਹੋ ਗਏ ਹਨ ਜੋ ਸਭ ਤੋਂ ਜ਼ਿਆਦਾ ਗਰਮ ਕਹੇ ਜਾ ਰਹੇ ਹਨ। ਅੱਗੇ ਵੀ ਖ਼ੈਰ ਨਹੀਂ ਦਿੱਸਦੀ।

**ਦੁਨੀਆ ਨੂੰ ਖ਼ਤਰਾ**:- ਅੰਤਰ-ਰਾਸ਼ਟਰੀ ਵਿਗਿਆਨਕ ਭਾਈਚਾਰੇ ਅਨੁਸਾਰ, ਇਸ ਸਮੇਂ ਦੁਨੀਆਂ ਨੂੰ ਜੋ ਸਭ ਤੋਂ ਵੱਡਾ ਖ਼ਤਰਾ ਹੈ, ਉਹ ਹੈ ਆਲਮੀ-ਤਪਸ਼ ਅਰਥਾਤ ਗਲੋਬਲ-ਵਾਰਮਿੰਗ। ਇਸ ਦੀ ‘ਬਦੌਲਤ’ ਹੀ ਦੁਨੀਆਂ ਹੜ੍ਹ, ਸੋਕਾ, ਸਮੁੰਦਰੀ ਤੂਫਾਨ, ਭੁਖਮਰੀ ਅਤੇ ਨਵੀਆਂ-ਨਿਵੇਕਲੀਆਂ ਬਿਮਾਰੀਆਂ ਤੋਂ ਮੁਕਤੀ ਪਾਉਣ ਵਿੱਚ ਨਾ ਸਿਰਫ ਮੁਸ਼ਕਲ ’ਚ ਹੈ ਸਗੋਂ ਇਸ ਨਾਲ ਜੁੜੀਆਂ ਅਲਾਮਤਾਂ ਵਿੱਚ ਹੋਰ ਵਾਧਾ ਹੋ ਰਿਹਾ ਹੈ। ‘ਸੰਸਾਰ ਮੌਸਮ ਜਥੇਬੰਦੀ’ (ਵਰਲਡ ਮੈਰਟੋਲਾਜੀਕਲ ਆਰਗੇਨਾਈਜੇਸ਼ਨ), ਸੰਯੁਕਤ ਰਾਸ਼ਟਰ ਸੰਘ ਦੀ ਇਕ ਇਕਾਈ, ਨੇ ਕਰੀਬ ਦਸ ਸਦੀਆਂ ਦੇ ਅੰਕੜਿਆਂ ਦੇ ਤੁਲਨਾਤਮਿਕ ਅਧਿਐਨ ਉਪਰੰਤ ਚੇਤਾਵਨੀ ਦਿਤੀ ਹੈ ਕਿ ਗਰਮ ਹੋ ਰਹੀ ਧਰਤੀ ਇਕ ਖ਼ਤਰਨਾਕ ਨਤੀਜੇ ਵੱਲ ਵੱਧ ਰਹੀ ਹੈ। ਤਾਪਮਾਨ ਵਿੱਚ ਵਾਧੇ ਦੇ ਇਸ ਸਿਲਸਿਲੇ ਨੇ ਬੀਤੇ ਤਿੰਨ-ਚਾਰ ਦਹਾਕਿਆਂ ਤੋਂ ਜ਼ਿਆਦਾ ਜ਼ੋਰ ਪਕੜਿਆਂ ਹੈ, ਜਦੋਂ ਪੂਰੀ ਦੁਨੀਆਂ ਵਿੱਚ ਉਦਯੋਗਿਕ ਗਤੀਵਿਧੀਆਂ ਅਤੇ ਖਣਿਜ ਤੇਲਾਂ ਦੀ ਵਰਤੋਂ ਵਿੱਚ ਜ਼ੋਰਦਾਰ ਵਾਧਾ ਹੋਇਆ ਹੈ।

**ਗਰਮ ਮਿਜ਼ਾਜ ਦੇ ਕਾਰਨ**:- ਮੌਸਮ ਵਿਗਿਆਨੀਆਂ ਨੇ ਜੋ ਕਾਰਨ ਲੱਭੇ ਹਨ, ਉਨ੍ਹਾਂ ਵਿੱਚ ਸਭ ਤੋਂ ਵੱਡਾ ਕਾਰਨ ਵਾਤਾਵਰਣ ਵਿੱਚ ਕਾਰਬਨ ਡਾਇਆਕਸਾਈਡ ਅਤੇ ਦੂਸਰੀਆਂ ਗ੍ਰੀਨ ਹਾਊਸ (ਗੈਸਾਂ ਮੀਥੈਨ, ਨਾਈਟਰੇਸ ਆਕਸਾਈਡ ਆਦਿ) ਦੀ ਦਿਨੋ-ਦਿਨ ਵੱਧਦੀ ਮਾਤਰਾ ਦਾ ਹੈ। ਘਣੀ ਖੇਤੀ ਨੇ ਵੀ ਇਸ ਵਿੱਚ ਤਿੱਖਾ ਵਾਧਾ ਕੀਤਾ ਹੈ। ਝੋਨੇ ਪਾਣੀ ਵਾਲੇ ਬਨਾਵਟੀ ਵਿਕਸਿਤ ਕੀਤੇ ਖੇਤਰਾ ਵਿੱਚ ਖਾਦਾਂ ਦਵਾਈਆਂ ਦੀ ਵਰਤੋਂ ਨੇ ਰਿਵਾਇਤੀ ਅਤੇ ਕੁਦਰਤਰਨ ਖਾਦਾਂ ਨੂੰ ਮਿਥੇਨ ਗੈਸ ਵਿੱਚ ਬਦਲ ਦਿੱਤਾ। ਇਸ ਨਾਲ ਭੂਮੀ ਦੀ ਨਮੀਂ ਤਾਂ ਘਟੀ ਹੀ ਸਗੋਂ ਇਹ ਫਸਲਾਂ ਦੇ ਗੈਰ ਮਿਆਰੀ ਅਤੇ ਘੱਟ ਝਾੜ ਦਾ ਕਾਰਨ ਵੀ ਬਣੇ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਵਿਸ਼ਵ ਵਿੱਚ ਕਾਰਬਨ ਡਾਇਆਕਸਾਈਡ ਦਾ ਉਤਪਾਦਨ ਵਧਿਆ ਹੈ। ਉਦਯੋਗ ਕੋਲਾ, ਪੈਟਰੋਕੈਮੀਕਲ ਅਤੇ ਕੁਦਰਤੀ ਗੈਸਾਂ ਜਿਹੇ ਹਾਈਡਰੋਕਾਰਬਨ ਬਾਲਣ ’ਤੇ ਨਿਰਭਰ ਹੋ ਕੇ ਰਹਿ ਗਏ ਹਨ। ਪਿਛਲੀ ਡੇਢ ਸਦੀ ਵਿੱਚ ਤਾਪਮਾਨ 1.08 ਡਿਗਰੀ ਫਾਰਨਹੀਟ ਤੋਂ 1.26 ਡਿਗਰੀ ਫਾਰਨਹੀਟ ਵਧਿਆ ਹੈ ਜੋ ਇਸ ਗੱਲ ਦਾ ਸੂਚਕ ਹੈ ਕਿ ਕਿਵੇਂ ਧਰਤੀ ਦੇ ਹਰੇ-ਭਰੇ ਪਿੰਡੇ ਨੂੰ ਜ਼ਹਿਰੀਲੇ ਧੂੰਏ ਵਿੱਚ ਲਿਪਟੇ ਗਰਮ ਗ੍ਰਹਿ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਜਿਹੜਾ ਉਸ ਓਜ਼ੋਨ ਪਰਤ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ ਜੋ ਮਾਰੂ ਸੂਰਜੀ ਪਰਾਬੈਂਗਨੀ ਕਿਰਨਾ ਨੂੰ ਸਾਡੇ ਤਾਂਈ ਪਹੁੰਚਣ ਤੋਂ ਰੋਕਦੀ ਹੈ। ਓਜ਼ੋਨ ਪਰਤ ਵਿੱਚ ਛੇਕ ਦਾ ਆਕਾਰ 27 ਲੱਖ ਵਰਗ ਕਿਲੋਮੀਟਰ ਦਾ ਹੋ ਗਿਆ ਹੈ। ਇਹ ਸੰਨ 2001 ਵਾਲਾ ਮਾਪ ਹੈ ਜਦੋਂ ਇਸ ਨੂੰ ਹੁਣ ਤੱਕ ਦਾ ਸੱਭ ਤੋਂ ਵੱਡਾ ਛੇਕ ਦੱਸਿਆ ਗਿਆ ਸੀ। ਵਿਗਿਆਨਕ ਮੱਤ; ਓਜ਼ੋਨ ਪਰਤ ਵਿੱਚ ਆਪਣੇ-ਆਪ ਨੂੰ ਮੁਰੰਮਤ ਕਰਨ ਦੀ ਵਿਵਸਥਾ ਹੈ ਬਸ਼ਰਤੇ ਕਿ ਉਸਨੂੰ ਨੁਕਸਾਨ ਪਹੁੰਚਾਣ ਵਾਲੀਆਂ ਗੈਸਾਂ ਦਾ ਉੱਥੇ ਪਹੁੰਚਣਾ ਬੰਦ ਹੋਵੇ।

**ਹੋਰ ਕਾਰਨ ਅਤੇ ਮੌਸਮੀ ਤਬਦੀਲੀ**:- ਕੋਈ ਇੱਕ ਵਜਾਹ ਇਸ ਤਬਦੀਲੀ ਦਾ ਕਾਰਨ ਨਹੀਂ ਹੈ। ਏਅਰ ਕੰਡੀਸ਼ਨਰਾਂ, ਰੈਫਜੀਰੇਟਰਾਂ ਅਤੇ ਫੋਮ ਉਦਯੋਗਾਂ ਤੋਂ ਨਿਕਲਣ ਵਾਲੀਆਂ ਕਲੋਰੋ-ਫਲੋਰੋ ਕਾਰਬਨ ਗੈਸਾਂ, ਬਨਾਵਟੀ ਖਾਦਾਂ, ਕੀੜੇਮਾਰ-ਨਦੀਨਨਾਸ਼ਕ ਦਵਾਈਆਂ, ਵਾਹਨਾਂ ਦਾ ਧੂੰਆਂ, ਧੂੰਆਂ ਰਾਲੀ, ਜੰਗਲਾਂ ਦੀ ਅੱਗ, ਸ਼ੋਰਪ੍ਰਦੂਸ਼ਨ, ਉਦਯੋਗਿਕ ਤੇ ਰਸਾਇਣਕ ਗਤੀ ਵਿਧੀਆਂ, ਪ੍ਰਮਾਣੂ ਤੇ ਪੁਲਾੜ ਖੋਜਾ, ਪੈਟਰੋ-ਕੈਮੀਕਲ ਦੀ ਅੰਧਾਧੁੰਦ ਵਰਤੋਂ ਅਤੇ ਮਾਰੂ ਹਥਿਆਰਾਂ ਦਾ ਚਲਨ ਆਦਿ, ਕਿਸੇ ਨਾ ਕਿਸੇ ਰੂਪ ਵਿੱਚ ਵਾਤਾਵਰਣ ਅੰਦਰ ਘੁਸਪੈਠ ਹੋ ਰਹੀ ਹੈ। ਪੈਰਾਬੈਂਗਨੀ ਕਿਰਨਾਂ ਤੋਂ ਧਰਤੀ ਨੂੰ ਬਚਾਉਣ ਵਾਲੀ ਓਜ਼ੋਨ ਪਰਤ ਵਿਚਲੇ ਛੇਕ ਸਮੇਤ, ਧਰਤੀ ਦੇ ਰੇਗਿਸਤਾਨੀਕਰਨ ਲਈ ਵੀ ਇਹੋ ਕਾਰਕ ਜ਼ਿੰਮੇਵਾਰ ਹਨ। ਸਿੱਟੇ ਵਜੋਂ, ਸਮੁੰਦਰੀ ਉਠਾਅ, ਮਲੇਰੀਆ, ਪੀਲੀਆ, ਡੈਂਗੂ ਆਦਿ ਜਿਹੀਆਂ ਅਨੇਕਾਂ ਖ਼ਤਰਨਾਕ ਬਿਮਾਰੀਆਂ ਸਮੇਤ ਚਮੜੀ ਰੋਗ ਅਤੇ ਕੈਂਸਰ ਦੀ ਮਹਾਂਮਾਰੀ ਆਦਿ ਵੀ ਵਧਦੇ ਤਾਪਮਾਨ ਕਾਰਨ ਹੀ ਪੈਰ ਪਸਾਰ ਰਹੇ ਹਨ। ਧਰਤੀ ਦੀ ਹਰੀ ਪੱਟੀ, ਗਰਮੀ ਸੋਖਣ ਵਾਲੇ ਬਰਫੀਲੇ ਖੰਡ ਅਤੇ ਜਲ ਸੋਮੇ ਘਟਦੇ ਜਾ ਰਹੇ ਹਨ ਜਿਸ ਨਾਲ ਮੌਸਮ ਅਤੇ ਰੁੱਤ ਬਦਲਾਅ ਨੇ ਸਿਫਤੀ ਤਬਦੀਲੀ ਦੀ ਰਾਹ ਫੜ ਲਈ ਹੈ।

**ਬਰਫੀਲੇ ਸੋਮੇ ਪਿਘਲ ਜਾਣਗੇ**:- ਜੇ ਆਲਮੀ-ਤਪਸ਼ ਦੀ ਦਰ ਇਹੋ ਰਹੀ ਤਾਂ ਵੀ 2050 ਤੱਕ ਤਾਪਮਾਨ ਵਿੱਚ 4 ਤੋਂ 6 ਸੈਲਸ਼ੀਅਸ ਡਿਗਰੀ ਦਾ ਸ਼ਰਤੀਆਂ ਵਾਧਾ ਹੋਣਾ ਨਿਸ਼ਚਿਤ ਹੈ। ਸੰਨ 2001 ਵਿਚ ਐਟਾਂਰਟਿਕਾ ਵਿੱਚ 1200 ਵਰਗ ਮੀਲ ਦਾ ਬਰਫੀਲਾ ਟਾਪੂ ਦੇਖਦੇ-ਦੇਖਦੇ ਪੰਘਰ ਗਿਆ ਸੀ। ਕਰਨ; ਅੰਟਾਂਰਟਿਕਾ ਦੇ ਜਿਸ ਪੂਰਬੀ ਤੱਟੀ ਇਲਾਕੇ ਨਾਲ ਲੱਗਦਾ ਇਹ ਵਿਸ਼ਾਲ ਬਰਫ ਖੰਡ ਗਾਇਬ ਹੋਇਆ ਉੱਥੇ ਤਾਪਮਾਨ ਵਿੱਚ ਸਿਫਤੀ ਵਾਧਾ ਨੋਟ ਕੀਤਾ ਗਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਐਟਾਂਰਟਿਕਾ ਤੋਂ ਇਲਾਵਾ ਕਿਲੀ-ਮੰਜ਼ਾਰੋਂ ਪਰਬਤ ਦੀਆਂ ਬਰਫੀਲੀਆਂ ਸਿਖਰਾਂ ਨੂੰ ਵੀ ਇਹ ਤਪਸ਼ ਹੋਰ ਛੇ-ਸੱਤ ਦਹਾਕਿਆਂ ਤਾਂਈ 75 ਫ਼ੀਸਦੀ ਪੰਘਰਾਂ ਦੇਣ। ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਅੱਠ ਮੀਟਰ ਪਿੱਛੇ ਖਿਸਕਾ ਦੇਣ ਅਤੇ 1972 ਦੇ ਬਾਅਦ ਵੇਨਜ਼ੂਏਲਾ ਸਥਿਤ ਛੇ ਹਿਮ



ਸਿਖਰਾਂ ਵਿੱਚੋ ਚਾਰ ਨੂੰ ਪੂਰੀ ਤਰ੍ਹਾਂ ਗਾਇਬ ਕਰ ਦੇਣ ਪਿੱਛੇ ਵੀ ਆਲਮੀ-ਤਪਸ਼ ਦਾ ਹੀ ਹੱਥ ਸੀ। ਫਿਰ ਕੀ ਹੋਵੇਗਾਂ, ਜਦਕਿ ਮਹਿਜ ਦੋ ਤੋਂ ਤਿੰਨ ਡਿਗਰੀ ਦਾ ਵਾਧਾ ਵੀ ਪਹਿਲਾਂ ਭਾਰੀ ਹੜ੍ਹਾਂ ਫਿਰ ਸੋਕਾ, ਸਮੁੰਦਰੀ ਉਠਾਅ ਉਪਰੰਤ ਕਈ ਤਟਵਰਤੀ ਨੀਵੇਂ ਦੇਸ਼ਾਂ ਨੂੰ ਨਿਗਲ ਜਾਣ ਦਾ ਕਾਰਨ ਬਣ ਸਕਦਾ ਹੈ।

**ਜਲ-ਸੰਕਟ**:- ਇਹ ਗਲੇਸ਼ੀਅਰ ਹੀ ਹਨ ਜਿਨ੍ਹਾਂ ਵਿੱਚੋ ਪਾਣੀ ਰਿਸ-ਰਿਸ ਕੇ ਵੱਡੀਆਂ-ਵੱਡੀਆਂ ਨਦੀਆਂ ਹੋਂਦ ਵਿੱਚ ਆਈਆਂ। ਗੰਗਾ, ਸਿੰਧੂ ਅਤੇ ਬ੍ਰਹਮਪੁਤਰ ਆਦਿ ਇਨ੍ਹਾਂ ਦੀ ਹੀ ਦੇਣ ਹੈ ਜਿਨ੍ਹਾਂ ਸਾਨੂੰ ਉਪਜਾਊ ਖਿੱਤੇ ਬਖਸ਼ੇ। ਨਦੀਆਂ ਦੁਆਲੇ ਹੀ ਮਨੁੱਖੀ ਸੱਭਿਆਤਾਵਾਂ ਦਾ ਉਗਮਨ ਹੋਇਆ। ਸਮੁੱਚੀ ਮਨੁੱਖਤਾਂ ਦੇ ਵਿਕਾਸ ਵਿੱਚ ਇਹਨਾਂ ਘਣੇ ਬਰਫ ਸੋਮਿਆਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਵਧਦੇ ਤਾਪਮਾਨ ਨਾਲ ਜਿਵੇਂ ਇਹ ਪਿਘਲਦੇ-ਸੁੰਗੜਦੇ ਜਾ ਰਹੇ ਹਨ ਜੇ ਤਾਪਮਾਨ ਦੇ ਵਾਧੇ ਦੀ ਰਫਤਾਰ ਇਹੋ ਰਹੀ ਤਾਂ 2035 ਤੱਕ ਇਨ੍ਹਾਂ ਦਾ ਵਜੂਦ ਖ਼ਤਮ ਹੋ ਜਾਣ ਦਾ ਅੰਦੇਸ਼ਾ ਹੈ। ‘ਇੰਟਰਨੈਸ਼ਨਲ ਕਮਿਸ਼ਨ ਫਾਰ ਸਨੋਅ ਐਂਡ ਆਈਸ’ ਅਨੁਸਾਰ ਜੇ ਧਰਤੀ ਦਾ ਤਾਪਮਾਨ ਇਵੇਂ ਹੀ ਵਧਦਾ ਰਿਹਾ ਤਾਂ ਇਹ ਭਾਣਾ ਜਲਦੀ ਵੀ ਵਾਪਰ ਸਕਦਾ ਹੈ। ‘ਵਰਕਿੰਗ ਗਰੁੱਪ ਆਫ ਹਿਮਾਲਿਆ ਗਲੇਸ਼ੀਆਲੋਜੀ’ ਮੁਤਾਬਿਕ ਮੌਜੂਦਾ 5 ਲੱਖ ਵਰਗ ਕਿਲੋਮੀਟਰ ਦਾ ਹਿਮ-ਖੇਤਰ ਸੁੰਗੜ ਕੇ ਬਹੁਤ ਛੇਤੀ ਇਕ ਲੱਖ ਵਰਗ ਕਿਲੋਮੀਟਰ ਦੇ ਲਾਗੇ-ਤਾਗੇ ਰਹਿ ਜਾਵੇਗਾ। ਗਲੇਸ਼ੀਅਰ ਜੋ ਨਿਰਮਲ ਜਲ-ਕੁੰਡਾਂ ਅਤੇ ਦਰਿਆਵਾਂ ਦੇ ਜਨਮ ਸੋਮੇ ਹਨ ਤੋਂ ਅਸੀਂ ਹੱਥ ਧੋ ਬੈਠਾਂਗੇ। ਫਿਰ ‘ਬਿਨ ਪਾਣੀ ਸਬ ਸੂਨ’ ਦੀ ਕਹਾਵਤ ਝੁਠਲਾਈ ਨਹੀਂ ਜਾ ਸਕੇਗੀ।

**ਪੌਦੇ-ਜੰਤੂਆਂ ’ਤੇ ਦੁਰਪ੍ਰਭਾਵ**:- ਹਾਲ ਹੀ ਵਿੱਚ ‘ਨੇਚਰ’ ਪੱਤਰਿਕਾ ਵਿੱਚ ਪ੍ਰਕਾਸ਼ਤ ਹੋਏ ਜੀਵ ਵਿਗਿਆਨ ਦੇ ਇਕ ਖੋਜ ਪੱਤਰ ਅਨੁਸਾਰ, ਦੁਨਿਆਂ ਦੇ ਛੇ ਮਹੱਤਵਪੂਰਨ ਖਿੱਤਿਆਂ ਵਿੱਚ, ਜੋ ਮੋਟੇ ਤੌਰ ਤੇ ਦੁਨੀਆਂ ਦਾ 20 ਫ਼ੀਸਦੀ ਖੇਤਰ ਦਰਸਾਉਂਦੇ ਹਨ, ਵਿੱਚ ਕਰਵਾਈ ਗਈ ਖੋਜ ਨੇ ਸਾਬਤ ਕੀਤਾ ਹੈ ਕਿ ਗਰੀਨ ਹਾਊਸ ਗੈਸਾਂ ਖਾਸ ਤੌਰ ਤੇ ਕਾਰਬਨ ਡਾਇਆਕਸਾਈਡ ਦੇ ਬਹੁਤ ਜਿਆਦਾ ਉਤਪਾਦਨ ਉਪਰੰਤ ਗਲੋਬਲ ਵਾਰਮਿੰਗ ਕਾਰਨ ਹਜ਼ਾਰਾ ਪ੍ਰਜਾਤੀਆਂ ਦੇ ਜੀਵਨ ’ਤੇ ਸੰਕਟ ਦੇ ਬੱਦਲ ਮੰਡਰਾਂ ਸਕਦੇ ਹਨ। ਖੋਜ ਵਿੱਚ ਪੌਦਿਆਂ, ਥਣਧਾਰੀ ਜੀਵਾਂ, ਚਿੜੀਆਂ; ਰੀਂਘਣ ਵਾਲੇ ਜਾਨਵਰਾਂ, ਡੱਡੂਆਂ, ਤਿਤਲੀਆਂ ਅਤੇ ਦੂਜੀਆਂ ਮਹੱਤਵਪੂਰਨ, ਜੀਵ ਪ੍ਰਜਾਤੀਆਂ ਨੂੰ ਵਿਸ਼ੇਸ ਰੂਪ ਵਿੱਚ ਸ਼ਾਮਿਲ ਕੀਤਾ ਗਿਆ ਹੈ; ਜਿਨ੍ਹਾਂ ਉੱਤੇ ਤੱਤੇ ਮੌਸਮ ਦਾ ਸਭ ਤੋਂ ਜ਼ਿਆਦਾ ਅਸਰ ਪੈਣ ਦੀ ਸੰਭਾਵਨਾ ਹੈ। ਇਕ ਖੋਜ ਅਨੁਸਾਰ 2.2 ਤੋਂ 4੯ ਫਾਰਨਹੀਟ ਨਾਲ ਹੀ 20 ਤੋਂ 30% ਜੀਵ ਵਿਭਿੰਨਤਾ ਉੱਤੇ ਮਾਰੂ ਅਸਰ ਪੈਂਦਾ ਹੈ। ਆਲਮੀ ਤਪਸ਼ ਦਾ ਭਿਆਨਕ ਅਸਰ ਜੀਵ-ਜੰਤੂ ਪ੍ਰਜਾਤੀਆਂ ’ਤੇ ਪੈਣਾ ਤਾਂ ਸੁਭਾਵਿਕ ਹੈ, ਸਾਬਤ ਇਹ ਵੀ ਹੋ ਚੁੱਕਾ ਹੈ ਕਿ ਜੇ ਹਾਲਤ ਇਹੋ ਰਹੀ ਤਾਂ 2050 ਤੱਕ ਸਾਡੀ ਧਰਤੀ ਉਤੇ ਮੌਜੂਦ ਪੇੜ-ਪੌਦਿਆਂ ਦਾ ਵੀ 50 ਫ਼ੀਸਦੀ ਤੱਕ ਸਫਾਇਆਂ ਹੋ ਜਾਵੇਗਾ। ਖੋਜ ਵਿੱਚ ਦੁਨੀਆਂ ਭਰ ਵਿੱਚ ਸਥਾਪਿਤ ਪ੍ਰਯੋਗਸ਼ਾਲਾਵਾਂ ਦੇ ਜ਼ਰੀਏ ਕੁੱਲ ਮਿਲਾ ਕੇ 1103 ਜਾਤੀਆਂ ’ਤੇ ਨਜ਼ਰ ਰੱਖੀ ਗਈ। ਸਮੁੱਚੇ ਅਧਿਐਨ ਦਾ ਨਤੀਜਾ, ਇਨ੍ਹਾਂ ਵਿੱਚੋ 15 ਤੋਂ 37 ਫੀਸਦੀ ਜਾਤੀਆਂ 2050 ਤੱਕ ਵਾਤਾਵਰਣੀ ਤਬਦੀਲੀ ਕਾਰਨ ਪੂਰੀ ਤਰ੍ਹਾਂ ਖ਼ਤਮ ਹੋ ਜਾਣਗੀਆਂ। ਜਿੱਥੋਂ ਤੱਕ ਦਰੱਖਤਾਂ ਅਤੇ ਪੌਦਿਆਂ ਅਤੇ ਜੀਵ-ਜੰਤੂਆਂ ਦੀ ਗੱਲ ਹੈ ਤਾਂ ਇਸ ਵਕਤ ਧਰਤੀ ਤੇ ਕਰੀਬ 22 ਲੱਖ ਨਸਲਾਂ ਵਿੱਚੋ ਪਹਿਲਾਂ ਖ਼ਤਮ ਹੋ ਚੁੱਕੀਆਂ ਤੋਂ ਬਿਨਾਂ 12 ਹਜ਼ਾਰ ਪ੍ਰਜਾਤੀਆਂ ਤਾਂ ਹੁਣ ਹੀ ਛੂਪਣ-ਛੋਤ ਹੋ ਜਾਣ ਦੇ ਕਿਨਾਰੇ ਹਨ। ਭੀਸ਼ਣ ਤਪਸ਼ ਕਾਰਨ ਰੁੱਤਾਂ ਬਦਲਾਅ ਅਤੇ ਧਰਤੀ ਦੀ ਥਰਥਰਾਹਟ (ਅੰਦਰੂਨੀ ਉਥਲ-ਪੱਥਲ) ਕਾਰਨ ਵੀ ਇਨ੍ਹਾਂ ਨੂੰ ਖ਼ਤਰੇ ਖੜ੍ਹੇ ਹੋਏ ਹਨ।

**ਥਰਥਰਾਹਟ**:- ਰੁੱਤ ਬਦਲਾਅ, ਮੀਂਹ ਅਨਿਯਮਤਾਂ ਅਤੇ ਸੁੱਕਦੇ ਜਾ ਰਹੇ ਜਲ ਸਰੋਤਾਂ ਕਾਰਨ ਪੈਦਾ ਹੋ ਰਿਹਾ ਜਲ-ਸੰਕਟ ਧਰਤੀ ਦੇ ਗਰਮ ਮਿਜ਼ਾਜ਼ ਦਾ ਵੀ ਸਿੱਟਾ ਹੈ। ਵੱਧਦੀ ਆਬਾਦੀ ਦੀਆਂ ਜ਼ਰੂਰਤਾਂ ਪੈਦਾ ਕਰਨ ਉੱਤੇ ਭਾਰੂ ਮੁਨਾਫੇ ਦੀ ਲਾਲਸਾਈ ਪ੍ਰਵਿਰਤੀ ਦੀ ਪੈਖੜ ’ਚ ਬੰਝੇ ਬੰਦੇ ਵਲੋਂ ਕੁਦਰਤੀ ਸਰੋਤਾਂ ਉੱਤੇ ਕੀਤੇ ਤਾਬੜ ਤੋੜ ਹੱਲੇ ਨੇ ਪਾਣੀ ਦੀ ਸਤਾਹ ਨੂੰ ਲਗਾਤਾਰ ਹੇਠਾਂ ਪਹੁੰਚਾਉਣ ਤੋਂ ਇਲਾਵਾ ਧਰਤੀ ਨੂੰ ਅੰਦਰ ਹੀ ਅੰਦਰ ਹੋਰ ਕਿੰਨਾ ਕੁ ਖੋਖਲਾ ਕਰ ਦਿੱਤਾ ਹੈ, ਨੂੰ ਤੇਲ ਕੋਲੋ ਅਤੇ ਹੋਰ ਖਣਿਜ ਪਦਾਰਥਾ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋਇਆ ਬੰਦਾ ਆਉਣ ਵਾਲੇ ਕੁਝ ਸਾਲਾਂ ਵਿੱਚ ਇਹ ਵੀ ਸਾਬਤ ਕਰ ਦੇਵੇਗਾ। ਧਰਤੀ ਦਾ ਖੋਖਲਾਪਨ ਜ਼ਮੀਨ ਧੱਸਣ ਦੁਰਘਟਨਾਵਾਂ ਨੂੰ ਜਨਮ ਦੇਵੇਗਾ। ਸਿੱਟਾ; ਧਰਤੀ ਦੇ ਸਤੁੰਲਨ ’ਚ ਥਰਥਰਾਹਟ, ਭੂਚਾਲਾਂ ਦਾ ਖਤਰਾਂ ਅਤੇ ਰੁੱਤਾਂ ’ਚ ਤਿੱਖੀਆਂ ਤਬਦੀਲੀਆਂ। ਇਸੇ ਤਪਸ਼ ਕਾਰਨ ਸਾਈਬੇਰੀਆਂ ਦੇ 32 ਗਲੇਸ਼ੀਅਰ ਪਿਘਲਨ ਨਾਲ ਉੱਥੇ 2.4 ਤੋਂ 5.6 ਰੈਕਟਰ ਦੇ ਭੁਚਾਲ ਝਟਕੇ ਨੋਟ ਕੀਤੇ ਗਏ।

**ਰੁੱਤਾਂ ਜਾਂਦੀਆਂ ਲੱਗਣਗੀਆਂ** :- ਜੇ ਬਰਸਾਤ, ਜਿਸ ਬਾਰੇ ਪਤਾ ਨਹੀਂ ਹੁੰਦਾ ਕਿੰਨੀ ਪੈਣੀ ਹੈ ਜਾਂ ਫਿਰ ਨਹੀਂ ਪੈਣੀ, ਨੂੰ ਸ਼ਾਮਿਲ ਨਾ ਵੀ ਕੀਤਾ ਜਾਵੇ ਤਦ ਵੀ ਛੇ ਰੁੱਤਾਂ ਵਾਲਾ ਭਾਰਤੀ ਉਪਮਹਾਂਦੀਪ ਸਿਰਫ ਦੋ ਰੁੱਤਾਂ ਅਰਥਾਤ ਗਰਮੀ ਅਤੇ ਸਰਦੀ ਵਾਲਾ ਖਿੱਤਾ ਬਣਕੇ ਰਹਿ ਗਿਆ ਹੈ। ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਅਵਧੀ ਵੱਧ-ਘੱਟ ਰਹੀ ਹੈ ਸਗੋਂ ਇਸਦੇ ਤਾਪਮਾਨ ਬਾਰੇ ਵੀ ਅਨਿਸ਼ਚਿੰਤਾਂ ਬਣੀ ਰਹਿੰਦੀ ਹੈ। ਰੁੱਤਾਂ ਦੇ ਰਿਵਾਇਤੀ ਤਾਪਮਾਨ ਅਤੇ ਸਮੇਂ ਵਿੱਚ ਗੜਬੜ ਚੌਥ ਹੋ ਗਈ ਹੈ। ਅਸਲ ਵਿੱਚ ਇਸਦਾ ਜ਼ਿੰਮੇਵਾਰ ਕਾਰਕ ਧਰਤੀ ਦਾ ਲਗਾਤਾਰ ਵਧ ਰਿਹਾ ਤਾਪਮਾਨ ਹੈ। ਇਸ ਤੋਂ ਇਲਾਵਾ ਅਜਿਹਾ ਹੋਰ ਵੀ ਬਹੁਤ ਕੁਝ ਸਾਡੀ ਧਰਤੀ ’ਤੇ ਵਾਪਰ ਰਿਹਾ ਹੈ ਜਿਸ ਲਈ ਆਲਮੀ-ਤਪਸ਼ ਹੀ ਜ਼ਿੰਮੇਵਾਰ ਹੈ। ਫ਼ਿਕਰਮੰਦੀ ਤਾਂ ਇਹ ਹੈ ਕਿ 1900 ਵਿੱਚ ਜੋ 1.6 ਡਿਗਰੀ ਫਾਰਨਹੀਟ ਦਾ ਵਾਧਾ ਸੀ ਉਹ 1970 ਵਿੱਚ 39 ਦੇ ਲਾਗੇ ਅਤੇ ਉਸ ਦੇ 21 ਵੀਂ ਸਦੀ ਦੇ ਅੰਤ ਤੀਕ 89 ਤੋਂ ਵਧ ਜਾਣ ਦੀ ਸੰਭਾਵਨਾ ਹੈ ਜੋ ਸਾਰਾ ਕੁਝ ਉਥਲ-ਪੁਥਲ ਕਰ ਕੇ ਰੱਖ ਦੇਵੇਗੀ।

**ਸਭ-ਕੁਝ ਬਦਲਣਾ ਪੈ ਜਾਵੇਗਾ**:- ਫਿਰ ਛੇ ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ ’ਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ-ਸੁਵੰਨਤਾਂ ਤੋਂ ਦੋ ਜਾਂ ਤਿੰਨ ’ਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ ਦੀ ਵੰਨਗੀ ਥਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ ਦਾ ਲੁਤਫ। ਇੰਜ ਰੁੱਤਾਂ ਦੀ ਕਹਾਣੀ ਵੀ ਪਰੀ-ਕਥਾ ਵਾਂਗ ਦਾਦੀ ਦੀ ਬਾਤ ਬਣ ਜਾਵੇਗੀ। ਜਿਵੇਂ ਦੁਆਬੇ ਨੂੰ ਛੱਡ ਕੇ ਕੋਈ ਅੰਬੀਆਂ ਨੂੰ ਤਰਸਦਾ ਹੈ ਉਵੇਂ ਹੀ ਛੇ ਰੁੱਤਾਂ ਦੀਆਂ ਬਰਕਤਾਂ ਤੋਂ ਹੱਥ ਧੋ ਕੇ ਬੰਦਾ ਸਿਰਫ ਦੋ-ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ-ਹੰਢਾਉਣ ਅਤੇ ਪਹਿਨਣ-ਪਚਰਨ ਲਈ ਨਰੜਿਆਂ ਜਾਵੇਗਾ। ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋਂ ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ ਸਹਿਣ, ਜੀ-ਪ੍ਰਚਾਵਿਆਂ, ਰੈਣ-ਵਸੇਰਿਆ ਗੱਲ ਕੀ; ਸਮੁੱਚੀ ਜੀਵਨ ਸ਼ੈਲੀ ਵਿੱਚ ਵੀ ਤਿੱਖੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ। ਇਹ ਤਬਦੀਲੀਆਂ ਚਲੰਤ ਜੀਵਨ ਰੇਖਾ ਉੱਤੇ ਤਿੱਖਾ ਪ੍ਰਭਾਵ ਪਾਊਗੀਆਂ। ਇਸ ਨਾਲ ਤਿੱਖੀਆਂ ਰਾਜਨੀਤਿਕ ਤਬਦੀਲੀਆਂ ਸਮੇਤ ਆਮ ਬੰਦੇ ਦੀ ਜਿੰਦਗੀ ਵੀ ਉਥਲ-ਪੱਥਲ ਹੋਵੇਗੀ।

**ਮੁਕਦੀ ਗੱਲ**:- ਪਤਾ ਨਹੀਂ, ਮਨੁੱਖ ਦੀ ਵਾਰੀ ਕਦੋਂ ਆ ਜਾਵੇ? ਸਿਰਫ ਇਹੋ ਫਿਕਰਮੰਦੀ ਦਾ ਸਵਾਲ ਨਹੀਂ। ਮੁੱਦਾ ਤਾਂ ਇਹ ਵੀ ਹੈ, ਕਿ ਕੁਦਰਤੀ ਸੋਮਿਆਂ, ਜਲ, ਬਨਸਪਤੀ ਅਤੇ ਜੀਵ ਜੰਤੂਆਂ ਨੂੰ ਬਚਾਉਣ ਦਾ ਹੱਲ ਕੀਤਾ ਜਾਵੇ। ਮਨੁੱਖ ਵੀ ਤਦ ਹੀ ਬਚੇਗਾ ਜੇ ਗਲੋਬਲ-ਵਾਰਮਿੰਗ (ਆਲਮੀ-ਤਪਸ਼) ਨੂੰ ਸਦੀਵੀ ਅਲਵਿਦਾ ਆਖੀ ਜਾਵੇ। ਇਸ ਲਈ ਸਾਨੂੰ ਉਸ ਸੰਸਾਰਿਕ ਨਿਜ਼ਾਮ ਨੂੰ ਵੀ ਨਾਕਾਰਨਾ ਪਵੇਗਾ। ਜਿਹੜਾ ਭਾਈਚਾਰਕ ਬਰਾਬਰਤਾ ਅਤੇ ਕੁਦਰਤੀ ਸਹਿਹੋਂਦ ਦੀ ਬਜਾਏ ਪਦਾਰਥਿਕ ਸਹੂਲਤਾਂ ਅਤੇ ਮੁਨਾਫਿਆਂ ਮਗਰ ਹਾਫਲਿਆਂ ਫਿਰਦਾ ਹੈ। ਡੁੱਲੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆਂ। ਜੇ ਅਸੀਂ ਨਾ ਸੰਭਲੇ ਤਾਂ ਕੁਝ ਨਹੀਂ ਬਚੇਗਾ ਹੋਰ ਅੱਧੀ ਸਦੀ ਬਾਅਦ।

94634-39075

# ਕੈਨੇਡਾ ਦਾ ਜਨਮ-ਇਤਿਹਾਸ ਦੇ ਝਰੋਖੇ 'ਚੋਂ

(ਸਫ਼ਾ 1 ਦੀ ਬਾਕੀ)

ਮਜ਼ਬੂਰਨ ਬ੍ਰਿਟੇਨ ਨੇ "ਯੂ. ਐਸ. ਏ." ਅਮਰੀਕਾ ਨੂੰ ਆਪਣੇ ਦੇਸ਼ ਵੱਜੋਂ ਮਾਨਤਾ ਦੇ ਦਿੱਤੀ। ਇਸ ਨਾਲ ਬ੍ਰਿਟੇਨ ਨੂੰ ਆਪਣਾ ਬਹੁਤ ਸਾਰਾ ਇਲਾਕਾ "ਯੂ. ਐਸ. ਏ." ਅਮਰੀਕਾ ਲਈ ਛੱਡਣਾ ਪਿਆ ਅਤੇ ਅਮਰੀਕਾ ਦੇਸ਼ ਨਾਲ ਸਬੰਧ ਵਿਗੜ ਗਏ। ਬ੍ਰਿਟੇਨ ਕੋਲ ਬਾਕੀ ਬਚੇ ਇਲਾਕੇ ਨੂੰ "ਬ੍ਰਿਟਿਸ਼ ਨਾਰਥ ਅਮਰੀਕਾ" ਕਿਹਾ ਜਾਣ ਲੱਗਿਆ ਜੋ ਅਗਲੇ ਸੌ ਸਾਲਾਂ ਬਾਅਦ ਵਾਲਾ ਕੈਨੇਡਾ ਦੇਸ਼ ਬਨਣਾ ਸੀ।

1860 ਦੇ ਦੌਰ ਵਿੱਚ, ਮੌਜੂਦਾ ਕੈਨੇਡਾ ਵਾਲੇ ਖੇਤਰਫਲ ਵਿੱਚ "ਬ੍ਰਿਟਿਸ਼ ਨਾਰਥ ਅਮਰੀਕਾ" ਇਲਾਕੇ ਦੇ ਨਾਮ ਨਾਲ ਜਾਣੀਆਂ ਜਾਂਦੀਆਂ, ਬ੍ਰਿਟੇਨ ਦੀਆਂ ਬਹੁਤ ਸਾਰੀਆ ਬਸਤੀਆਂ ਸਨ ਜਿਵੇਂ ਬ੍ਰਿਟਿਸ਼ ਕੋਲੰਬੀਆ, ਨਿਊ-ਫਾਊਂਡਲੈਂਡ, ਨੋਵਾ-ਸਕੋਸ਼ੀਆ, ਨਿਊ ਬਰਸਵਿਕ, ਪ੍ਰਿਸ ਐਡਵਰਡ ਆਈਲੈਂਡ ਅਤੇ ਪਰੋਵਿੰਸ ਆਫ ਕੈਨੇਡਾ। ਇਨ੍ਹਾਂ ਬਸਤੀਆਂ ਦੀਆਂ ਸਿਆਸੀ, ਆਰਥਿਕ, ਰੱਖਿਆ ਸੈਕਟਰ ਦੀਆਂ ਕਾਫੀ ਮੁਸ਼ਕਲਾਂ ਸਨ ਜਿਨ੍ਹਾਂ ਦਾ ਸੰਭਾਵੀ ਹੱਲ ਇੱਕ ਏਕੀਕ੍ਰਿਤ ਦੇਸ਼ ਵਿੱਚ ਸੀ। ਮੌਜੂਦਾ ਓਨਟਾਰੀਓ ਅਤੇ ਕਿਊਬੈਕਖੇਤਰ ਵਾਲੇ 'ਪਰੋਵਿੰਸ ਆਫ ਕੈਨੇਡਾ' ਦੀ ਹਕੂਮਤ ਲਈ ਵੱਡੀ ਸਮੱਸਿਆ ਇਹ ਸੀ ਕਿ ਇਸ ਵਿੱਚ ਇੰਗਲਿਸ਼ ਅਤੇ ਫਰੈਂਚ ਬੋਲਣ ਵਾਲੀ ਵੱਸੋਂ ਅੱਧੋ-ਅੱਧ ਸੀ, ਜਿਨ੍ਹਾਂ ਵਿੱਚ ਵਿਚਾਰਾਂ ਦਾ ਵੱਡਾਵਖਰੇਵਾਂ ਕਰਕੇ ਰਾਜਸੀ ਨੀਤੀਆਂ ਨੂੰ ਚਲਾਉਣ ਵਿੱਚ ਇੱਕਮਤ ਦਾ ਵਿਵਾਦ ਰਹਿੰਦਾ ਸੀ। ਦੋਹਾਂ ਭਾਸ਼ਾਵਾਂ ਦੇ ਲੀਡਰਾਂ ਦਾ ਵਿਚਾਰ ਸੀ ਕਿ ਦੂਸਰੇ ਰਾਜਾਂ ਵਿੱਚ ਰਲੇਵੇਂ ਨਾਲ ਇਹ ਮੁਸ਼ਕਲ ਹੱਲ ਹੋ ਸਕਦੀ ਹੈ ਸੋ ਦੋਵੇਂ ਧਿਰਾਂ, ਸਾਰੇ ਰਾਜਾਂ ਦੇ ਰਲੇਵੇਂ ਲਈ ਇੱਕਮਤ ਹੋ ਗਈਆਂ। ਸਾਰੀਆਂ ਬਸਤੀਆਂ ਵੱਲੋਂ ਵੱਡੀ ਏਕੀਕਿਤ੍ਰ ਮੰਡੀ ਵਾਲੇ ਵਪਾਰਿਕ-ਆਰਥਿਕ ਹਿੱਤਾਂ ਨੇ ਵੀ, ਇੱਕ ਦੇਸ਼ ਦੀ ਭਾਵਨਾ 'ਕਨਫੈਡਰੇਸ਼ਨ' ਦੀ ਲਹਿਰ ਦਾ ਮੁੱਢ ਬੰਨਿਆ। ਇਸ 'ਕਨਫੈਡਰੇਸ਼ਨ' ਦੀ ਭਾਵਨਾ ਦਾ ਕਾਰਨ ਰੱਖਿਆ ਖੇਤਰ ਅਤੇ ਸ਼ਾਤੀ ਵਿੱਚ ਵੀ ਸੀ। ਕਿਉਂਕਿ ਅਮਰੀਕਾ ਲੜ੍ਹਕੇ ਆਜ਼ਾਦ ਹੋਇਆ ਸੀ ਇਸ ਲਈ ਅਜੇ ਤੱਕ ਵੀ ਬ੍ਰਿਟੇਨ ਹਕੂਮਤ ਦੇ ਕਬਜ਼ੇ ਵਾਲੇ 'ਬ੍ਰਿਟਿਸ਼ ਨਾਰਥ ਅਮਰੀਕਾ' ਖੇਤਰ ਨਾਲ ਸਬੰਧ ਸੁਖਾਂਵੇਂ ਅਤੇ ਟਿਕਵੇਂ ਨਹੀਂ ਸਨ। ਇਹ ਸਬੰਧ ਉਸ ਵੇਲੇ ਹੋਰ ਵਿਗੜ ਗਏ ਜਦੋਂ ਅਮਰੀਕਾ ਦੇਸ਼ ਦੇ ਲੋਕ ਗੁਲਾਮਦਾਰੀ ਪ੍ਰਥਾ ਅਤੇ ਨਸਲੀ ਵਿਤਕਰੇ ਵਿਰੁੱਧ ਘਰੇਲੂ ਜੰਗ ਲੜ੍ਹ ਰਹੇ ਸਨ। ਇਸ ਜੰਗ ਵਿੱਚ ਬ੍ਰਿਟੇਨ ਹਕੂਮਤ ਨੇ ਨਸਲ-ਪ੍ਰਸਤ ਗੁਲਾਮ-ਮਾਲਕਾਂ ਵਾਲੀ ਧਿਰ ਦਾ ਖੁਲ੍ਹਕੇ ਸਾਥ ਦਿੱਤਾ। ਇਸ ਘਰੇਲੂ ਜੰਗ ਵਿੱਚ ਅਮਰੀਕਾ ਦੀ ਅਗਾਂਹਵਧੂ ਜਮਹੂਰੀ ਧਿਰ ਦੀ ਜਿੱਤ ਹੋਈ ਅਤੇ ਨਸਲ-ਪ੍ਰਸਤ ਧਿਰ ਦੀ ਬੁਰੀ ਤਰ੍ਹਾ ਹਾਰ ਹੋਈ। ਜਿੱਤਣ ਬਾਅਦ ਨਵੀਂ ਅਮਰੀਕੀ ਸਰਕਾਰ ਇਸ ਦਖਲਅੰਦਾਜ਼ੀ ਕਰਕੇ ਬ੍ਰਿਟੇਨ ਤੇ ਸਖਤ ਨਰਾਜ਼ ਸੀ ਅਤੇ ਬਹੁਤੇ ਅਮਰੀਕਨਾਂ ਦੀ ਇਹ ਭਾਵਨਾ ਬਣ ਰਹੀ ਸੀ ਕਿ ਬ੍ਰਿਟਿਸ਼ ਬਸਤੀਆਂ ਵਾਲੇ ਹਿੱਸੇ ਤੇ ਵੀ ਕਬਜ਼ਾ ਕਰਕੇ ਬ੍ਰਿਟੇਨ ਨੂੰ ਇਸ ਮਹਾਂਦੀਪ ਤੋਂ ਉਖਾੜਿਆ ਜਾਵੇ । ਬ੍ਰਿਟੇਨ ਆਪਣੀ ਬਿਖਰੀਆਂ ਭਿੰਨ-ਭਿੰਨ ਬਸਤੀਆਂ ਦੀ ਰੱਖਿਆ ਲਈ ਇਨ੍ਹਾਂ ਵੱਡੇ ਜੰਗੀ ਜੋਖਮ ਲਈ ਤਿਆਰ ਨਹੀਂ ਸੀ। ਇਸ ਲਈ ਬ੍ਰਿਟਿਸ਼ ਹਕੂਮਤ ਨੇ ਅਮਰੀਕਾ ਦੇ ਸੰਭਾਵੀ ਹਮਲੇ ਨੂੰ ਭਾਂਪਦੇ ਹੋਏ, ਇਨ੍ਹਾਂ ਨੂੰ ਰਲੇਵੇਂ ਲਈ ਉਤਸਾਹਿਤ ਕਰਨ ਦਾ ਫੈਸਲਾ ਲਿਆ ਕਿਉਂਕਿ ਆਜ਼ਾਦ ਸਵੈ-ਸਾਸ਼ਤ ਰਾਜ ਵਾਲੇ ਮੁਲਕ ਉਪਰ ਅਮਰੀਕਾ ਦੇ ਬਦਲਾਲਊ ਸੰਭਾਵੀ ਹਮਲੇ ਦਾ ਖਤਰਾ ਘੱਟ ਜਾਣਾ ਸੀ। ਇਸ ਤਰ੍ਹਾਂ ਸੰਭਾਵੀ ਅਮਰੀਕੀ ਹਮਲੇ ਕਰਕੇ ਕੈਨੇਡੀਅਨ 'ਕਨਫੈਡਰੇਸ਼ਨ' ਦੀ ਲਹਿਰ ਨੂੰ ਮਜ਼ਬੂਤੀ ਮਿਲੀ ।

ਕਨਫੈਡਰੇਸ਼ਨ ਲਈ ਲਹਿਰ ਲਈ ਇੱਕ ਆਰਥਿਕ ਕਾਰਨ, ਰੇਲਵੇ ਰੋਡ ਨੈਟਵਰਕ ਵੀ ਸੀ ਕਿਉਂਕਿ ਬ੍ਰਿਟਿਸ਼ ਦੀਆ ਇਨ੍ਹਾਂ ਛੋਟੀਆਂ ਵੱਡੀਆਂ ਸਾਰੀਆਂ ਬਸਤੀਆਂ ਨੇ ਰੇਲਵੇ ਰੋਡ ਨੈਟਵਰਕ ਤੇ ਕਾਫੀ ਪੂੰਜੀ ਖਰਚ ਕੀਤੀ ਸੀ ਅਤੇ ਹੋਰ ਪੂੰਜੀ ਦੀ ਕਮੀ ਖਟਕਦੀ ਸੀ ਜਦਕਿ ਸਾਰੇ ਮਹਾਂਦੀਪ ਲਈ ਯਾਤਾਯਾਤ ਦੇ ਹੋਰ ਨੈਟਵਰਕ ਦੀ ਬਹੁਤ ਜ਼ਰੂਰਤ ਸੀ। ਉਨ੍ਹਾਂ ਨੂੰ ਆਸ ਸੀ ਕਿ ਇਕੱਠੇ ਹੋਣ ਨਾਲ ਉਨ੍ਹਾਂ ਨੂੰ ਸਾਂਝੀ ਹਕੂਮਤ ਤੋਂ ਆਰਥਿਕ ਮਦਦ ਮਿਲ ਜਾਵੇਗੀ ਅਤੇ ਏਕੀਕ੍ਰਿਤ ਰਾਜ ਨਾਲ ਪੂਰੇ ਮਹਾਂਦੀਪ ਵਿੱਚ ਸਾਂਝੇ ਯਾਤਾਯਾਤ ਨੈਟਵਰਕ ਲਈ ਪ੍ਰਬੰਧ ਅਤੇ ਰਾਸ਼ੀ ਦੀ ਸਹਾਇਤਾ ਸੰਭਵ ਹੈ। ਇਸ ਨੈਟਵਰਕ ਨਾਲ ਅਤੇ ਸਾਂਝੀ ਵੱਡੀ ਮੰਡੀ ਨਾਲ ਇਸ ਖਿੱਤੇ ਵਿੱਚ ਆਪਸੀ ਵਪਾਰ ਦੇ ਵੀ ਨਵੇਂ ਦਿਸਹਿੱਦੇ ਖੁਲ੍ਹ ਸਕਦੇ ਸਨ ਅਤੇ ਨਾਲ ਸਾਂਝੇ ਵਪਾਰ ਨਾਲ ਹੀ ਯੂ. ਐਸ. ਏ. ਅਮਰੀਕਾ ਵਰਗੇ ਗੁਆਂਢੀ ਵੱਡੇ ਮੁਲਕ ਦੇ ਵਪਾਰ ਨਾਲ ਵੀ ਮੁਕਾਬਲਾ ਕੀਤਾ ਜਾ ਸਕਦਾ ਸੀ ।

ਇਨ੍ਹਾਂ ਸਾਰੇ ਕਾਰਨਾਂ ਦੇ ਹੱਲ ਲਈ 'ਪਰੋਵਿਸ ਆਫ ਕੈਨੇਡਾ' ਨੇ 'ਕੰਨਫੈਡਰੇਸ਼ਨ' ਦੀ ਪਲੈਨਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸੇ ਸਮੇਂ ਵਿੱਚ ਹੀ ਨੋਵਾ-ਸਕੋਸ਼ੀਆ, ਨਿਊ ਬਰਸਵਿਕ ਅਤੇ ਪ੍ਰਿਸ ਐਡਵਰਡ ਆਈਲੈਂਡ ਦੇ ਲੀਡਰ ਵੀ ਰਲੇਵੇਂ ਨਾਲ 'ਮੈਰੀਟਾਇਮ ਯੂਨੀਅਨ' ਬਨਾਉਣ ਦੇ ਵਿਚਾਰ ਵਾਲੀ ਕਾਨਫਰੰਸ ਦੇ ਆਯੋਜਨ ਬਾਰੇ ਵਿਉਂਤ ਬਣਾ ਰਹੇ ਸਨ। 'ਪਰੋਵਿੰਸ ਆਫ ਕੈਨੇਡਾ' ਦੇ ਸਿਆਸਤਦਾਨਾਂ ਨੇ ਵੀ ਵੱਡੀ ਯੂਨੀਅਨ ਦੇ ਮੰਤਵ ਲਈ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਪੇਸ਼ਕਸ਼ ਕੀਤੀ। ਮੈਰੀਟਾਇਮ ਬਸਤੀਆਂ ਨੇ ਮੀਟਿੰਗ ਵਿੱਚ ਹਾਜ਼ਰੀ ਦੀ ਪੇਸ਼ਕਸ਼ ਮੰਨ ਲਈ ਅਤੇ ਸਤੰਬਰ 1864 ਵਿੱਚ ਸਾਰੇ ਲੀਡਰ ਪ੍ਰਿਸ ਐਡਵਰਡ ਆਈਲੈਂਡ ਦੇ ਡਾਰਲਟ-ਟਾਊਨ ਵਿਖੇ ਮਿਲ ਬੈਠੇ। ਇਸ ਪਲੇਠੀ 'ਡਾਰਲਟ-ਟਾਊਨ ਕਾਨਫਰੰਸ, ਸਤੰਬਰ 1864' ਵਿੱਚ 'ਪਰੋਵਿੰਸ ਆਫ ਕੈਨੇਡਾ' ਦੇ ਨੇਤਾਵਾਂ ਨੇ ਸਭ ਨੂੰ ਇੱਕ ਵੱਡੀ ਯੂਨੀਅਨ ਬਣਾਉਣ ਲਈ ਰਾਜ਼ੀ ਕਰ ਲਿਆ ਅਤੇ ਅਗਲੀ ਵਿਚਾਰ-ਚਰਚਾ ਲਈ ਇੱਕ ਹੋਰ ਮੀਟਿੰਗ ਤੈਅ ਕੀਤੀ ਗਈ। ਅਕਤੂਬਰ 1864 ਵਿੱਚ ਕਿਊਬੈਕ ਸ਼ਹਿਰ ਵਿਖੇ ਹੋਣ ਵਾਲੀ 'ਕਿਊਬੈਕ ਕਾਨਫਰੰਸ' ਵਿੱਚ ਸਾਰੇ ਲੀਡਰਾਂ ਨੇ ਸੰਭਾਵੀ ਦੇਸ਼ ਨੂੰ ਚਲਾਉਣ ਲਈ ਰਣਨੀਤੀ ਦੀ ਵਿਚਾਰ ਚਰਚਾ ਕੀਤੀ ਅਤੇ ਕੁਝ ਅਹਿਮ ਫੈਸਲੇ ਲਏ ਜਿਹੜੇ 'ਕਿਊਬੈਕ ਮਤਿਆਂ' ਦੇ ਨਾਮ ਨਾਲ ਜਾਣੇ ਜਾਂਦੇ ਹਨ। ਪ੍ਰਿਸ ਐਡਵਰਡ ਆਈਲੈਂਡ ਅਤੇ ਨਿਊਫਾਊਂਡ ਲੈਂਡ ਨੇ ਵੀ ਇਸ ਵਿੱਚ ਹਿੱਸਾ ਲਿਆ ਪਰ ਦੋਵਾਂ ਨੇ ਕਾਨਫਰੰਸ ਤੋਂ ਬਾਅਦ, ਕੰਨਫੈਡਰੇਸ਼ਨ ਵਿੱਚ ਏਕੇ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਆਖਰੀ ਮਿਟਿੰਗ 'ਲੰਡਨ ਕਾਨਫਰੰਸ, ਦਸੰਬਰ 1866-ਜਨਵਰੀ 1867' ਬ੍ਰਿਟੇਨ ਦੇ ਲੰਡਨ ਸ਼ਹਿਰ ਵਿਖੇ ਹੋਈ ਜਿਸ ਵਿੱਚ ਨੋਵਾ-ਸਕੋਸ਼ੀਆ, ਨਿਊ ਬਰਸਵਿਕ ਅਤੇ ਪਰੋਵਿੰਸ ਆਫ ਕੈਨੇਡਾ ਦੇ ਨੇਤਾਵਾਂ ਨੇ ਕਿਊਬੈਕ ਮਤਿਆਂ ਦੇ ਅਧਾਰਿਤ ਮਸੌਦਾ ਤਿਆਰ ਕੀਤਾ। ਇਸ ਮਸੌਦੇ ਨੂੰ "ਬ੍ਰਿਟਿਸ਼ ਨਾਰਥ ਅਮਰੀਕਨ ਐਕਟ" ਕਿਹਾ ਗਿਆ ਜਿਸ ਦੀ ਬ੍ਰਿਟਿਸ਼ ਪਾਰਲੀਮੈਂਟ ਦੀ ਮਨਜ਼ੂਰੀ ਤੋਂ ਬਾਅਦ ਬਸਤੀਆਂ ਦੀ ਕੰਨਫੈਡਰੇਸ਼ਨ ਦਾ ਰਾਹ ਪੱਧਰਾ ਹੋਣਾ ਸੀ ।

ਇਸ ਦਾ ਨਤੀਜਾ, ਇੱਕ ਜੁਲਾਈ 1867 ਵਾਲੇ ਦਿਨ, "ਕੰਨਫੈਡਰੇਸ਼ਨ" ਰਾਹੀਂ ਕੈਨੇਡਾ ਇੱਕ ਦੇਸ਼ ਦੇ ਰੂਪ ਵਿੱਚ ਦੁਨੀਆ ਦੇ ਨਕਸ਼ੇ ਤੇ ਆਇਆ ਜਿਸ ਵਿੱਚ ਹੁਣ ਚਾਰ ਪਰੋਵਿੰਸ ਸਨ ।ਨੋਵਾ-ਸਕੋਸ਼ੀਆ ਅਤੇ ਨਿਊਬਰਸਵਿਕ ਅਜੇ ਵੀ ਇਸ ਵਿੱਚ ਸ਼ਾਮਲ ਹੋਣ ਤੋਂ ਇਨਕਾਰੀ ਸਨ ਪਰ ਪੁਰਾਣਾ "ਪਰੋਵਿੰਸ ਆਫ ਕੈਨੇਡਾ" ਹੁਣ ਦੋ ਪਰੋਵਿੰਸ ਵਿੱਚ ਵੰਡਿਆ ਗਿਆ, ਇੱਕ ਓਨਟਾਰੀਓ, ਦੂਜਾ ਕਿਊਬੈਕ ਪਰੋਵਿੰਸ। ਅਜੇ ਵੀ ਉਸ ਵੇਲੇ ਦੇ ਦੇਸ਼ ਦਾ ਨਕਸ਼ਾ, ਅਜੋਕੇ ਨਕਸ਼ੇ ਤੋਂ ਕਾਫੀ ਭਿੰਨ ਨਜ਼ਰ ਆਉਂਦਾ ਸੀ ਜਿਸ ਨੂੰ ਬਦਲਾਵ ਲਈ ਅਜੇ ਇੰਤਜਾਰ ਸੀ। ਇੱਕ ਸਦੀ ਤੋਂ ਵੱਧ ਸਮਾਂ ਲੱਗਿਆ ਜਦੋਂ ਬਾਕੀ ਛੇ ਪਰੋਵਿੰਸ ਅਤੇ ਤਿੰਨ ਟੈਰੇਟਰੀਆਂ ਨੇ ਇਸ ਵਿੱਚ ਸ਼ਾਮਲ ਹੋਕੇ ਮੌਜੂਦਾ ਕੈਨੇਡਾ ਦੇਸ਼ ਦਾ ਮੁਹਾਂਦਰਾ ਬਣਾਇਆ ।

2016 ਦਾ ਕੈਨੇਡਾ ਦਿਵਸ ਮਨਾਉਣ ਸਮੇਂ, ਇਸ ਦੇਸ਼ ਦੇ 10 ਪਰੋਵਿੰਸ ਅਤੇ ਤਿੰਨ ਟੈਰੇਟਰੀਆਂ ਹਨ । ਸੰਨ 1867 ਵਿੱਚ ਸ਼ਾਮਿਲ ਹੋਣ ਵਾਲੇ ਪਹਿਲੇ ਚਾਰ ਪਰੋਵਿੰਸ-ਨਿਊ ਬਰਸਵਿਕ, ਨੋਵਾ-ਸਕੋਸ਼ੀਆ, ਓਨਟਾਰੀਓ ਅਤੇ ਕਿਊਬੈਕ ਸਨ। ਮੈਨੀਟੋਬਾ ਪਰੋਵੀਂਸ ਅਤੇ ਨਾਰਥ-ਵੈਸਟ ਟੈਰੀਟਰੀ 1870 ਵਿੱਚ ਸ਼ਾਮਲ ਹੋਈਆਂ। ਬ੍ਰਿਟਿਸ਼ ਕੋਲੰਬੀਆ 1871 ਵਿੱਚ, ਪ੍ਰਿਸ ਐਡਵਰਡ ਆਈਲੈਂਡ 1873 ਅਤੇ ਯੂਕੋਨ 1898 ਵਿੱਚ ਸ਼ਾਮਿਲ ਹੋਏ। ਸੈਸਕੈਚਵਨ ਅਤੇ ਐਲਬਰਟਾ ਪਰੋਵਿੰਸ 1905 ਵਿੱਚ, ਨਿਊ-ਫਾਊਂਡਲੈਂਡ 1949 ਵਿੱਚ ਅਤੇ ਨੁਨਾਵਟ ਪਰੋਵਿੰਸ 1999 ਵਿੱਚ ਸ਼ਾਮਿਲ ਹੋਇਆ ।

ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਜਦੋਂ ਇਹ ਦੇਸ਼ ਅਜੇ ਕੰਨਫੈਡਰੇਸ਼ਨ ਬਣਿਆ ਸੀ ਉਸ ਵੇਲੇ ਇਸ ਖਿੱਤੇ ਦੇ ਕੁਝ ਲੋਕ ਵਰਗਾਂ ਨੂੰ ਇਸ ਵਿੱਚ ਸ਼ਾਮਿਲ ਹੋਕੇ ਸੁਣਵਾਈ ਦਾ ਮੌਕਾ ਨਹੀਂ ਸੀ ਮਿਲਿਆ। ਇਹ ਅਣਗੌਲੇ ਵਰਗ ਸਨ, ਇਥੋ ਦੇ ਮੂਲਨਿਵਾਸੀ ਲੋਕ ਅਤੇ ਦੂਸਰਾ ਔਰਤ-ਵਰਗ। ਇਥੋਂ ਦੀਆਂ ਮੂਲਨਿਵਾਸੀ ਅਤੇ ਇਨਊਟ ਕੌਮਾਂ ਦੇ ਲੋਕ ਇਸ ਧਰਤੀ ਤੇ ਹਜ਼ਾਰਾਂ ਸਾਲਾਂ ਤੋਂ ਨਿਵਾਸੀ ਹਨ, ਜਦਕਿ ਕੰਨਫੈਡਰੇਸ਼ਨ ਬਨਣ ਤੱਕ ਇਥੋਂ ਦੀ ਤਕਰੀਬਨ ਸਾਰੀ ਧਰਤੀ ਦਾ ਖੇਤਰਫਲ ਯੂਰੋਪੀਅਨ ਵੱਸੋਂ ਦੇ ਕਬਜ਼ੇ ਅਧੀਨ ਹੋ ਚੁੱਕਾ ਸੀ ਅਤੇ ਕਈ ਟਰੀਟੀ ਸਮਝੌਤਿਆਂ ਨਾਲ ਇਨ੍ਹਾਂ ਨੂੰ ਸੀਮਤ ਜਿਹੇ ਖੇਤਰਫਲ ਵਾਲੇ ਛੋਟੇ-ਛੋਟੇ ਰਿਜ਼ਰਵਾਂ ਵਿੱਚ ਧੱਕ ਦਿੱਤਾ ਗਿਆ ਸੀ। ਰਲੇਵੇਂ ਦੇ ਨਾਮ 'ਤੇ ਇਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਦੀਆਂ ਠੋਸੀਆਂ ਨੀਤੀਆਂ ਨੂੰ ਝੇਲਣਾ ਪਿਆ। ਜਿਵੇਂ ਕਿ ਇਨ੍ਹਾਂ ਨੂੰ ਜਬਰੀ ਯੂਰੋਪੀਅਨ ਜੀਵਨ ਢੰਗ ਤਰੀਕਿਆਂ ਨਾਲ ਜਿਊਣ ਲਈ ਮਜ਼ਬੂਰ ਕੀਤਾ ਗਿਆ। ਸਰਕਾਰੀ ਸਰਪ੍ਰਸਤੀ ਵਾਲੇ ਮਿਸ਼ਨਰੀਆਂ ਵੱਲੋਂ ਮੂਲਨਿਵਾਸੀ ਬੱਚਿਆਂ ਨੂੰ ਜ਼ਬਰੀ ਮਾਂ-ਬਾਪ ਤੋਂ ਖੋਹਕੇ ਯੂਰੋਪੀਅਨ ਧਰਮ ਅਤੇ ਜੀਵਨ-ਜਾਚ ਸਿਖਾਉਣ ਲਈ ਵਿਛੋੜਿਆ ਗਿਆ। ਇਨ੍ਹਾਂ ਬਸਤੀਆਂ ਦੀਆਂ ਸਰਕਾਰਾਂ ਵੱਲੋਂ ਜਿਥੇ ਇਨ੍ਹਾਂ ਦੀ ਜ਼ਿੰਦਗੀ ਵਿੱਚ ਬੇ-ਲੋੜੀ ਦਖਲਅੰਦਾਜ਼ੀ ਕੀਤੀ ਅਤੇ ਕੰਨਫੈਡਰੇਸ਼ਨ ਬਨਾਉਣ ਵੇਲੇ ਇਨ੍ਹਾਂ ਨੂੰ ਇੱਕ ਧਿਰ ਵੱਜੋਂ ਵਿਚਾਰ-ਚਰਚਾ ਵਿੱਚ ਸ਼ਾਮਿਲ ਹੋਣ ਦਾ ਹੱਕ ਵੀ ਨਹੀਂ ਦਿੱਤਾ ਗਿਆ। ਇਹ ਮੂਲਨਿਵਾਸੀ ਜਨ-ਸਮੂਹ ਇਸ ਦੇਸ਼ ਦੇ ਬਨਣ ਦੀ ਪ੍ਰਕਿਰਿਆ ਤੋਂ ਬਾਂਝੇ ਹੀ ਰਹੇ ਜਿਸ ਦੇ ਇਹ ਕਈ ਹਜ਼ਾਰ ਸਾਲਾਂ ਤੋਂ ਬੀਸੰਦੇ ਹਨ। 1970 ਵਿੱਚ ਨਾਰਥ ਵੈਸਟ ਟੈਰੀਟਰੀ ਦੇ ਇਨਊਟ ਲੋਕਾਂ ਨੇ ਆਵਾਜ਼ ਉਠਾਉਣੀ ਸ਼ੁਰੂ ਕੀਤੀ ਅਤੇ ਇਨਊਟ ਮੂਲਨਿਵਾਸੀ ਲੋਕਾਂ ਦੀ ਬਹੁਗਿਣਤੀ ਵਾਲੇ ਇਲਾਕੇ ਨੂੰ ਪਰੋਵਿੰਸ ਬਨਾਉਣ ਦੀ ਮੰਗ ਉਠਾਈ। 1999 ਵਿੱਚ ਨੁਨਾਵਟ ਪਰੋਵਿੰਸ ਰਾਹੀਂ ਇਥੋਂ ਦੇ ਮੂਲਨਿਵਾਸੀ ਲੋਕਾਂ ਨੂੰ ਦੇਸ਼ ਵਿੱਚ ਆਪਣੇ ਤੌਰ ਤਰੀਕਿਆਂ ਨਾਲ ਰਹਿਣ ਅਤੇ ਫੈਸਲੇ ਦੇ ਅਧੀਕਾਰ ਮਿਲੇ ਅਤੇ ਪਾਲ ਓਕਾਲਿਕ ਪਹਿਲੇ ਮੂਲਨਿਵਾਸੀ ਪ੍ਰੀਮੀਅਮ ਬਣੇ। ਉਸ ਤੋਂ ਬਾਅਦ ਵੀ ਸਾਰੇ ਦੇਸ਼ ਵਿੱਚ ਫੈਲੇ 600 ਦੇ ਕਰੀਬ ਰਿਜ਼ਰਵਾਂ ਦੀਆਂ ਸਥਾਨਕ ਮੂਲਨਿਵਾਸੀ ਨੁਮਾਇੰਦਗੀ ਵਾਲੀਆਂ ਸਰਕਾਰਾਂ ਅਤੇ ਕਮੇਟੀਆਂ ਬਣਾਕੇ ਪੁਰਾਣੀਆਂ ਗਲਤੀਆਂ ਦੇ ਸੁਧਾਰ ਅਤੇ ਬਰਾਬਰੀ ਦੇ ਅਧਿਕਾਰ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਨ੍ਹਾਂ ਮੂਲਨਿਵਾਸੀ ਲੋਕਾਂ ਦੀ ਭਲਾਈ ਅਤੇ ਸੁਰੱਖਿਆ ਲਈ ਵਿਭਾਗ ਕਾਇਮ ਕੀਤੇ ਗਏ। ਇਨ੍ਹਾਂ ਦੀ ਸਭਿਆਚਾਰ ਅਤੇ ਕਲਾ ਨੂੰ ਉਤਸ਼ਾਹਿਤ ਕਰਨ ਦੇ ਉਪਰਾਲੇ ਜਾਰੀ ਹਨ ਹਲਾਂਕਿ ਬਹੁਤ ਕੁਝ ਕਰਨਾ ਅਜੇ ਬਾਕੀ ਹੈ।

ਕੈਨੇਡਾ ਦੇ ਦੇਸ਼ ਬਨਣ ਦੇ ਸਫਰ ਵਿੱਚ ਔਰਤ ਵਰਗ ਵੀ ਵਿਤਕਰੇ ਦਾ ਸ਼ਿਕਾਰ ਰਿਹਾ ਹੈ। 1867 ਦੀ ਬਨਣ ਵਾਲੀ ਕੰਨਫੈਡਰੇਸ਼ਨ, ਔਰਤਾਂ ਨੂੰ ਸਿਆਸਤ ਵਿੱਚ ਆਉਣ ਦਾ ਅਧਿਕਾਰ ਤੋਂ ਇਨਕਾਰੀ ਸੀ। ਇਥੋਂ ਤੱਕ ਕਿ ਕੰਨਫੈਡਰੇਸ਼ਨ ਵਿੱਚ ਉਨ੍ਹਾਂ ਨੂੰ ਦੇਸ਼ ਦੀਆਂ ਫੈਡਰਲ ਚੋਣਾਂ ਵਿੱਚ ਵੋਟ ਅਧਿਕਾਰ ਵੀ ਨਹੀਂ ਸੀ। 1918 ਈਸਵੀ ਤੱਕ ਔਰਤਾਂ ਦੇਸ਼ ਦੇ ਵੋਟ ਅਧਿਕਾਰ ਪ੍ਰਾਪਤ ਨਹੀਂ ਕਰ ਸਕੀਆਂ ਜੋ ਕਿ ਅੱਜ ਪ੍ਰਾਪਤ ਹੈ। 1919 ਵਿੱਚ ਆਕੇ ਇਲੈਕਸ਼ਨ ਐਕਟ ਵਿੱਚ ਸੋਧ ਤੋਂ ਬਾਅਦ ਔਰਤਾਂ ਨੂੰ ਚੋਣ ਲੜਣ ਦੇ ਅਧਿਕਾਰ ਪ੍ਰਾਪਤ ਹੋਇਆ। 1921 ਵਿੱਚ ਮੈਕਫੈਲ ਨਾਮ ਦੀ ਮਹਿਲਾ ਪਹਿਲੀ ਮੈਂਬਰ ਪਾਰਲੀਮੈਂਟ ਚੁਣੀ ਗਈ ਜੋ ਹਾਊਸ ਆਫ ਕਾਮਨ ਦੀ ਮੈਂਬਰ ਬਣੀ। ਅੱਜ ਬਹੁਤ ਸਾਰੀਆਂ ਔਰਤਾਂ ਹਰ ਖੇਤਰ ਵਿੱਚ ਅੱਗੇ ਆ ਰਹੀਆ ਹਨ।

ਇਤਿਹਾਸ ਦੇ ਪ੍ਰਸੰਗ ਵਿੱਚ ਇਸ ਦੇਸ਼ ਨੇ ਜਮਹੂਰੀਅਤ ਪਸੰਦ ਏਕੀਕ੍ਰਿਤ ਫੈਡਰਲ ਦੇਸ਼ ਬਨਣ ਇਤਿਹਾਸ ਚਾਹੇ ਲੰਬਾ ਹੈ ਪਰ ਹਾਂ-ਪੱਖੀ ਵੀ ਹੈ। ਸੁਹਿਰਦ ਯਤਨਾਂ ਦਾ ਹੀ ਨਤੀਜਾ ਹੈ, ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀਆਂ ਨੇ ਇਸ ਨੂੰ ਆਪਣਾ ਘਰ ਬਣਾਇਆ ਹੈ। ਬਹੁ-ਰੰਗੀ, ਬਹੁ-ਭਾਸ਼ਾਵੀ, ਬਹੁ-ਨਸਲੀ ਅਤੇ ਭਿੰਨ-ਭਿੰਨ ਸਭਿਆਚਾਰਾਂ ਵਾਲੇ ਲੋਕ ਇਸ ਦੀ ਤਰੱਕੀ ਲਈ ਯਤਨਸ਼ੀਲ ਹਨ। ਅਜੋਕੇ ਦੌਰ ਵਿੱਚ ਸਾਰਿਆਂ ਨੂੰ ਬਰਾਬਰ ਅਧਿਕਾਰਾਂ ਨਾਲ ਹੀ ਦੇਸ਼ ਤੱਰਕੀ ਕਰ ਸਕਦਾ ਹੈ। ਬੱਚਿਆਂ, ਔਰਤਾਂ, ਸੀਨੀਅਰਸ, ਮੂਲ-ਨਿਵਾਸੀ, ਘੱਟ-ਆਮਦਨ ਅਤੇ ਪਰਵਾਸੀ, ਸਾਰੇ ਵਰਗਾਂ ਦੀ ਖਾਸ ਸੰਭਾਲ ਲਈ ਸਹੀ ਨੀਤੀਆਂ ਨਾਲ ਹੀ ਦੇਸ਼ ਹੋਰ ਖੁਸ਼ਹਾਲ ਬਣ ਸਕਦਾ ਹੈ। ਸਭ ਦੀ ਖੁਸ਼ਹਾਲੀ, ਤਰੱਕੀ ਹੀ ਦੇਸ਼ ਦੀ ਮਜ਼ਬੂਤੀ ਹੈ, ਇਹੀ ਕੈਨੇਡਾ ਦਿਵਸ ਦੇ ਜਸ਼ਨਾਂ ਦਾ ਸੁਨੇਹਾ ਬਨਣਾ ਚਾਹੀਦਾ ਹੈ।

## Brampton Springdale Seniors Group Donates to McMurray Fires

**Cheque presented to Canadian Red Cross by Seniors Group**




On Friday June 10, the North American Sikh League Foundations Seniors group from Brampton Springdale donated $5000 to the Canadian Red Cross for the Alberta fires. They were focused on raising funds for the disaster that took place in Fort McMurray and the rebuilding that will be required, by their Canadian neighbors.

A cheque presentati...on by the seniors group was made to the Canadian Red Cross joined by MPP Harinder Malhi at her constituency office in the riding. The seniors group had collected funds from their friends, families and their own personal donations towards helping their fellow Canadians.

"I am pleased to see that the seniors group from the riding took the initiative to raise funds for the wildfires that took place in Alberta. These seniors have shown that the young and old all have the potential to assist in such events. In this multicultural country, we are proud of all being individuals, but Canadians." – MPP Harinder Malhi, Brampton, Springdale.

# ਮੌਜੂਦਾ ਕਿਸਾਨੀ ਸੰਕਟ ਨਾਲ ਕਿਵੇਂ ਨਜਿੱਠਿਆ ਜਾਵੇ ?



ਗੁਰਤੇਜ ਸਿੰਘ

ਭਾਰਤ ਵਿੱਚ ਖੇਤੀਬਾੜੀ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ ਜੋ ਦੇਸ਼ ਦੀ ਆਰਥਿਕਤਾ ਦਾ ਧੁਰਾ ਹੈ। ਦੇਸ਼ ਦੀ 58 ਫੀਸਦੀ ਅਬਾਦੀ ਖੇਤੀਬਾੜੀ 'ਤੇ ਨਿਰਭਰ ਹੈ। ਇਨ੍ਹਾਂ ਲੋਕਾਂ ਦਾ ਨਿਰਬਾਹ ਖੇਤੀ ਅਤੇ ਇਸ ਨਾਲ ਸਬੰਧਿਤ ਧੰਦਿਆਂ ਨਾਲ ਹੁੰਦਾ ਹੈ। ਅਗਰ ਦੇਸ਼ ਦੀ ਇੰਨੀ ਅਬਾਦੀ ਖੇਤੀਬਾੜੀ 'ਤੇ ਨਿਰਭਰ ਹੈ ਤਾਂ ਲਾਜ਼ਮੀ ਹੀ ਇਹ ਖੇਤਰ ਹੋਰਾਂ ਖੇਤਰਾਂ ਵਾਂਗ ਉੱਨਤ ਹੋਵੇਗਾ ਅਤੇ ਇਸ ਨਾਲ ਜੁੜੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ ਪਰ ਅਫਸੋਸ ਅਜਿਹਾ ਹੋ ਨਹੀ ਸਕਿਆ। ਕਿਸਾਨ ਅਤੇ ਇਸਦੇ ਸਹਾਇਕ ਖੇਤ ਮਜ਼ਦੂਰ ਦੀ ਮਿਹਨਤ ਸਦਕਾ ਦੁਨੀਆਂ ਨੂੰ ਖਾਣਾ ਨਸੀਬ ਹੁੰਦਾ ਹੈ। ਕਿਸਾਨ ਦੀ ਫਸਲ ਹੀ ਉਸਦੀ ਪੂੰਜੀ ਹੁੰਦੀ ਹੈ ਜੋ ਉਸਦੀ ਆਰਥਿਕਤਾ ਦਾ ਧੁਰਾ ਹੁੰਦੀ ਹੈ। ਕਿਸਾਨ ਸੰਸਾਰ ਦਾ ਮਾਤਰ ਇੱਕ ਅਜਿਹਾ ਪ੍ਰਾਣੀ ਹੈ ਜੋ ਆਪਣੀ ਪੂੰਜੀ ਆਸਮਾਨ ਥੱਲੇ ਰੱਖ ਕੇ ਲੋਕਾਂ ਲਈ ਅਨਾਜ ਦਾ ਪ੍ਰਬੰਧ ਕਰਦਾ ਹੈ। ਕੁਦਰਤ ਜਦੋਂ ਚਾਹੇ ਉਸਦੀ ਸੰਪਤੀ ਨੂੰ ਨਸ਼ਟ ਕਰ ਸਕਦੀ ਹੈ ਅਤੇ ਪਿਛਲੇ ਲੰਮੇ ਸਮੇ ਤੋਂ ਨਸ਼ਟ ਵੀ ਕਰ ਰਹੀ ਹੈ। ਇਸ ਵਰਤਾਰੇ ਦੇ ਕਾਰਨ ਵੀ ਮਨੁੱਖ ਨੇ ਆਪ ਹੀ ਸਹੇੜੇ ਹਨ। ਹਰ ਸਾਲ ਕੁਦਰਤੀ ਆਫਤਾਂ ਫਸਲਾਂ ਨੂੰ ਨਸ਼ਟ ਕਰਦੀਆਂ ਹਨ ਤੇ ਕਿਸਾਨ ਬੇਵੱਸ ਹੋ ਕੇ ਤਬਾਹੀ ਦਾ ਮੰਜ਼ਰ ਦੇਖਦਾ ਰਹਿ ਜਾਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਹ ਵਰਤਾਰਾ ਬਹੁਤ ਵਧ ਗਿਆ ਹੈ।

ਸਰਕਾਰਾਂ ਦੀ ਨਾਲਾਇਕੀ ਅਤੇ ਅਣਗਹਿਲੀ ਨੇ ਅਜੋਕੀ ਕਿਸਾਨੀ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਸਰਕਾਰਾਂ ਕਿਸਾਨ ਨੂੰ ਹਾਸਾਯੋਗ ਪਾਤਰ ਸਮਝਦੀਆਂ ਹਨ ਇਸ ਕਰਕੇ ਜਗ੍ਹਾ ਉਸ ਨਾਲ ਮਜਾਕ ਕੀਤਾ ਜਾਦਾ ਹੈ। ਖਾਦਾਂ, ਕੀਟਨਾਸ਼ਕਾਂ ਦੇ ਮੁੱਲ ਤਾਂ ਹਰ ਸੀਜਨ 'ਚ ਵਧਦੇ ਹਨ ਪਰ ਜਦ ਕਿਸਾਨ ਦੀ ਫਸਲ ਮੰਡੀ ਵਿੱਚ ਪਹੁੰਚਦੀ ਹੈ ਤਾਂ ਅਚਾਨਕ ਮੁਲਕ ਵਿੱਚ ਮੰਦੀ ਛਾ ਜਾਦੀ ਹੈ। ਜਦ ਖਰੀਦਣ ਦੀ ਵਾਰੀ ਕਿਸਾਨ ਦੀ ਆਉਦੀ ਹੈ ਤਾਂ ਮੰਦੀ ਪਤਾ ਨਹੀ ਕਿੱਧਰ ਉਡਾਰੀ ਮਾਰ ਜਾਦੀ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਜ਼ਿਆਦਾਤਰ ਅਬਾਦੀ ਗਰੀਬੀ ਦੇ ਆਲਮ 'ਚੋਂ ਗੁਜਰ ਰਹੀ ਹੈ ਜਿਸ ਕਾਰਨ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਡੁੱਬਿਆ ਹੋਇਆ ਹੈ। ਮਹਿੰਗੀਆਂ ਪੜ੍ਹਾਈਆਂ ਨੇ ਬੱਚਿਆਂ ਦੇ ਸੁਪਨੇ ਚੂਰ ਚੂਰ ਕੀਤੇ ਹਨ ਉੱਪਰੋਂ ਬੇਰੁਜ਼ਗਾਰੀ ਦੀ ਮਾਰ ਨੇ ਤਣਾਅਪੂਰਨ ਜ਼ਿੰਦਗੀ ਜਿਉਣ ਲਈ ਮਜਬੂਰ ਕੀਤਾ ਹੈ। ਸਬਸਿਡੀਆਂ ਦਾ ਲਾਹਾ ਸਿੱਧੇ ਤੌਰ 'ਤੇ ਵੱਡੇ ਕਿਸਾਨਾਂ ਨੇ ਲਿਆ ਹੈ ਛੋਟੇ ਕਿਸਾਨਾਂ ਦਾ ਪਰਨਾਲਾ ਉੱਥੇ ਦਾ ਉੱਥੇ ਹੈ।

ਪਿਛਲੇ ਸਾਲ ਪੰਜਾਬ ਖਾਸ ਕਰਕੇ ਮਾਲਵਾ ਖੇਤਰ 'ਚ ਨਰਮੇ ਕਪਾਹ ਦੀ ਫਸਲ ਨੂੰ ਚਿੱਟਾ ਮੱਛਰ ਸਰਕਾਰਾਂ ਦੀ ਅਣਗਹਿਲੀ ਕਾਰਨ ਚੱਟ ਗਿਆ। ਨਰਮੇ ਕਪਾਹ ਦੇ ਨਕਲੀ ਬੀਜ ਅਤੇ ਕੀੜੇਮਾਰ ਦਵਾਈਆਂ ਨੇ ਚਿੱਟੇ ਮੱਛਰ ਨੂੰ ਫਸਲ ਬਰਬਾਦੀ ਲਈ ਸੱਦਾ ਭੇਜਿਆ। ਇਸ ਤਬਾਹੀ ਨੇ ਕਿਸਾਨ ਤੇ ਮਜ਼ਦੂਰਾਂ ਨੂੰ ਖੁਦਕੁਸ਼ੀਆਂ ਦੇ ਰਾਹ 'ਤੇ ਤੁਰਨ ਲਈ ਮਜ਼ਬੂਰ ਕਰ ਦਿੱਤਾ ਅਤੇ ਇਸ ਵਰਤਾਰੇ ਨੂੰ ਇਸ ਹੱਦ ਤੱਕ ਵਧਾ ਦਿੱਤਾ ਕਿ ਸੂਬੇ 'ਚ ਔਸਤਨ ਹਰ ਰੋਜ ਦੋ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਆਤਮਹੱਤਿਆਵਾਂ ਦੀਆਂ ਖਬਰਾਂ ਨੇ ਕਲਮਾਂ ਦੀ ਸਿਆਹੀ ਮੁਕਾ ਦਿੱਤੀ। ਇਹ ਸਿਲਸਿਲਾ ਮਹੀਨਿਆਂ ਬੱਧੀ ਬੇਰੋਕ ਚਲਦਾ ਰਿਹਾ ਤੇ ਜੋ ਹੁਣ ਵੀ ਬਦਦਸਤੂਰ ਜਾਰੀ ਹੈ। ਸੂਬੇ ਦਾ ਸ਼ਾਇਦ ਹੀ ਅਜਿਹਾ ਕੋਈ ਪਿੰਡ ਬਚਿਆ ਹੋਵੇ ਜਿੱਥੇ ਕਿਸਾਨ ਤੇ ਮਜ਼ਦੂਰਾਂ ਦਾ ਸਿਵਾ ਨਾ ਬਲਿਆ ਹੋਵੇ। ਸੰਨ 2000-10 ਤੱਕ ਪੀਏਯੂ, ਪੰਜਾਬੀ 'ਵਰਸਿਟੀ ਦੁਆਰਾ ਕੀਤੇ ਸਰਵੇਖਣ ਅਨੁਸਾਰ ਸੂਬੇ 'ਚ 6926 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਸੰਨ 2011 ਦੀ ਜਨਗਣਨਾ ਅਨੁਸਾਰ ਬਠਿੰਡਾ ਤੇ ਸੰਗਰੂਰ ਜਿਲੇ ਵਿੱਚ 2890 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਇਸ ਸਾਲ ਸੂਬੇ ਦੇ 600 ਤੋਂ ਜ਼ਿਆਦਾ ਕਿਸਾਨਾਂ ਤੇ ਮਜ਼ਦੂਰਾਂ ਨੇ ਆਤਮਦਾਹ ਕੀਤਾ ਹੈ। ਮਈ 2014 ਤੋਂ ਮਈ 2015 ਤੱਕ ਦੇਸ਼ ਵਿੱਚ ਕਿਸਾਨਾਂ ਦੀਆਂ ਖੁਦਕੁਸ਼ੀਆਂ 'ਚ 40 ਫੀਸਦੀ ਵਾਧਾ ਹੋਇਆ ਹੈ। ਪਿਛਲੇ 140 ਦਿਨਾਂ ਵਿੱਚ ਦੇਸ਼ ਅੰਦਰ 448 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਮਹਾਰਾਸਟਰ ਸੂਬੇ ਤੋਂ ਬਾਅਦ ਪੰਜਾਬ ਵਿੱਚ ਕਿਸਾਨਾਂ-ਮਜਦੂਰਾਂ ਨੇ ਜ਼ਿਆਦਾ ਖੁਦਕੁਸ਼ੀਆਂ ਹਨ। ਦੇਸ਼ ਦੇ 60 ਫੀਸਦੀ ਛੋਟੇ ਕਿਸਾਨਾਂ ਦੀ ਹਾਲਤ ਇੰਨੀ ਪਤਲੀ ਹੈ ਕਿ ਉਹ ਰੋਜੀ ਰੋਟੀ ਲਈ ਮਨਰੇਗਾ ਸਕੀਮ ਤਹਿਤ ਮਜ਼ਦੂਰੀ ਕਰਨ ਲਈ ਮਜਬੂਰ ਹਨ। ਪਿਛਲੇ ਸਤਾਰਾਂ ਸਾਲਾਂ ਦੌਰਾਨ ਤਿੰਨ ਲੱਖ ਕਿਸਾਨਾਂ ਨੇ ਆਤਮਦਾਹ ਕੀਤਾ ਹੈ। ਉਨ੍ਹਾਂ ਦੀ ਬਦਹਾਲੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੰਨ 2007-12 ਤੱਕ 3.2 ਕਰੋੜ ਕਿਸਾਨ ਖੇਤੀ ਨੂੰ ਛੱਡ ਚੁੱਕੇ ਹਨ। ਸੰਨ 2011 ਦੀ ਜਨਗਣਨਾ ਅਨੁਸਾਰ ਦੇਸ ਅੰਦਰ ਹਰ ਰੋਜ 2500 ਕਿਸਾਨ ਖੇਤੀ ਨੂੰ ਛੱਡ ਰਹੇ ਹਨ ਅਤੇ ਕੰਮ ਦੀ ਭਾਲ ਵਿੱਚ ਸ਼ਹਿਰਾਂ ਵੱਲ ਕੂਚ ਕਰ ਰਹੇ ਹਨ।

ਭਾਰਤੀ ਰਿਜ਼ਰਵ ਬੈਂਕ ਅਨੁਸਾਰ ਲੋਕਾਂ ਨੂੰ ਖੇਤੀ 'ਚੋਂ ਬਾਹਰ ਕੱਢਣਾ ਹੀ ਅਸਲ ਵਿਕਾਸ ਹੈ ਅਤੇ ਕਿਸਾਨਾਂ ਨੂੰ ਖੇਤੀ ਤੋਂ ਬੇਦਖਲ ਕਰਕੇ ਭੂਮੀਹੀਣ ਕਾਮੇ ਬਣਾਉਣਾ ਹੀ ਨਵਾਂ ਆਰਥਿਕ ਮੰਤਰ ਹੈ। ਕੌਮੀ ਨਮੂਨਾ ਸਰਵੇਖਣ ਸੰਗਠਨ ਅਨੁਸਾਰ ਦੇਸ਼ ਦੇ 52 ਫੀਸਦੀ ਕਿਸਾਨ ਕਰਜਾਈ ਹਨ ਅਤੇ ਪੰਜਾਬ ਦੇ 53 ਫੀਸਦੀ ਕਿਸਾਨ ਕਰਜੇ ਦੇ ਬੋਝ ਹੇਠਾਂ ਦੱਬੇ ਹੋਏ ਹਨ। ਇਸ ਸਮੇਂ ਦੇਸ਼ ਦੇ ਕਿਸਾਨਾਂ ਸਿਰ 72000 ਕਰੋੜ ਰੁਪਏ ਦਾ ਕਰਜਾ ਹੈ। ਦੂਜੇ ਪਾਸੇ ਇਕੱਲੇ ਅਡਾਨੀ ਗਰੁੱਪ ਵੱਲ ਸਰਕਾਰੀ ਬੈਂਕਾਂ ਦਾ ਕਰਜਾ 72000 ਕਰੋੜ ਰੁਪਏ ਬਣਦਾ ਹੈ।

ਖੇਤ ਮਜ਼ਦੂਰ ਜੋ ਖੇਤੀ ਧੰਦੇ 'ਤੇ ਨਿਰਭਰ ਹਨ ਉਨ੍ਹਾਂ ਲਈ ਵੀ ਖੇਤੀ ਸੰਕਟ ਨੇ ਮੁਸ਼ਕਿਲਾਂ ਦੇ ਪਹਾੜ ਖੜੇ ਕਰ ਦਿੱਤੇ ਹਨ। ਮਾਲਵਾ ਖੇਤਰ ਜੋ ਕਪਾਹ ਪੱਟੀ ਦੇ ਨਾਮ ਨਾਲ ਮਸ਼ਹੂਰ ਹੈ ਉੱਥੋਂ ਦੇ ਜ਼ਿਆਦਾਤਰ



ਮਜ਼ਦੂਰਾਂ ਦਾ ਜੀਵਨ ਨਿਰਬਾਹ ਨਰਮੇ ਦੀ ਚੁਗਾਈ ਦੇ ਕੰਮ ਨਾਲ ਚਲਦਾ ਹੈ ਜਿਸ ਕਾਰਨ ਉਹ ਕਿਸਾਨਾਂ ਕੋਲੋਂ ਅਗੇਤੇ ਹੀ ਪੈਸੇ ਲੈ ਲੈਂਦੇ ਹਨ ਤੇ ਨਰਮੇ ਦੀ ਚੁਗਾਈ ਵਿੱਚ ਉਹ ਪੈਸੇ ਕਟਾਉਦੇ ਹਨ ਪਰ ਇਸ ਵਾਰ ਨਰਮੇ ਦੀ ਫਸਲ ਬਰਬਾਦ ਹੋਣ ਕਾਰਨ ਉਨ੍ਹਾਂ ਦੀ ਮਜ਼ਦੂਰੀ ਨੂੰ ਬਹੁਤ ਵੱਡਾ ਝਟਕਾ ਲੱਗਿਆ ਹੈ। ਭਾਵੇ ਸਰਕਾਰ ਨੇ ਕਿਸਾਨਾਂ ਦੇ ਨਾਲ ਖੇਤ ਮਜ਼ਦੂਰਾਂ ਲਈ ਵੀ 60 ਕਰੋੜ ਰੁਪਏ ਰਾਖਵੇਂ ਰੱਖਣ ਦੇ ਦਾਅਵੇ ਕਰ ਰਹੀ ਹੈ ਪਰ ਇਹ ਮਦਦ ਵਾਲਾ ਪੈਸਾ ਕਦੋਂ ਲੋੜਵੰਦਾਂ ਤੱਕ ਪੁੱਜੇਗਾ। ਸਭ ਤੋਂ ਭੈੜੀ ਮਾਰ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ 'ਤੇ ਪਈ ਹੇ ਜਿਨ੍ਹਾਂ ਨੇ ਠੇਕੇ 'ਤੇ ਜ਼ਮੀਨ ਲੈਕੇ ਫਸਲ ਬੀਜੀ ਸੀ।ਠੇਕਾ ਇਸ ਵਾਰ 50 ਹਜਾਰ ਰੁਪਏ ਤੋਂ ਜਿਆਦਾ ਪ੍ਰਤੀ ਏਕੜ ਸੀ। ਬੀਜ ਤੇ ਹੋਰ ਉੱਪਰਲੇ ਖਰਚਿਆਂ ਨੇ ਇਸਨੂੰ ਪ੍ਰਤੀ ਏਕੜ ਇੱਕ ਲੱਖ ਰੁਪਏ ਦੇ ਆਸ ਪਾਸ ਕਰ ਦਿੱਤਾ ਸੀ ਪਰ ਫਸਲ ਦੀ ਬਰਬਾਦੀ ਨੇ ਇਹ ਸਾਰੇ ਖਰਚੇ ਚੁਕਾਉਣ ਤੋਂ ਉਨ੍ਹਾਂ ਨੂੰ ਅਸਮਰੱਥ ਕਰ ਦਿੱਤਾ ਸੀ।

ਉਪਜਾਂ ਦਾ ਸਹੀ ਮੁੱਲ ਨਾ ਮਿਲਣਾ ਕਿਸਾਨੀ ਦਾ ਬਹੁਤ ਵੱਡਾ ਦੁਖਾਂਤ ਹੈ ਤੇ ਉਪਜਾਂ ਦਾ ਮੁੱਲ ਪਹਿਲਾਂ ਨਿਰਧਾਰਿਤ ਨਹੀ ਕੀਤਾ ਜਾਦਾ। ਸਰਕਾਰਾਂ ਦੇ ਆਪ ਬਣਾਏ ਸਵਾਮੀਨਾਥਨ ਕਮਿਸ਼ਨ ਨੇ ਵੀ ਅਜੋਕੀਆਂ ਖੇਤੀ ਉਪਜ ਕੀਮਤਾਂ ਨੂੰ ਨਿਗੂਣਾ ਦੱਸ ਕੇ ਵਾਧੇ ਦੀ ਸਿਫਾਰਿਸ਼ ਕੀਤੀ ਹੈ। ਬਾਸਮਤੀ ਅਤੇ ਹੋਰ ਚਾਵਲ ਉਪਜਾਂ ਦੀ ਵਿਕਰੀ ਅਤੇ ਮੁੱਲ ਦਾ ਮੁੱਦਾ ਇਸ ਵਾਰ ਛਾਇਆ ਰਿਹਾ। ਬਾਅਦ 'ਚ ਬਾਸਮਤੀ ਦੇਸ਼ ਅੰਦਰ ਖਰੀਦ ਮੁੱਲ ਤੋਂ ਦੁੱਗਣੀ ਕੀਮਤ ਵਿੱਚ ਵਿਕ ਰਿਹਾ ਸੀ। ਇਸਦਾ ਸਿੱਧਾ ਲਾਹਾ ਵਪਾਰੀਆਂ ਨੂੰ ਮਿਲਿਆ ਤੇ ਕਿਸਾਨਾਂ ਦਾ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਅਗਰ ਸਰਕਾਰਾਂ ਚਾਹੁਣ ਤਾਂ ਅਜਿਹੀ ਹਾਲਤ ਵਿੱਚ ਕਿਸਾਨਾਂ ਨੂੰ ਵੀ ਹਿੱਸੇਦਾਰ ਬਣਾਇਆ ਜਾ ਸਕਦਾ ਹੈ।

ਹਾਸ਼ੀਏ 'ਤੇ ਪੁੱਜੀ ਕਿਸਾਨੀ ਨੂੰ ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਪਰਾਲੀ ਆਦਿ ਨਾ ਸਾੜਨ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਟ੍ਰਿਬਿਊਨਲ ਅਨੁਸਾਰ ਜੋ ਕਿਸਾਨ ਫਸਲ਼ੀ ਰਹਿੰਦ ਖੂੰਹਦ ਸਾੜਦੇ ਹਨ ਸਰਕਾਰ ਵੱਲੋਂ ਉਨ੍ਹਾਂ ਨੂੰ ਮਿਲਦੀਆਂ ਸਹੂਲਤਾਂ ਵਾਪਸ ਲਈਆਂ ਜਾਣ ਅਤੇ ਜੋ ਕਿਸਾਨ ਪਰਾਲੀ ਆਦਿ ਨਹੀ ਸਾੜਦੇ ਉਨ੍ਹਾਂ ਨੂੰ ਮਾਲੀ ਮਦਦ ਦਿੱਤੀ ਜਾਵੇ। ਮਦਦ ਵਾਲਾ ਰਾਗ ਅਲਾਪਣ ਤੋਂ ਪਹਿਲਾਂ ਸਾਰਿਆਂ ਨੂੰ ਇਹ ਝਾਤ ਮਾਰ ਲੈਣੀ ਚਾਹੀਦੀ ਸੀ ਕਿ ਸਰਕਾਰਾਂ ਨੇ ਪਹਿਲਾਂ ਕਿਹੜਾ ਮਦਦ ਨਾਲ ਕਿਸਾਨਾਂ ਤੇ ਹੋਰਾਂ ਨੂੰ ਕਿੰਨਾ ਕੁ ਨਿਹਾਲ ਕੀਤਾ ਹੈ। ਕੌਮੀ ਗਰੀਨ ਟ੍ਰਿਬਿਊਨਲ ਦਾ ਇਹ ਫੈਸਲਾ ਭਾਵੇ ਸ਼ਲਾਘਾਯੋਗ ਹੈ ਪਰ ਇਸਦੀ ਸਾਰਥਿਕਤਾ ਸ਼ੱਕ ਦੇ ਘੇਰੇ ਹੇਠ ਹੈ।

ਖੇਤੀ ਇੱਕ ਅਜਿਹਾ ਖੇਤਰ ਹੈ ਜਿੱਥੇ ਦੇਸ਼ ਦੀ ਸਭ ਤੋਂ ਜ਼ਿਆਦਾ ਅਬਾਦੀ ਸਭ ਤੋਂ ਘੱਟ ਆਮਦਨ ਨਾਲ ਗੁਜਾਰਾ ਕਰ ਰਹੀ ਹੈ।ਕਰਜੇ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ ਜੋ ਕਿਸਾਨ ਖੁਦਕੁਸ਼ੀਆਂ ਦਾ ਅਹਿਮ ਕਾਰਨ ਹੈ। ਕਿਸਾਨ ਵੀ ਆਪਣੀ ਆਮਦਨ ਤੋਂ ਜ਼ਿਆਦਾ ਕਰਜੇ ਲੈਣ ਤੋਂ ਗੁਰੇਜ ਕਰਨ। ਆਪਣੇ ਖਰਚਿਆਂ ਨੂੰ ਹਰ ਹੀਲੇ ਘਟਾਉਣ ਅਤੇ ਵਿਆਹਾਂ ਤੇ ਹੋਰ ਕਾਰਜਾਂ ਉੱਤੇ ਘੱਟ ਤੋਂ ਘੱਟ ਖਰਚ ਕੀਤਾ ਜਾਵੇ। ਇਹ ਗੱਲ ਜਰੂਰ ਵਿਚਾਰੀ ਜਾਵੇ ਅਜਿਹੇ ਕਿਹੜੇ ਕਾਰਨ ਹਨ ਜੋ ਇਹੀ ਲੋਕ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਸਮਾਜ ਦੇ ਹੋਰ ਗਰੀਬ ਤਬਕੇ ਵੀ ਤਾਂ ਜ਼ਿੰਦਗੀ ਗੁਰਬਤ 'ਚ ਗੁਜਰ ਬਸਰ ਕਰ ਹੀ ਰਹੇ ਹਨ। ਸਰਕਾਰਾਂ ਰੁਜਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਅਤੇ ਕਿਸਾਨ ਵੀ ਖੇਤੀ ਨਾਲ ਸਹਾਇਕ ਧੰਦਿਆਂ ਨੂੰ ਅਪਣਾਉਣ। ਸਬਸਿਡੀਆਂ ਨੂੰ ਨਿਯੰਤਰਤ ਕਰਕੇ ਉਸਦਾ ਲਾਹਾ ਲੋੜਵੰਦਾਂ ਨੂੰ ਜ਼ਿਆਦਾ ਤੋਂ ਜਿਆਦਾ ਦਿੱਤਾ ਜਾਵੇ। ਕਿਸਾਨਾਂ ਅਤੇ ਮਜਦੂਰਾਂ ਦੇ ਕਰਜੇ ਨੂੰ ਘਟਾਉਣ ਲਈ ਮੁਆਵਜੇ ਦੀ ਜਗ੍ਹਾ ਇਸ 'ਚ ਮੁਆਫੀ ਆਦਿ ਬਾਰੇ ਵਿਚਾਰ ਕਰਨ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਕਾਰਪੋਰੇਟ ਘਰਾਣਿਆਂ ਦੀਆਂ ਉਦਯੋਗਿਕ ਇਕਾਈਆਂ ਦੇ ਕਰਜੇ ਮੁਆਫ ਕਰਨ 'ਚ ਕਰਨ ਕੋਈ ਦੇਰ ਨਹੀ ਕੀਤੀ ਜਾਦੀ। ਸਰਕਾਰ ਅਗਰ ਦੋ ਸਾਲ ਆਪਣੇ ਫਾਲਤੂ ਖਰਚੇ ਬੰਦ ਕਰਕੇ ਉਹ ਪੈਸਾ ਈਮਾਨਦਾਰੀ ਨਾਲ ਖੇਤੀ ਖੇਤਰ 'ਚ ਨਿਵੇਸ਼ ਕਰੇ ਤਾਂ ਵੀ ਕਿਸਾਨੀ ਦੀ ਹਾਲਤ ਕਾਫੀ ਹੱਦ ਤੱਕ ਸੁਧਰ ਸਕਦੀ ਹੈ। ਮਾਹਿਰਾਂ ਅਨੁਸਾਰ ਖੇਤੀਬਾੜੀ ਵਿਕਾਸ ਦਰ 2 ਫੀਸਦੀ ਤੋਂ ਵੀ ਘੱਟ ਹੋ ਗਈ ਹੈ ਤੇ ਜੀਡੀਪੀ 'ਚ ਖੇਤੀਬਾੜੀ ਦਾ ਯੋਗਦਾਨ 11 ਫੀਸਦੀ ਤੋਂ ਲਗਾਤਾਰ ਘਟਦਾ ਜਾ ਰਿਹਾ ਹੈ। ਬਾਰ੍ਹਵੀਂ ਪੰਜ ਸਾਲਾ ਯੋਜਨਾ ਵਿੱਚ ਖੇਤੀਬਾੜੀ ਵਿਕਾਸ ਦਰ 'ਚ ਹਰ ਸਾਲ 2 ਫੀਸਦੀ ਵਾਧੇ ਦਾ ਨਿਸ਼ਾਨਾ ਮਿੱਥਿਆ ਗਿਆ ਹੈ। ਸਮੀਖਿਆ 'ਚ ਕਿਸਾਨੀ ਦੇ ਨਿਘਾਰ ਦੇ ਤੱਥ ਬੁਰੀ ਤਰ੍ਹਾਂ ਉੱਭਰ ਕੇ ਸਾਹਮਣੇ ਆਏ ਹਨ। ਨੀਤੀ ਘਾੜੇ ਏਸੀ ਕਮਰਿਆਂ 'ਚੋਂ ਬਾਹਰ ਆਕੇ ਲੋਕਾਂ ਵਿੱਚ ਵਿਚਰ ਕੇ ਨੀਤੀਆਂ ਦਾ ਨਿਰਮਾਣ ਕਰਨ। ਸਰਕਾਰ ਹਵਾਈ ਮਹਿਲ ਉਸਾਰਨ ਦੀ ਜਗ੍ਹਾ ਅਮਲੀ ਤੌਰ 'ਤੇ ਕਿਸਾਨਾਂ ਤੇ ਮਜ਼ਦੂਰਾਂ ਦੀ ਬਾਂਹ ਫੜਨ ਦੀ ਖੇਚਲ ਕਰੇ। ਇਸ ਵਾਰ ਦੇ ਖੇਤੀ ਵਰਤਾਰੇ ਨਾਲ ਸਬੰਧਿਤ ਦੋਸ਼ੀ ਅਧਿਕਾਰੀਆਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇ। ਅਗਰ ਸਮਾ ਰਹਿੰਦੇ ਕਿਸਾਨੀ ਨੂੰ ਨਾ ਬਚਾਇਆ ਗਿਆ ਤਾਂ ਦੇਸ਼ ਅੰਦਰ ਬਦਅਮਨੀ ਫੈਲ ਸਕਦੀ ਹੈ।

**ਚੱਕ ਬਖਤੂ (ਬਠਿੰਡਾ)**

**-ਲੇਖਕ ਮੈਡੀਕਲ ਵਿਦਿਆਰਥੀ ਹੈ।**

## ਇਨਕਲਾਬੀ ਕੇਂਦਰ ਪੰਜਾਬ ਵੱਲੋਂ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਹੋਰ ਖੁੱਲਾਂ ਦੇਣ ਲਈ ਮੋਦੀ ਸਰਕਾਰ ਦੀ ਨਿੰਦਾ

ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਸੂਬਾ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਮੋਦੀ ਸਰਕਾਰ ਵੱਲੋਂ ਦੇਸ਼ ਦੇ 10 ਨਵੇਂ ਖੇਤਰਾਂ ਨੂੰ ਵਿਦੇਸ਼ੀ ਪੂੰਜੀ ਨਿਵੇਸ਼ ਲਈ ਹੋਰ ਖੁੱਲਾਂ ਦੇਣ ਦੀ ਮੋਦੀ ਸਰਕਾਰ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਦੇਸ਼ ਦੇ ਰੱਖਿਆ, ਫਰਮਾਸਿਊਟੀਕਲ, ਹਵਾਬਾਜ਼ੀ, ਸਿੰਗਲ ਬਰੈਂਡ ਪਰਚੂਨ ਆਦਿ ਖੇਤਰਾਂ ਵਿੱਚ ਵਿਦੇਸ਼ੀ ਅਤੇ ਭਾਰਤੀ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਹੋਰ ਫਾਇਦਾ ਹੋਵੇਗਾ। ਇਸ ਨਾਲ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਰੁਜਗਾਰ ਨੂੰ ਹੁਲਾਰਾ ਮਿਲਣ ਦੇ ਦਾਅਵਿਆਂ ਵਿੱਚ ਰਤੀ ਭਰ ਵੀ ਸਚਾਈ ਨਹੀਂ ਕਿਉਂਕਿ ਜਦੋਂ ਤੋਂ ਵਿਦੇਸ਼ੀ ਪੂੰਜੀ ਦੀ ਆਮਦ ਵਾਸਤੇ ਕੋਈ ਕਦਮ ਚੁੱਕੇ ਗਏ ਉਹਦੇ ਨਾਲ ਦੇਸ਼ ਅੰਦਰ ਰੁਜਗਾਰ ਦੇ ਮੌਕਿਆਂ 'ਚ ਕੋਈ ਵਾਧਾ ਨਹੀਂ ਹੋਇਆ। ਮੋਦੀ ਸਰਕਾਰ ਦੇ 'ਮੇਕ ਇੰਨ ਇੰਡੀਆ' ਪ੍ਰੋਗਰਾਮ ਤਹਿਤ ਵਿਦੇਸ਼ੀ ਦੌਰਿਆਂ ਨੇ ਦੇਸ਼ ਵਿਦੇਸ਼ ਦੇ ਧੰਨਾ ਸੇਠਾਂ ਨੂੰ ਤਾਂ ਨਿਹਾਲ ਕੀਤਾ ਹੈ ਪਰ ਇਨ੍ਹਾਂ ਨੇ ਦੇਸ਼ ਦੇ ਕਰੋੜਾਂ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਨੂੰ ਸੁਧਾਰਨ ਵਾਸਤੇ ਕੁੱਝ ਨਹੀਂ ਕੀਤਾ। ਇਸਦਾ ਅਸਲ ਮਕਸਦ ਅਮਰੀਕਾ ਅਤੇ ਇਸਦੀ ਅਗਵਾਈ 'ਚ ਕੰਮ ਕਰਦੇ ਹੋਰ ਸਾਮਰਾਜੀ ਦੇਸ਼ਾਂ ਨੂੰ ਖੁਸ਼ ਕਰਕੇ ਐਨ. ਐਸ. ਜੀ. (ਪ੍ਰਮਾਣੂ ਵਸਤਾਂ ਦੀ ਪੂਰੀ ਸਬੰਧੀ ਬਣਿਆ ਗਰੁੱਪ) ਦੀ ਮੈਂਬਰੀ ਹਾਸਲ ਕਰਨਾ ਹੈ ਤਾਂ ਕਿ ਦੇਸ਼ ਅੰਦਰ ਪ੍ਰਮਾਣੂ ਊਰਜਾ ਦੇ ਵਧਾਰਾ ਕਰਨ ਵਾਸਤੇ ਹੋਰ ਵੱਧ ਮੌਕੇ ਹਾਸਿਲ ਕੀਤੇ ਜਾਣ ਅਤੇ ਇਉਂ ਆਪਣੇ ਆਪ ਨੂੰ ਤਾਕਤਵਾਰ ਮੁਲਕਾਂ ਦੀ ਸ੍ਰੇਣੀ 'ਚ ਸ਼ਾਮਿਲ ਕਰਕੇ ਦੱਖਣੀ ਏਸ਼ੀਆ 'ਚ ਆਪਣਾ ਦਬਦਬਾ ਬਣਾਇਆ ਜਾਵੇ। ਇਹ ਅਮਰੀਕੀ ਸਾਮਰਾਜੀ ਧੜੇ ਨਾਲ ਇੱਕ ਤਰ੍ਹਾਂ ਦੀ ਸੌਦੇਬਾਜ਼ੀ ਹੈ ਜਿਸ ਕਰਕੇ ਗੁਆਂਢੀ ਦੇਸ਼ਾਂ ਖਾਸ ਤੌਰ ਚੀਨ ਅਤੇ ਪਾਕਿਸਤਾਨ ਨਾਲ ਖਾਹਿਬਾਜ਼ੀ ਹੋਰ ਤਿੱਖੀ ਹੋਵੇਗੀ। ਇਨਕਲਾਬੀ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੋਦੀ ਸਰਕਾਰ ਦੇ 'ਮੇਕ ਇੰਨ ਇੰਡੀਆ' ਦੇ ਨਾਂ ਤੇ ਸਾਮਰਾਜੀ ਲੁਟੇਰਿਆਂ ਅਤੇ ਭਾਰਤੀ ਹਾਕਮ ਜਮਾਤਾਂ ਦੇ ਕਾਰੋਬਾਰਾਂ ਅਤੇ ਮੁਨਾਫਿਆਂ ਨੂੰ ਵਧਾਉਣ ਅਤੇ ਦੇਸ਼ ਦੇ ਕਰੋੜਾਂ ਲੋਕਾਂ ਦੇ ਗਲ ਬੇਰੁਜ਼ਗਾਰੀ, ਗਰੀਬੀ ਅਤੇ ਮਹਿੰਗਾਈ ਦਾ ਸਿੰਕਜ਼ਾ ਹੋਰ ਕਸਣ ਦੇ ਮਨਸੂਬਿਆਂ ਤੋਂ ਸਾਵਧਾਨ ਰਹਿਣ ਅਤੇ ਦੇਸ਼ ਦੇ ਵੱਖ-ਵੱਖ ਖੇਤਰਾਂ ਨੂੰ ਵਿਦੇਸ਼ੀ ਪੂੰਜੀ ਨਿਵੇਸ਼ ਲਈ ਹੋਰ ਵੱਧ ਖੁੱਲਾਂ ਕਰਨ ਦਾ ਡਟਵਾ ਵਿਰੋਧ ਕਰਨ।

**- ਕੰਵਲਜੀਤ ਖੰਨਾ ਜਨਰਲ ਸਕੱਤਰ**

94170-67344

# 'ਸੰਨ੍ਹ ਦਰਿਆਵਾਂ ਦੇ ਡਟ ਜਾਹ ਸ਼ੀਂਹਣੀ ਬਣਕੇ' ਬਨਾਮ ਸੈਕਸੂਅਲ ਦੁਰਵਿਹਾਰ



ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ
(ਗੁਰੂਸਰ ਸੁਧਾਰ), ਬਰੈਂਪਟਨ (ਕੈਨੇਡਾ)

ਕੈਨੇਡੀਅਨ ਪੰਜਾਬੀ ਪੋਸਟ ਦੇ ਸੰਪਾਦਕੀ 'ਔਰਤਾਂ ਨਾਲ ਸੈਕਸੂਅਲ ਦੁਰਵਿਹਾਰ-ਰੋਕ ਕਿਵੇਂ ਲੱਗੇ' ਅਤੇ ਮੇਨ ਮੀਡੀਏ ਵਿੱਚ ਲੱਗ ਰਹੀਆਂ ਖ਼ਬਰਾਂ ਸਨਸਨੀਖੇਜ਼ ਪਰਤਾਂ ਖੋਲ੍ਹ ਰਹੀਆਂ ਹਨ। ਟੋਰਾਂਟੋ ਸਟਾਰ ਦੀ ਸਟਾਰ ਪੱਤਰਕਾਰ ਰਵੀਨਾ ਔਲਖ, ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ, ਸ਼ੀਲਾ ਕੌਪਸ ਕੈਨੇਡਾ ਦੀ ਸਾਬਕਾ ਡਿਪਟੀ ਪ੍ਰਾਈਮ ਮਨਿਸਟਰ, ਆਦਿ ਨਾਲ ਜਦੋਂ ਸੈਕਸੂਅਲ ਦੁਰਵਿਹਾਰ ਹੋ ਜਾਂਦੇ ਹਨ ਤਾਂ ਆਮ ਔਰਤਾਂ ਨਾਲ ਕੀ ਨਹੀਂ ਹੁੰਦਾ ਹੋਵੇਗਾ। ਅੰਦਾਜ਼ਾ ਲਾਇਆ ਜਾ ਸਕਦੈ। ਇਹ ਤਾਂ ਵਿਚਾਰੀਆਂ ਨਿੱਕੀਆਂ ਨਿੱਕਲੀਆਂ ਬੱਦਲੀਆਂ ਨੇ ਜਿਨ੍ਹਾਂ ਨੂੰ ਕੰਮ ਥਾਵਾਂ 'ਤੇ ਅਨੇਕ ਪਰਵਾਰਕ ਮਜਬੂਰੀਆਂ ਵਿੱਚ ਦਰਿਆਵਾਂ ਸੰਨ੍ਹ ਜਾਣਾ ਪੈਂਦੈ। ਜਾਣਾ ਹੀ ਨਹੀਂ ਕੁੱਦਣਾ ਪੈਂਦੈ। ਮਜਬੂਰੀਆਂ ਵੱਸ ਸਬਰ ਦੇ ਘੁੱਟ ਭਰ ਛੱਡਦੀਆਂ ਹੋਣਗੀਆਂ! ਸੁਪਰੀਮ ਕੋਰਟ ਦੀ ਸਾਬਕਾ ਜੱਜ ਮਰੀ ਡੈਸਚੈਂਪਸ ਦੀ ਰਿਪੋਰਟ ਨੇ ਫੌਜ ਵਿੱਚ ਵੱਡੇ ਪੱਧਰ ਉੱਤੇ ਔਰਤਾਂ ਨਾਲ ਹੁੰਦੇ ਸੈਕਸੂਅਲ ਦੁਰਵਿਹਾਰ ਦੀਆਂ ਤੈਹਾਂ ਖੋਲ੍ਹ ਉਜਾਗਰ ਕਰ ਦਿੱਤਾ ਕਿ ਕੰਮ ਥਾਵਾਂ ਔਰਤਾਂ ਵਾਸਤੇ ਵੱਡੇ ਜੋਖ਼ਮ ਭਰੇ ਸਥਾਨ ਹੁੰਦੇ ਹਨ। ਪੁਲਸ ਵਿਭਾਗ ਵਿੱਚ ਵੀ ਏਦਾਂ ਦੀਆਂ ਰਿਪੋਰਟਾਂ ਆ ਚੁੱਕੀਆਂ ਹਨ। 'ਰਵੀਨਾ ਔਲਖ'! ਤੂੰ ਇਹ ਬੁਜ਼ਦਿਲਾ ਕਦਮ ਕਿਉਂ ਚੁੱਕਿਐ? ਤੈਨੂੰ ਤਾਂ ਅੱਗੇ ਲੱਗ ਔਰਤ ਜਾਤੀ ਦੀ ਸੁਰੱਖਿਆ ਦਾ ਰਹਿਨੁਮਾ ਬਣਨਾ ਚਾਹੀਦਾ ਸੀ। ਤੇਰੀ ਕਲਮ ਔਰਤਾਂ ਦੀ ਮਸੀਹਾ ਬਣ ਸਕਦੀ ਸੀ। ਖੁਦਕੁਸ਼ੀ ਮਸਲੇ ਦਾ ਕਦੀ ਵੀ ਹੱਲ ਸਿੱਧ ਨਹੀਂ ਹੁੰਦਾ। ਬੰਦਾ ਅੱਖਾਂ ਮੀਟ ਚਰਚਿਆਂ ਤੋਂ ਜ਼ਰੂਰ ਮੁਕਤੀ ਪਾ ਜਾਂਦਾ ਹੈ। ਪਰ ਇਸ ਵੇਲੇ ਉਹਦੀ ਖੁਦਕੁਸ਼ੀ ਸਮੁੱਚੇ ਪਤਰਕਾਰ ਭਾਈਚਾਰੇ ਅੱਗੇ ਸਵਾਲ ਖੜ੍ਹਾ ਕਰਦੀ ਹੈ। ਪੱਤਰਕਾਰ ਸੰਗਠਨਾਂ ਨੂੰ ਖੋਜ ਤਲਾਸ਼ਕੇ ਹਰ ਪੱਧਰ ਦੀ ਸਰਕਾਰ ਨੂੰ ਸੰਬੋਧਿਤ ਹੋਣਾ ਚਾਹੀਦੈ। ਏਦਾ ਦੇ ਦੁੱਖ ਭੋਗਦੀਆਂ ਅਨੇਕਾਂ ਔਰਤਾਂ ਦਾ ਦੁਖਾਂਤ ਸਮਾਜ ਤੇ ਅਜੋਕੀਆਂ ਸਰਕਾਰਾਂ ਲਈ ਵੀ ਇੱਕ ਵੱਡਾ ਸੁਆਲ ਖੜ੍ਹਾ ਕਰਦਾ ਹੈ। ਫੇਰ ਇਸ ਸਮੱਸਿਆ ਦਾ ਹੱਲ ਕੀ ਹੋਣਾ ਚਾਹੀਦਾ ਹੈ? ਇਹ ਇੱਕ ਅਹਿਮ ਚਿੰਤਾਜਨਕ ਚਿੰਤਨਸ਼ੀਲ ਵਿਸ਼ਾ ਹੈ।

ਬਹੁਤੇ 'ਕੀ ਬਣਦੈ ਬੱਦਲੀਏ ਤੇਰਾ ਸੰਨ੍ਹ ਦਰਿਆਵਾਂ ਦੇ' ਕਹਿ ਪੱਲਾ ਝਾੜ ਦੇਣਗੇ। ਇਹ ਨਿਰਾਸ਼ਾਵਾਦੀ ਪਿਛਾਂਹਖਿੱਚੂ ਨਿਰਾਰਥਕ ਸੋਚ ਹੈ। ਮੁਢਲੇ ਤੌਰ ਤੇ ਇਸਤਰੀ ਦਾ ਜਿਸਮਾਨੀ, ਮਾਨਸਿਕ ਤੇ ਸਮਾਜਿਕ ਪੱਖੋਂ ਕੋਮਲ, ਕਮਜ਼ੋਰ ਤੇ ਕਮਦਿਲ ਹੋਣ ਕਰਕੇ ਇਹ ਕਾਰੇ ਵਾਪਰ ਰਹੇ ਹਨ। ਗੁਰਬਾਣੀ ਵਿੱਚ 'ਧਨੁ ਜੋਬਨ ਦੁਇ ਵੈਰੀ ਹੋਇ ਜਿਨ੍ਹੀ ਰਖੇ ਰੰਗੁ ਲਾਇ' ਵੀ ਆਉਂਦਾ ਹੈ। ਇਹ ਇੱਕ ਬੁਨਿਆਦੀ ਤੇ ਕਠੋਰ ਸੱਚਾਈ ਹੈ। ਭਾਵੇਂ ਕੈਨੇਡੀਅਨ ਕਨੂੰਨ ਔਰਤ ਨੂੰ ਬੜੀ ਸੁਰੱਖਿਆ ਉਪਲਬਧ ਕਰਦਾ ਹੈ ਫਿਰ ਵੀ ਇਹ ਵਰਤਾਰਾ ਅਰੁੱਕ ਚੱਲ ਰਿਹੈ। ਜੇ ਨਾਮਵਰ ਔਰਤਾਂ ਇਸ ਦਾ ਸ਼ਿਕਾਰ ਹੋਈਆਂ ਜਾਂ ਹੋ ਰਹੀਆਂ ਹਨ, ਤਾਂ ਆਮ ਔਰਤਾਂ ਦੀ ਕੀ ਦਸ਼ਾ ਹੋਵੇਗੀ। ਅਨੁਮਾਨੀ ਜਾ ਸਕਦੀ ਹੈ, ਬਿਆਨ ਕਰਨਾ ਮੁਸ਼ਕਲ ਹੈ। ਸਰਕਾਰਾਂ ਨੂੰ ਇਸ ਵੱਲ ਹੋਰ ਵੀ ਵਧੇਰੇ ਚਿੰਤੁਤ ਹੋ ਧਿਆਨ ਦੇਣਾ ਚਾਹੀਦੈ। ਕਨੂੰਨੀ ਸਖ਼ਤਾਈ ਜਿਸ ਵਿੱਚ ਲੰਮੀ ਜੇਲ੍ਹ, ਜੁਰਮਾਨੇ, ਸੈਕਸੂਅਲ ਮੁਜਰਮਾਂ ਦੇ ਥਾਂ ਥਾਂ ਤੇ ਪੋਸਟਰ ਲਾਉਣਾ ਸ਼ਾਮਲ ਕੀਤਾ ਜਾ ਸਕਦੈ। ਪਰ ਮੇਰੇ ਜ਼ਿਹਨ 'ਚ ਇੱਕ ਬੁਨਿਆਦੀ ਸਵਾਲ ਖੌਰੂ ਪਾਉਂਦਾ ਰਹਿੰਦੈ: ਕੀ ਔਰਤ ਦਾ ਸੁੱਰਖਿਅਤ ਹੋਣਾ ਮਰਦ ਉੱਤੇ ਨਿਰਭਰ ਕਰਦੈ ਜਾਂ ਔਰਤ 'ਤੇ। ਯੂ ਐਨ ਓ ਦੀ ਭੂਮਿਕਾ 'ਜੰਗਾਂ ਬੰਦਿਆਂ ਦੇ ਮਨਾਂ 'ਚ ਉਪਜਦੀਆਂ ਹਨ, ਬੰਦੇ ਦੇ ਮਨਾਂ ਵਿੱਚ ਹੀ ਸ਼ਾਂਤੀ ਦੀਆਂ ਨੀਂਹਾਂ ਉਸਰਨੀਆਂ ਚਾਹੀਦੀਆਂ ਹਨ' 'ਚ ਅੰਕਿਤ ਹੈ। ਮੇਰੀ ਜਾਚੇ ਮਸਲੇ ਦਾ ਸਿੱਕੇਬੰਦ ਸਥਾਈ ਹੱਲ ਔਰਤ ਦੇ ਸਵੈ 'ਤੇ ਨਿਰਭਰ ਕਰਦੈ। ਜ਼ਰਾ ਵਿਚਾਰ ਤਾਂ ਕਰੋ।

ਸਭ ਜਾਣਦੇ ਹਨ ਕਿ ਸੈਕਸ ਹਵਸ ਬੰਦੇ ਦੀ ਇੱਕ ਪ੍ਰਬਲ ਰੁਚੀ ਹੈ। ਭੁੱਖ ਨਾਲੋਂ ਵੀ ਵਧੇਰੇ। ਇਹ ਇਨਸਾਨ ਨੂੰ ਹੈਵਾਨ ਬਣਾ ਦੇਂਦੀ ਹੈ। ਮੌਕਾ ਮਿਲਦੇ ਹੀ ਉਹ ਉਸ 'ਤੇ ਪਾਗਲਪਨ ਵਾਂਗ ਸਵਾਰ ਹੋ ਜਾਂਦੀ ਹੈ। ਬੰਦਾ ਅੰਨ੍ਹਾਂ ਹੋ ਜਾਂਦੈ। ਇਸ ਲਈ ਔਰਤਾਂ ਨੂੰ ਸਥਿਤੀ, ਸਮਾਂ, ਸਥਾਨ ਤੋਂ ਪੂਰਾ ਸਾਵਧਾਨ ਤੇ ਸੁਚੇਤ ਰਹਿਣਾ ਹੋਵੇਗਾ। ਉਨ੍ਹਾਂ ਨੂੰ ਜੋਖ਼ਮ ਵਾਲੇ ਇਹੋ ਜਿਹੇ ਮਹੌਲ 'ਚ ਜਾਣੋ ਬਚਣਾ ਚਾਹੀਦੈ। ਸਭ ਤੋਂ ਵੱਡੀ ਸਮੱਸਿਆ ਕੰਮ ਥਾਂ ਹੁੰਦੀ ਹੈ। ਸੁਆਰਥ ਤੇ ਸਮਾਜਕ ਚਰਚਿਆਂ ਦੇ ਡਰੋਂ ਔਰਤਾਂ ਨੂੰ ਚੁੱਪ ਨਹੀਂ ਰਹਿਣਾ ਚਾਹੀਦਾ। ਸੁਹਿਰਦ ਤੇ ਸਾਹਸ ਭਰੀ ਦਲੇਰੀ ਨਾਲ ਪਰਵਾਰ 'ਚ ਮਸਲਾ ਪੇਸ਼ ਕਰਨੋਂ ਵੀ ਨਹੀਂ ਡਰਨਾ ਚਾਹੀਦਾ। ਪਰਵਾਰ ਨੂੰ ਵੀ ਔਰਤ ਦੀ ਦਸ਼ਾ ਨੂੰ ਸੁਹਿਰਦਤਾ ਨਾਲ ਸਮਝਣਾ ਤੇ ਉਸ ਦੇ ਅੰਗ-ਸੰਗ ਹੋਣ ਦਾ ਵਿਸ਼ਵਾਸ ਦਿਵਾਉਣਾ ਚਾਹੀਦੈ। ਉਹ ਕਿਹੜਾ ਕੰਮ 'ਤੇ ਐਵੇਂ ਸ਼ੌਂਕੀਆ ਜਾਂਦੀ ਹੈ। ਪਰਵਾਰ ਖਾਤਰ ਜਾਂਦੀ ਹੈ। ਪਰਵਾਰ ਨੂੰ ਉਸਦਾ ਹਮਰਾਜ਼ ਬਣ ਉਸਦੇ ਨਾਲ ਖਲੋਣਾ ਚਾਹੀਦੈ।

ਮੇਰਾ ਇੱਕ ਹੋਰ ਵੀ ਅਹਿਮ ਪ੍ਰਤੱਖਣ ਹੈ। ਔਰਤ ਜਿੱਥੇ ਜਿਸਮਾਨੀ ਤੌਰ ਤੇ ਭਾਵੇਂ ਨਿਰਬਲ ਹੈ ਪਰ ਜ਼ਿਹਨੀ ਤੌਰ ਤੇ ਇੱਕ ਤਿੱਖੀ ਸੂਝ ਦੀ ਮਾਲਕ ਵੀ ਹੈ। ਉਸ ਕੋਲ ਗਿਆਨ ਭਾਵੇਂ ਘੱਟ ਹੋਵੇ ਭਰ ਦੂਰਅੰਦੇਸ਼ ਸੂਝ ਬੜੀ ਤਿੱਖੀ ਹੁੰਦੀ ਹੈ। ਕੁਦਰਤ ਨੇ ਜੇ ਉਸ ਨੂੰ ਏਨੀ ਸੁੰਦਰਤਾ ਬਖ਼ਸ਼ੀ ਤਾਂ ਨਾਲ ਹੀ ਉਸੇ ਕਾਦਰ ਨੇ ਉਸਦੀ ਤਕਣੀ ਤੇ ਨਿਗਾਹ ਵਿੱਚ ਇੱਕ ਕਮਾਲ ਦੇ ਤੇਜ਼ ਪ੍ਰਤਾਪ ਦਾ ਵਰ ਵੀ ਦਿੱਤਾ ਹੈ ਜਿਸ ਦੀ ਉਸ ਨੂੰ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਮੰਨਿਆ-ਪ੍ਰਮੰਨਿਆ ਸੱਚ ਹੈ ਕਿ 'ਚੋਰ ਦੇ ਪੈਰ ਨਹੀਂ ਹੁੰਦੇ'। ਏਸੇ ਤਰ੍ਹਾਂ ਹੀ ਆਸ਼ਕ, ਠਰਕੀ, ਹਵਸੀ ਵੀ ਸਿਰੇ ਦੇ ਬੁਜ਼ਦਿਲ ਤੇ ਡਰਪੋਕ ਹੁੰਦੇ ਹਨ। ਢੀਠਾਂ ਬੇਸ਼ਰਮਾਂ ਦੀ ਗੱਲ ਨਹੀਂ ਕਰਦਾ ਆਮ ਬੰਦੇ ਦੀ ਕਰਦਾ ਹਾਂ। ਜਦੋਂ ਹੀ ਬੰਦੇ ਦੇ ਚਿਹਰੇ 'ਤੇ ਕੋਈ ਹਵਸੀ ਵਰਤਾਰਾ ਝਲਕੇ, ਔਰਤ ਦਾ ਚਿਹਰੇ ਏਨਾ ਕੁ ਪ੍ਰਚੰਡ ਹੋ ਜਾਣਾ ਚਾਹੀਦਾ ਹੈ ਕਿ ਉਹ ਕਿਸੇ ਕਿਸਮ ਦੀ ਹਵਸੀ ਗੱਲ, ਐਕਸ਼ਨ ਕਰਨ ਦੀ ਜੁਅਰਤ ਹੀ ਨਾ ਕਰ ਸਕੇ। ਚਿਹਰੇ ਦੀਆਂ ਰਮਜ਼ਾਂ ਅਗਾਹੂੰ ਹੀ ਕਈ ਕਿਸਮ ਦੇ ਸੰਕੇਤ ਦੇਣ ਲੱਗ ਪੈਂਦੀਆਂ ਹਨ। ਉਸੇ ਪ੍ਰਤੀਕਰਮ ਵਿੱਚ ਔਰਤ ਦੇ ਤੇਜ਼ 'ਚੋਂ ਦ੍ਰਿੜਤਾ ਤੇ ਸਵੈ ਵਿਸ਼ਵਾਸ ਦਾ ਪ੍ਰਕਾਸ਼ ਪ੍ਰਗਟ ਹੋਣਾ ਲੱਗ ਜਾਣਾ ਚਾਹੀਦੈ। ਵੇਖਿਓ ਨਤੀਜੇ ਕਿੰਨੇ ਵਧੀਆ ਨਿਕਲਦੇ ਹਨ। ਕਹਿੰਦੇ ਨੇ 'ਆਸ਼ਕ ਨੂੰ ਕੀ ਮਾਰਨਾ ਜਿਹੜਾ ਝਿੜਕ ਦਿੱਤਿਆਂ ਮਰ ਜਾਵੇ'। ਏਸੇ ਸਬੰਧ ਵਿੱਚ ਇੱਕ ਕਲਾਕ੍ਰਿਤ ਦੀ ਗੱਲ ਸਾਂਝੀ ਕਰਨ ਬਿਨਾਂ ਅੱਗੇ ਨਹੀਂ ਤੁਰਿਆ ਜਾਂਦਾ। ਕਿਸੇ ਮੂਰਤੀਕਾਰ ਨੇ ਇੱਕ ਅਤਿ ਦੀ ਸੁੰਦਰ ਇਸਤਰੀ ਦੀ ਮੂਰਤੀ ਸਿਰਜੀ। ਉਸ ਦੇ ਹੱਥ ਵਿੱਚ ਅੰਗੂਰਾਂ ਦਾ ਇੱਕ ਗੁੱਛਾ ਫੜਾਇਆ ਜਿਨ੍ਹਾਂ ਨੂੰ ਇੱਕ ਕਾਂ ਅਸਲ ਅੰਗੂਰ ਸਮਝ ਝਪਟ ਰਿਹੈ। ਲੋਕ ਉਸ ਕਲਾ ਪ੍ਰਦਰਸ਼ਨੀ ਵਿੱਚ ਘੁੰਮਦੇ ਉਸ ਮੂਰਤੀ ਦੀਆਂ ਸਿਫਤਾਂ ਕਰਦੇ ਤੁਰੀ ਜਾ ਰਹੇ ਸਨ। ਇੱਕ ਹੋਰ ਆਰਟਿਸਟ ਵੀ ਪ੍ਰਦਰਸ਼ਨੀ ਵੇਖਣ ਆਇਆ ਹੋਇਆ ਸੀ। ਉਹ ਉਸ ਸੁੰਦਰ ਕਲਾਕ੍ਰਿਤ 'ਤੇ ਟਿਕਟਿਕੀ ਲਾ ਵੇਖੀ ਜਾ ਰਿਹਾ ਸੀ। ਵਾਹ ਵਾਹ ਕਰ ਰਿਹਾ ਸੀ, ਪਰ ਅੱਗੇ ਨਹੀਂ ਸੀ ਜਾ ਰਿਹਾ। ਪ੍ਰਬੰਧਕਾਂ ਨੇ ਪੁੱਛਿਆ ਭਾਈ ਤੂੰ ਏਨੇ ਚਿਰ ਦਾ ਏਥੇ ਖੜ੍ਹਾ ਕੀ ਵੇਖੀ ਜਾ ਰਿਹੈਂ। ਪ੍ਰਸ਼ੰਸਾ ਵੀ ਕਰੀ ਜਾ ਰਿਹੈਂ। ਉਸ ਹੋਰ ਨੀਝ ਨਾਲ ਮੂਰਤੀ ਨਿਹਾਰੀ ਤੇ ਸਹਿਜੇ ਬੋਲਿਆ, 'ਜੇ ਕਿਤੇ ਕਲਾਕਾਰ ਇਸ ਮੂਰਤੀ ਦੀਆਂ ਅੱਖਾਂ ਵਿੱਚ ਕੋਈ ਇਹੋ ਜਿਹਾ ਤੇਜ਼ ਪ੍ਰਤਾਪ ਸਿਰਜ ਦਿੰਦਾ ਤਾਂ ਇਹ ਕਾਂ ਅੰਗੂਰਾਂ ਨੂੰ ਝਪਟਾ ਮਾਰਨ ਦੀ ਜੁਅਰਤ ਨਾ ਕਰ ਸਕਦਾ'।

ਦੋਸਤੋ! ਕੁਦਰਤ ਇੱਕ ਮਹਾਨ ਕਲਾਕਾਰ ਹੈ। ਔਰਤ ਨੂੰ ਜੇ ਉਸ ਨੇ ਏਨੇ ਸੁੰਦਰ ਗੁਣਾਂ ਨਾਲ ਮਾਲਾ-ਮਾਲ ਕੀਤਾ ਹੈ, ਉੱਥੇ ਉਹਦੀਆਂ ਅੱਖਾਂ ਵਿੱਚ ਵੀ ਇੱਕ ਇਹੋ ਜਿਹਾ ਜਲੌ ਤੇ ਤੇਜ ਵੀ ਬਖ਼ਸ਼ਿਆ ਹੈ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਔਖਾ ਹੈ। ਉਸ ਦੇ ਇਸ ਤੇਜ ਨੂੰ ਵੇਖ ਵੱਡੇ ਵੱਡੇ ਲਾਟੀ ਖਾਂ ਵੀ ਲੱਤਾਂ 'ਚ ਪੂਛ ਦਬਾ ਲੈਂਦੇ ਹਨ ਤੇ ਨੀਵੀਂਆਂ ਪਾ ਤੁਰਦੇ ਬਣਦੇ ਹਨ। ਬੰਦੇ ਦੇ ਚਿਹਰੇ 'ਤੇ ਜ਼ਰਾ ਕੁ ਅਣਉਚਿੱਤ ਭਾਵ ਮਹਿਸੂਸ ਹੁੰਦਿਆਂ ਹੀ ਔਰਤ ਦੇ ਚਿਹਰੇ ਦੇ ਹਾਵਭਾਵਾਂ 'ਚੋਂ ਗੈਰ ਪਸੰਦਗੀ ਝਲਕਣ ਲੱਗ ਪੈਣੀ ਚਾਹੀਦੀ ਹੈ। ਨਿਗਾਹ ਦੇ ਸੁਨੇਹੇਂ ਕਈ ਥੱਪੜਾਂ ਨਾਲੋਂ ਵੀ ਬਲਸ਼ਾਲੀ ਹੁੰਦੇ ਹਨ। ਨਿਗਾਹ ਨਾਲ ਵੀ ਬੜਾ ਕੁਝ ਕਿਹਾ ਜਾ ਸਕਦਾ ਹੈ। ਜ਼ਬਾਨ ਨਾਲੋਂ ਨਿਗਾਹ ਜ਼ਿਆਦਾ ਪ੍ਰਭਾਵਸ਼ਾਲੀ ਸਿੱਧ ਹੋ ਸਕਦੀ ਹੈ। ਜੇ ਏਦਾਂ ਔਰਤ ਆਪਣੇ ਪੈਰੋਂ ਨਾ ਥਿੜ੍ਹਕੇ ਤਾਂ ਕੁਝ ਨਹੀਂ ਵਾਪਰੇਗਾ ਜੋ ਉਸ ਦੇ ਇਜ਼ਤ ਮਾਨ 'ਤੇ ਹਮਲਾਵਰ ਹੋ ਸਕਦੈ। ਬਕੌਲ ਸੁਖਵਿੰਦਰ ਅੰਮ੍ਰਿਤ: ਜਦੋਂ ਔਰਤ ਅੱਗ ਬਣ ਜਾਂਦੀ ਹੈ ਫਿਰ ਜੰਗਲ ਤੋਂ ਰਾਹ ਨਹੀਂ ਪੁੱਛਦੀ। ਔਰਤਾਂ ਨੂੰ ਸਵੈ ਸ਼ਕਤੀ ਦਾ ਅਹਿਸਾਸ ਅੰਗ ਸੰਗ ਰੱਖ ਵਿਚਰਨਾ ਚਾਹੀਦੈ ਜਦੋਂ ਮਰਦਾਂ ਜਾਂ ਕੰਮ ਥਾਂ ਵਿੱਚ ਕਾਰਜਸ਼ੀਲ ਹੋਣਾ ਹੋਵੇ।

ਭਾਈਚਾਰੇ ਨੂੰ ਔਰਤਾਂ ਦੀ ਸਥਿਤੀ ਨੂੰ ਸਮਝਣ ਲਈ ਹੋਰ ਉਪਰਾਲੇ ਕਰਨੇ ਚਾਹੀਦੇ ਹਨ। ਪਰਿਵਾਰ ਸਮਾਜ ਦਾ ਇੱਕ ਅਹਿਮ ਅੰਗ ਹੁੰਦਾ ਹੈ। ਸ਼ਖਸੀਅਤ ਉਸਾਰੀ ਦੀ ਬੁਨਿਆਦ ਅਸਲ ਵਿੱਚ ਪਰਿਵਾਰ ਵਿੱਚ ਰੱਖੀ ਜਾਂਦੀ ਹੈ। ਦਾਨਸ਼ਵਰ ਤਾਂ ਏਥੋਂ ਤੱਕ ਕਹਿੰਦੇ ਹਨ ਕਿ ਸ਼ਖਸੀਅਤ ਉਸਾਰੀ ਦੀ ਨੀਂਹ ਉਸਰਨੀ ਮਾਂ ਦੀ ਕੁੱਖ 'ਚੋਂ ਹੀ ਅਰੰਭ ਹੋ ਜਾਂਦੀ ਹੈ। ਮਾਂ ਤਾਂ ਬੱਚਿਆਂ ਦੀ ਪਹਿਲੀ ਅਧਿਆਪਕ ਮਿਥੀ ਜਾਂਦੀ ਹੈ। ਅਤੇ ਪਰਵਾਰ ਬੱਚੇ ਦਾ ਪਹਿਲਾ ਸਕੂਲ ਮੰਨਿਆ ਜਾਂਦੈ। ਮਜ਼ਬੂਤ ਆਚਰਣ ਵਾਲੇ ਬੱਚੇ ਮਜ਼ਬੂਤ ਪਰਿਵਾਰਾਂ 'ਚੋਂ ਹੀ ਨਿਕਲਦੇ ਹਨ। ਸੈਕਸੂਅਲ ਦੁਰਵਿਹਾਰ ਰੋਕਣ 'ਚ ਅਹਿਮ ਭੂਮਿਕਾ ਔਰਤ ਦੀ ਸਵੈ ਦ੍ਰਿੜਤਾ 'ਤੇ ਹੀ ਨਿਰਭਰ ਕਰਦੀ ਹੈ। ਇਹ ਹੀ ਉਸ ਦੀ ਅਸਲ ਸ਼ਕਤੀ ਤੇ ਗਹਿਣਾ ਸਿੱਧ ਹੋਵੇਗਾ। ਗੁਰਬਾਣੀ ਵਿੱਚ ਆਉਂਦਾ ਹੈ: ਬਲੁ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ।। ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।। ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ।। ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।।

ਤਾਂ ਹੀ ਇਸ ਮਸਲੇ ਦੇ ਸਿੱਕੇਬੰਦ ਹੱਲ ਵਾਸਤੇ ਮੇਰੀ ਕਲਮ ਨੇ ਔਰਤ ਨੂੰ ਹੀ ਵੰਗਾਰਿਐ: "ਸੰਨ੍ਹ ਦਰਿਆਵਾਂ ਦੇ ਡਟ ਜਾਹ ਸ਼ੀਂਹਣੀ ਬਣਕੇ'। ਔਰਤ ਨਾਲ ਹੁੰਦੇ ਸੈਕਸੂਅਲ ਦੁਰਵਿਹਾਰ ਨੂੰ ਨਕੇਲ ਕੇਵਲ ਤੇ ਕੇਵਲ ਔਰਤ ਹੀ ਪਾ ਸਕਦੀ ਹੈ। ਭਾਵ ਮਸਲਾ ਜਿਸ ਤੋਂ ਅਰੰਭ ਹੁੰਦੈ, ਉਸੇ 'ਤੇ ਹੀ ਮੁੱਕਦੈ, ਬਾਕੀ ਸਭ ਖਜਲ ਖੁਆਰੀਆਂ! ਉਸ ਦਾ ਸਵੈ ਹਮੇਸ਼ ਹੀ ਉਸ ਦੇ ਹਾਜ਼ਰ ਨਾਜ਼ਰ ਰਹਿੰਦੈ, ਕਿਤਿਓਂ ਸੱਦਣ ਬੁਲਾਉਣ ਦੀ ਲੋੜ ਹੀ ਨਹੀਂ?

ਫੋਨ: 647-402-2170


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੌਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੌਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉਤੇ ਪੈਦਲ ਤੁਰ ਸਕੇ, 11.ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜ਼ਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖ਼ੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾ-ਰੋੜੇ ਅਤੇ ਖ਼ੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ: 403-455-4220, ਪ੍ਰੋ: ਗੋਪਾਲ ਕਾਉਂਕੇ: 403-970-3588

## ਇਕ ਫਲਸਤੀਨੀ ਕਵਿਤਾ

## ਇਕ ਦਿਵਾਲੀਏ ਦੀ ਰਿਪੋਰਟ

ਜੇਕਰ ਮੈਨੂੰ ਆਪਣੀ ਰੋਟੀ ਛੱਡਣੀ ਪਵੇ
ਜੇਕਰ ਮੈਨੂੰ ਆਪਣੀ ਕਮੀਜ਼ ਅਤੇ ਆਪਣਾ
ਬਿਸਤਰਾ ਵੇਚਣਾ ਪਵੇ
ਜੇਕਰ ਮੈਨੂੰ ਪੱਥਰ ਤੋੜਣ ਦਾ ਕੰਮ ਕਰਨਾ ਪਵੇ
ਜਾਂ ਕੁਲੀ ਦਾ
ਜਾਂ ਭੰਗੀ ਦਾ
ਜੇਕਰ ਮੈਨੂੰ ਤੇਰਾ ਗੁਦਾਮ ਸਾਫ਼ ਕਰਨਾ ਪਵੇ
ਜਾਂ ਕੂੜੇ-ਕਰਕਟ ਵਿਚ ਰੋਟੀ ਲੱਭਣੀ ਪਵੇ
ਜਾਂ ਭੁੱਖੇ ਰਹਿਣਾ ਪਵੇ
ਅਤੇ ਚੁੱਪਚਾਪ
ਮਨੁੱਖਤਾ ਦੇ ਦੁਸ਼ਮਣ
ਮੈਂ ਸਮਝੌਤਾ ਨਹੀਂ ਕਰਾਂਗਾ
ਅੰਤ ਤੱਕ ਮੈਂ ਲੜਾਂਗਾ
ਜਾਵੇ ਮੇਰੀ ਜ਼ਮੀਨ ਦਾ
ਆਖਰੀ ਟੁਕੜਾ ਵੀ ਖੋਹ ਲਵੋ
ਜੇਲ੍ਹ ਦੀ ਕੋਠੜੀ ਵਿਚ
ਮੇਰੀ ਜਵਾਨੀ ਗਾਲ ਦੇਵੋ
ਮੇਰੀ ਵਿਰਾਸਤ ਲੁੱਟ ਲਵੋ
ਮੇਰੀਆਂ ਕਿਤਾਬਾਂ ਸਾੜ ਦੇਵੋ
ਮੇਰੇ ਥਾਲ ਵਿਚ ਆਪਣੇ ਕੁੱਤਿਆਂ ਨੂੰ ਖਵਾਓ
ਜਾਵੋ ਮੇਰੇ ਪਿੰਡ ਦੀਆਂ ਛੱਤਾਂ ਤੇ
ਆਪਣੇ ਆਤੰਕ ਦੇ ਜਾਲ ਵਿਛਾ ਦੇਵੋ
ਮਨੁੱਖਤਾ ਦੇ ਦੁਸ਼ਮਣ
ਮੈਂ ਸਮਝੌਤਾ ਨਹੀਂ ਕਰਾਂਗਾ
ਅਤੇ ਅੰਤ ਤੱਕ ਮੈਂ ਲੜਾਂਗਾ
ਜੇਕਰ ਤੂੰ ਮੇਰੀਆਂ ਅੱਖਾਂ ਵਿਚ
ਸਾਰੀਆਂ ਮੋਮਬੱਤੀਆਂ ਪਿਘਲਾ ਦੇਵੇਂ
ਜੇਕਰ ਤੂੰ ਮੇਰੇ ਬੁੱਲ੍ਹਾਂ ਦੇ
ਹਰ ਚੁੰਮਣ ਨੂੰ ਜਮਾ ਦੇਵੇਂ
ਜੇਕਰ ਤੂੰ ਮੇਰੇ ਮਾਹੌਲ ਨੂੰ
ਗਾਲਾਂ ਨਾਲ ਭਰ ਦੇਵੇਂ
ਜਾਂ ਮੇਰੇ ਦੁੱਖਾਂ ਨੂੰ ਦਬਾ ਦੇਵੇਂ
ਮੇਰੇ ਨਾਲ ਧੋਖਾ ਕਰੇਂ
ਮੇਰੇ ਬੱਚਿਆਂ ਦੇ ਮੁੱਖ ਤੋਂ ਹਾਸਾ ਉਡਾ ਦੇਵੇਂ
ਤੇ ਮੇਰੀਆਂ ਅੱਖਾਂ ਵਿਚ ਅਪਮਾਨ ਦੀ
ਪੀੜ ਭਰ ਦੇਵੇਂ
ਮੈਂ ਸਮਝੌਤਾ ਨਹੀਂ ਕਰਾਂਗਾ
ਅਤੇ ਅੰਤ ਤੱਕ ਮੈਂ ਲੜਾਂਗਾ
ਮੈਂ ਲੜਾਂਗਾ
ਮਨੁੱਖਤਾ ਦੇ ਦੁਸ਼ਮਣ
ਬੰਦਰਗਾਹਾਂ ਤੋਂ ਸਿਗਨਲ ਉਠਾ ਦਿੱਤੇ ਗਏ ਨੇ
ਵਾਤਾਵਰਨ 'ਚ ਸੰਕੇਤ ਹੀ ਸੰਕੇਤ ਹਨ
ਮੈਂ ਉਹਨਾਂ ਨੂੰ ਹਰ ਥਾਂ ਵੇਖ ਰਿਹਾ ਹਾਂ
ਕਿਨਾਰੇ ਤੇ ਕਿਸ਼ਤੀਆਂ ਦੀਆਂ ਕਤਾਰਾਂ ਨਜ਼ਰ ਆ ਰਹੀਆਂ ਨੇ
ਉਹ ਆ ਰਹੇ ਨੇ
ਵਿਰੋਧ ਕਰਦੇ ਹੋਏ
ਯੂਲੀਸਿਸ ਦੀਆਂ ਕਿਸ਼ਤੀਆਂ ਪਰਤ ਰਹੀਆਂ ਹਨ
ਗਵਾਚੇ ਹੋਏ ਲੋਕਾਂ ਦੇ ਸਮੁੰਦਰ 'ਚੋਂ
ਸੂਰਜ ਚੜ੍ਹ ਰਿਹਾ ਹੈ
ਆਦਮੀ ਅੱਗੇ ਵੱਧ ਰਹੇ ਹਨ
ਅਤੇ ਇਸ ਲਈ ਮੈਂ ਸੌਂਹ ਖਾਂਦਾ ਹਾਂ
ਮੈਂ ਸਮਝੌਤਾ ਨਹੀਂ ਕਰਾਂਗਾ
ਅਤੇ ਅੰਤ ਤੱਕ ਮੈਂ ਲੜਾਂਗਾ
ਮੈਂ ਲੜਾਂਗਾ

- ਸਮੀਹ ਅਲ-ਕਾਸਿਮ

## ਸਾਹਿਤ ਦੀ ਪੜਤਾਲ ਹੋਵੇਗੀ

ਉਹ ਜਿਹਨਾਂ ਨੂੰ ਲਿਖਣ ਵਾਸਤੇ
ਸੋਨੇ ਦੀਆਂ ਕੁਰਸੀਆਂ 'ਤੇ ਬਿਠਾਈ ਰੱਖਿਆ
ਉਹਨਾਂ ਨੂੰ ਪੁੱਛਿਆ ਜਾਵੇਗਾ।
ਕਿ ਤੁਹਾਡੇ ਕੋਟ ਕਿਸਨੇ ਬੁਣੇ ਸਨ?
ਉਹਨਾਂ ਦੇ ਉਚੇਰੇ ਖਿਆਲਾਂ ਲਈ
ਪੁਸਤਕਾਂ ਦੀ ਪੜਤਾਲ ਨਹੀਂ ਹੋਵੇਗੀ?
ਸਗੋਂ ਸਬੱਬੀ ਲੱਭੇ ਉਸ ਮੁਹਾਵਰੇ 'ਚੋਂ
ਜੋ ਕੋਟ ਤਿਆਰ ਕਰਨ ਵਾਲਿਆਂ
ਬਾਰੇ ਦੱਸਦਾ ਹੋਵੇ,
ਉਹ ਮੁਹਾਵਰਾ ਦਿਲਚਸਪੀ ਨਾਲ ਪੜ੍ਹਿਆ ਜਾਵੇਗਾ
ਕਿਉਂਕਿ ਇਨ੍ਹਾਂ ਵਿਚੋਂ ਸ਼ਾਇਦ
ਉਨ੍ਹਾਂ ਪ੍ਰਸਿੱਧ ਪੁਰਖਿਆਂ ਦੇ ਗੁਣਾਂ ਬਾਰੇ
ਪਤਾ ਲੱਗਦਾ ਹੋਵੇ।

ਸਾਰੇ ਸਾਹਿਤ
ਜੋ ਚੋਣਵੀਆਂ ਸ਼ੈਲੀਆਂ ਵਿਚ
ਲੁਕਾਏ ਹੋਏ ਹੋਣ
ਉਹਨਾਂ ਵਿਚੋਂ ਉਹ ਚਿੰਨ੍ਹ ਲੱਭੇ ਜਾਣਗੇ
ਕਿ ਜਿਥੇ ਜ਼ੁਲਮ ਹੁੰਦਾ ਸੀ
ਉਥੇ ਕ੍ਰਾਂਤੀਕਾਰੀ ਵੀ ਹੁੰਦੇ ਸਨ
ਅਮਰ ਹੋਏ ਜੀਵਾਂ ਨੂੰ ਬੇਨਤੀਆਂ ਕਰਦੇ
ਇਹ ਸਾਬਤ ਕਰਨਗੇ ਕਿ
ਉਸ ਵੇਲੇ
ਨਾਸ਼ਵਾਨ ਜੀਵ
ਆਪਣੇ ਵਰਗੇ ਨਾਸ਼ਮਾਨਾਂ ਤੇ ਹਕੂਮਤ ਕਰਦੇ ਸੀ
ਸ਼ਬਦਾਂ ਦਾ ਮਨਮੋਹਣਾ ਗੀਤ ਦੱਸੇਗਾ
ਕਿ ਬਹੁਤਿਆਂ ਨੂੰ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ।

ਫਿਰ ਉਸ ਵੇਲੇ ਉਹਨਾਂ ਲੋਕਾਂ ਦੀ ਪ੍ਰਸ਼ੰਸਾ ਹੋਵੇਗੀ
ਜੋ ਨੰਗੀ ਧਰਤੀ 'ਤੇ ਬੈਠ ਲਿਖਦੇ ਹੁੰਦੇ ਸੀ
ਜੋ ਦਲਿਤਾਂ ਵਿਚ ਰਲਕੇ ਬੈਠਦੇ ਹੁੰਦੇ ਸੀ
ਜੋ ਯੋਧਿਆਂ ਕੋਲ ਬੈਠਦੇ ਸੀ
ਜਿਹਨਾਂ ਕਲਾ ਰਾਹੀਂ ਦਲਿਤਾਂ ਦੇ ਕਸ਼ਟਾਂ ਬਾਰੇ ਲਿਖਿਆ
ਜਿਹਨਾਂ ਨੇ ਉਹਨਾਂ ਪਵਿੱਤਰ ਸ਼ਬਦਾਂ ਰਾਹੀਂ ਲਿਖਿਆ,
ਜਿਹੜੇ ਸ਼ਬਦ ਪੁਰਾਣੇ ਸਮਿਆਂ ਵਿਚ
ਬਾਦਸ਼ਾਹ ਦੀ ਖੁਸ਼ਾਮਦ ਲਈ ਨਿਸ਼ਚਿਤ ਹੁੰਦੇ ਸੀ,
ਉਹਨਾਂ ਦੀਆਂ ਗਾਲਾਂ
ਤੇ ਉਹਨਾਂ ਦੇ ਮਨੋਰਥ-ਪੱਤਰਾਂ ਉਤੇ
ਅਜੇ ਵੀ ਦਲਿਤਾਂ ਦੇ ਅਗੂਠੇ ਲੱਗੇ ਹੋਣਗੇ
ਉਹ ਆਪਣੇ ਸਾਥੀਆਂ ਕੋਲ
ਆਪਣੇ ਮੁੜ੍ਹਕੇ-ਭਿੱਜੇ ਕੁੜਤਿਆਂ ਦੇ ਹੇਠ
ਪੁਲਿਸ ਦੇ ਘੇਰੇ ਨੂੰ ਤੋੜ,
ਆਪਣਾ ਸੰਦੇਸ਼ ਪਹੁੰਚਾਉਂਦੇ ਸੀ।

ਹਾਂ, ਸਮਾਂ ਆਵੇਗਾ
ਇਹ ਮਿੱਤਰ ਤੇ ਜੁਗਤੀ ਲੋਕ
ਇਹ ਗੁਸੈਲ ਤੇ ਆਸਾਂ ਭਰੇ ਲੋਕ
ਜੋ ਨੰਗੀ ਧਰਤੀ 'ਤੇ ਬੈਠ ਲਿਖਦੇ ਰਹੇ,
ਜੋ ਦਲਿਤਾਂ ਤੇ ਯੋਧਿਆਂ ਵਿਚਕਾਰ ਘਿਰੇ ਰਹੇ,
ਸ਼ਰ੍ਹੇਆਮ ਸਤਿਕਾਰੇ ਜਾਣਗੇ।

(1938-41) - ਬ੍ਰਤੋਲਤ ਬ੍ਰੈਖ਼ਤ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਤਰਕਸ਼ੀਲ
ਵਿਗਿਆਨਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦਵਿੰਦਰ ਤੂਰ 416-902-9372

## ਗਿਆਨ ਦੀ ਮਹਿਮਾ

ਸਾਧਾਰਨ ਚੀਜ਼ਾਂ ਦਾ ਗਿਆਨ ਪ੍ਰਾਪਤ ਕਰੋ।
ਤੁਸੀਂ, ਜਿਨ੍ਹਾਂ ਲਈ ਪਹਿਲਾਂ ਹੀ ਵਕਤ ਆ ਗਿਆ ਹੈ
ਕਦੇ ਵੀ ਦੇਰ ਨਹੀਂ ਹੁੰਦੀ
ਆਪਣੇ ਏ. ਬੀ. ਸੀ. ਸਿੱਖੋ
ਫਿਰ ਇਹ ਕਾਫ਼ੀ ਨਹੀਂ
ਫਿਰ ਅਵੱਸ਼ ਸਿੱਖੋ।
ਦਿਲ ਨਾ ਛੱਡ ਜਾਇਓ
ਆਰੰਭ ਕਰੋ!
ਤੁਸੀਂ ਹਰ ਚੀਜ਼ ਜਾਣ ਜਾਓ
ਤੁਸੀਂ ਅਗਵਾਈ ਕਰੋ।

ਪਾਗਲਖਾਨੇ ਵਿਚਲੇ ਆਦਮੀ, ਸਿੱਖੋ!
ਜੇਲ੍ਹ ਵਿਚਲੇ ਆਦਮੀ, ਸਿੱਖੋ!
ਰਸੋਈ ਵਿਚਲੀ ਸੁਆਣੀ, ਸਿੱਖੋ!
ਸੱਠ ਸਾਲਦੇ ਭਲੇ ਪੁਰਸ਼ੋ, ਸਿੱਖੋ!
ਸਕੂਲ ਦੀ ਤਲਾਸ਼ ਕਰੋ
ਤੂੰ ਜੋ ਬੇਘਰਾ ਹੈਂ।
ਅਕਲਾਂ ਨੂੰ ਤਿੱਖਾ ਕਰੋ
ਤੂੰ ਜਿਹੜਾ ਕੰਬਦਾ ਹੈਂ
ਭੁੱਖੇ ਆਦਮੀ
ਕਿਤਾਬ ਤੀਕ ਪਹੁੰਚ
ਇਹ ਇਕ ਹਥਿਆਰ ਹੈ
ਤੈਨੂੰ ਅਗਵਾਈ ਹੱਥ 'ਚ ਲੈਣੀ ਚਾਹੀਦੀ ਹੈ
ਭਰਾਵਾ!
ਪੁੱਛਣ ਲਗਾ, ਡਰ ਨਾ
ਪਿਛਲੱਗ ਨਾ ਬਣ
ਖੁਦ ਵੇਖ।
ਜੋ ਤੂੰ ਖੁਦ ਨਹੀਂ ਜਾਣਦਾ
ਕੁਝ ਨਹੀਂ ਜਾਣਦਾ
ਹਿਸਾਬ-ਕਿਤਾਬ ਕਰ
ਤੂੰ ਹੀ ਅਦਾਇਗੀ ਕਰਨੀ ਹੈ
ਹਰ ਵਸਤੂ ਉਤੇ ਉਂਗਲੀ ਰੱਖ
ਤੇ ਪੁੱਛ! ਇਹ ਇਥੇ ਕਿਵੇਂ ਆ ਗਈ?
ਤੇ ਅਗਵਾਈ ਆਪਣੇ ਹੱਥਾਂ
ਵਿਚ ਲੈ ਲੈ!

(1941-45) - ਬ੍ਰੈਖ਼ਤ

## ਅਸੀਂ ਨਹੀਂ ਚਾਹੁੰਦੇ

ਅਸੀਂ ਨਹੀਂ ਚਾਹੁੰਦੇ
ਸਾਡੀ ਜ਼ਿੰਦਗੀ ਦੇ ਘੋੜੇ
ਦਾਚਾਲਕ ਕੋਈ ਹੋਰ ਹੋਵੇ
ਸਾਡੀ ਜ਼ਿੰਦਗੀ ਨੂੰ
ਜਿਧਰ ਜੀਅ ਕਰੇ ਲਿਜਾਵੇ
ਅਸੀਂ ਤਾਂ ਆਪ ਬਣਨਾ ਚਾਹੁੰਦੇ ਹਾਂ
ਚਾਲਕ ਆਪਣੀ ਜ਼ਿੰਦਗੀ ਦੇ
ਤੇ ਲਿਜਾਣਾ ਚਾਹੁੰਦੇ ਹਾਂ
ਆਪਣੀ ਮਨਮਰਜ਼ੀ ਦੀ ਰਾਹ 'ਤੇ
ਉਭੜ-ਖਾਭੜ
ਉਚੇ-ਨੀਵੇ
ਵਿੰਗ-ਤੜਿੰਗੇ ਰਾਹ
ਅਸੀਂ ਖੁਦ ਹੀ ਪਾਰ ਕਰ ਲਵਾਂਗੇ
ਭਾਵੇਂ ਵਾਰ ਵਾਰ ਡਿੱਗੀਏ
ਤੇ ਸੱਟਾਂ ਖਾਈਏ
ਤਾਂ ਵੀ ਸਾਨੂੰ ਖੁਸ਼ੀ ਹੋਵੇਗੀ
ਤੇ ਜਦੋਂ ਪਰਤਾਂਗੇ
ਲੰਮੇ ਰਸਤਿਆਂ ਤੋਂ
ਤਾਂ ਸਾਡੇ ਕੋਲ
ਕੁਝ ਮਾਣ ਕਰਨਯੋਗ ਹੋਵੇਗਾ
ਕਿ ਅਸੀਂ ਆਪਣੇ ਬਲਬੂਤੇ
ਆਪ ਚੱਲੇ ਹਾਂ ਤੇ
ਆਪ ਚਾਲਕ ਬਣੇ ਹਾਂ
ਆਪਣੀ ਜ਼ਿੰਦਗੀ ਦੇ



ਰਮਨਦੀਪ ਕੌਰ, ਦਿਆਲਪੁਰਾ ਭਾਈਕਾ (ਬਠਿੰਡਾ)

## ਪੰਜਾਬ ਦੀ ਕਿਸਾਨੀ



ਚੜ੍ਹਦੀ ਸਵੇਰ ਕਿਸਾਨਾਂ ਦੇ ਦਿੱਸਣ ਵਿਛਦੇ ਸੱਥਰ।
ਜਦ ਅਖ਼ਬਾਰਾਂ ਦੀ ਸੁਰਖੀ ਬਣੇ ਸੰਗਾ ਮੋਟੇ ਅੱਖਰ।
ਕਿਸਾਨ ਜੰਮਦਾ ਕਰਜ਼ੇ ਵਿਚ ਤੇ ਜਿਉਂਦਾ ਕਰਜ਼ੇ ਵਿਚ,
ਇਹ ਸਰਕਾਰੀ ਮਾੜੀ ਨੀਯਤ ਤੇ ਨੀਤੀ ਦਾ ਚੱਕਰ।
ਬੀਜ ਦਵਾਈਆਂ ਨਾ ਕਿਧਰੇ ਵਧੀਆ ਮਿਲਦੀਆਂ,
ਤਾਂ ਤੇ ਕਿਸਾਨ ਕਰਜ਼ੇ ਨੇ ਮਾਰੇ, ਕੁਝ ਚਿੱਟੇ ਮੱਛਰ।
ਪਹਿਲਾਂ ਉਤਮ ਖੇਤੀ ਤੇ ਮੱਧਮ ਵਪਾਰ ਹੁੰਦਾ ਸੀ,
ਹੁਣ ਖੁਸ਼ ਹੋਣ ਵਪਾਰੀ ਕਿਸਾਨ ਫਿਰਦੇ ਮਾਰਦੇ ਦੁੱਥੜ।
ਆਪਣੀ ਪਿੱਠ ਥਾਪੜ ਖੇਤੀ ਦੇ ਜੋ ਹਿਤੈਸ਼ੀ ਬਣਦੇ,
ਕੰਮ ਨਾ ਕਰਦੇ ਕੋਈ ਚੁੱਕਣ ਲਈ ਖੇਤੀ ਦਾ ਪੱਧਰ।
ਕਿਸਾਨਾਂ ਨੂੰ ਘਸਿਆਰੇ ਬਣਾ ਕੇ ਰੱਖ ਦਿੱਤਾ ਤੇ
ਹੋਰ ਪਿਸ ਰਹੇ ਕਾਨੂੰਨਾਂ ਦੀ ਲੈ ਕਰ ਕੇ ਟੱਕਰ।
ਅੱਜ ਮੁੜ 'ਰਾਜੇ ਸੀਂਹ ਮੁਕੱਦਮ ਕੁੱਤੇ' ਹੈ ਹੋਏ,
ਹਾਲੀ ਤੇ ਕਿਸਾਨੀ ਉਤੇ ਵਰ੍ਹਦਾ ਪਿਆ ਹੈ ਕੱਕਰ।
ਅੰਨਦਾਤੇ ਅਖਵਾਣ ਵਾਲੇ ਮੌਤ ਗਲੇ ਲਾਵਣ,
ਇਹ ਹੈ ਜਗੀਰੂ ਜਰੱਈ ਕਾਣੀ ਵੰਡ ਦਾ ਸੜ-ਯੰਤਰ।
ਹੱਕ ਮੰਗੋ ਖੁਦਕੁਸ਼ੀਆਂ ਮਸਲੇ ਦਾ ਹੱਲ ਨਹੀਂ ਹੁੰਦਾ,
ਤਾਂ ਜੋ ਗੁਰੂਆਂ ਦੀ ਧਰਤ ਨਾ ਬਣੇ ਸਿਵਿਆਂ ਦਾਪੱਧਰ।
ਨਾ ਗਰੀਬੀ ਖਤਮ ਹੁੰਦੀ, ਖਤਮ ਗਰੀਬ ਹੁੰਦੇ ਦਿੱਸਣ,
ਇਹ ਕਿਸ ਤਰ੍ਹਾਂ ਦਾ 'ਜਗੈਤ' ਨਿਜ਼ਾਮ ਬਦਲਣ ਦਾ ਚੱਕਰ?
ਕਿਸਾਨ ਖੁਦਕੁਸ਼ੀ ਫੰਡ ਛਡ ਕਿਸਾਨ ਵਿਕਾਸ ਦੀ ਗੱਲ ਹੋਵੇ,
ਕਾਮੇ ਲਾਭ 'ਚ ਭਾਈਵਾਲ ਬਣੇ ਨਿਕਲੇ ਕਰਜ਼ੇ-ਚੱਕਰ

ਜਸਵੰਤ ਸਿੰਘ ਜਗੈਤ ਕੈਲਗਰੀ

## ਧਰਤੀ ਦੇ ਨਾਮ ਖਤ

ਮਾਂ ਧਰਤੀਏ
ਅੱਜ
ਮੇਰੇ ਦਰਦ ਨੇ
ਤੇਰੇ ਦਰਦ ਦੇ ਨਾਮ ਖਤ
ਲਿਖਿਆ ਹੈ
ਤੈਨੂੰ ਵੀ ਮਾਂ ਕਹਿੰਦੇ ਨੇ
ਮੈਨੂੰ ਵੀ ਮਾਂ ਕਹਿੰਦੇ ਨੇ
ਤੇਰੇ ਤੇ ਮੇਰੇ ਦਰਦ ਦੀ
ਇਕੋ ਜਾਤ ਹੈ
ਇਕੋ ਗੋਤ ਹੈ
ਇਕੋ ਲੋੜ ਹੈ
ਆ ਆਪਾਂ
ਆਪਣੇ ਦਰਦਾਂ ਨੂੰ
ਦਰਦਾਂ ਦੇ ਖਤ ਪੜ੍ਹਾਈਏ
ਦਰਦਾਂ ਦੇ ਅਰਥ ਸਮਝਾਈਏ
ਦਰਦਾਂ ਦੀ ਸਾਂਝ ਵਧਾਈਏ
ਤੇ ਦੋਨਾਂ ਦਰਦਾਂ ਨੂੰ
ਇਕ ਦਰਦ ਬਣਾ
ਇਕ ਤਾਕਤ ਬਣਾ
ਆਪਣੀਆਂ ਹਿੱਕਾਂ ਤੇ ਉੱਗੇ
ਕੰਡਿਆਲੇ ਝਾੜਾਂ ਨੂੰ
ਸਾੜ ਸੁੱਟੀਏ
ਆਪਣੀਆਂ ਰੂਹਾਂ
ਆਪਣੇਜਿਸਮਾਂ
ਅਤੇ ਆਪਣੇ ਹੱਕਾਂ ਦੇ
ਬਲਾਤਕਾਰੀ ਬਘਿਆੜਾਂ ਨੂੰ
ਇਨਸਾਨ ਬਣਾਈਏ

- ਸੁਰਿੰਦਰ ਗੀਤ

ਸੁਆਲ-ਸੰਵਾਦ

# 'ਉਡਤਾ ਪੰਜਾਬ' ਦੀ ਏਕਤਾ ਅਤੇ ਪੰਜਾਬ ਦਾ ਖਿੰਡਾਰਾ

ਦਲਜੀਤ ਅਮੀ

*ਇਸ ਫ਼ਿਲਮ ਦੀ ਕਾਮਯਾਬੀ ਇਸ ਸੁਆਲ ਵਿੱਚ ਹੈ ਕਿ ਮੌਜੂਦਾ ਮਾਹੌਲ ਵਿੱਚ ਅਨੁਰਾਗ ਕਸ਼ਅਪ-ਏਕਤਾ ਕਪੂਰ ਦੀ ਜੋੜੀ ਸਾਰੀਆਂ ਸਿਆਸੀ ਧਿਰਾਂ ਨੂੰ ਟਿਕਟ ਖਿੜਕੀ ਦੇ ਬਾਹਰ ਕਿਵੇਂ ਜਥੇਬੰਦ ਕਰਦੀ ਹੈ।]*




'ਉਡਤਾ ਪੰਜਾਬ' ਸ਼ਾਇਦ ਫਿਲਮ ਇਤਿਹਾਸ ਦੇ ਸਭ ਤੋਂ ਵੱਡੇ ਬੇਦਾਅਵੇ ਨਾਲ ਸ਼ੁਰੂ ਹੁੰਦੀ ਹੈ। ਲੰਮੀ ਇਬਾਰਤ ਵਾਲਾ ਬੇਦਾਅਵਾ ਲੰਮਾ ਸਮਾਂ ਪਰਦੇ ਉੱਤੇ ਰਹਿੰਦਾ ਹੈ। ਇਸ ਬੇਦਾਅਵੇ ਵਿੱਚ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫਿਕੇਸ਼ਨ ਦੀ ਸੁਝਾਈ ਹੋਈ ਇਹ ਸਤਰ ਸ਼ਾਮਿਲ ਹੈ, ਅਸੀਂ ਸਰਕਾਰ ਅਤੇ ਪੁਲਿਸ ਰਾਹੀਂ ਨਸ਼ਿਆਂ ਖ਼ਿਲਾਫ਼ ਵਿੱਢੀ ਲੜਾਈ ਦੀ ਤਸਦੀਕ ਕਰਦੇ ਹਾਂ। ਇਸ ਬੀਮਾਰੀ ਖ਼ਿਲਾਫ਼ ਲੜਾਈ ਨੂੰ ਸਮੁੱਚੇ ਮੁਲਕ ਦੇ ਏਕੇ ਤੋਂ ਬਿਨਾਂ ਨਹੀਂ ਜਿੱਤਿਆ ਜਾ ਸਕਦਾ। ਇਸ ਦੇ ਨਾਲ ਹੀ ਇਹ ਸਾਫ਼ ਕੀਤਾ ਜਾਂਦਾ ਹੈ ਕਿ ਇਸ ਫ਼ਿਲਮ ਦੇ ਸਾਰੇ ਪਾਤਰ ਅਤੇ ਘਟਨਾਵਾਂ ਕਾਲਪਨਿਕ ਹਨ ਜਿਨ੍ਹਾਂ ਦਾ ਹਕੀਕਤ ਨਾਲ ਕਿਸੇ ਤਰ੍ਹਾਂ ਦਾ ਮੇਲ ਮਹਿਜ ਮੌਕਾ-ਮੇਲ ਹੈ। ਇਸ ਤੋਂ ਬਾਅਦ ਪੂਰੀ ਫ਼ਿਲਮ ਇਨ੍ਹਾਂ ਬੇਦਾਅਵਿਆਂ ਵਿੱਚ ਢੁਕਣ ਦੀ ਮਸ਼ਕ ਬਣਦੀ ਜਾਪਦੀ ਹੈ। ਪਹਿਲੇ ਦ੍ਰਿਸ਼ ਵਿੱਚ ਪਾਕਿਸਤਾਨ ਦੀ ਜ਼ਮੀਨ ਤੋਂ ਇੱਕ ਚੱਪਣੀ (ਡਿਸਕਸ) ਸੁਟਾਵਾ ਤਸਕਰਾਂ ਦੀ ਟੋਲੀ ਨਾਲ ਮਿਲ ਕੇ ਤਿੰਨ ਕਿਲੋ ਕੋਕੀਨ ਦੀ ਥੈਲੀ ਕੌਮਾਂਤਰੀ ਕੰਡਿਆਲੀ ਤਾਰ ਤੋਂ ਪਾਰ ਭਾਰਤ ਵਿੱਚ ਸੁੱਟਦਾ ਹੈ। ਇਹ ਥੈਲੀ ਹਵਾ ਵਿੱਚ ਰੁਕ ਜਾਂਦੀ ਹੈ ਅਤੇ ਇਸ ਦੇ ਉੱਤੇ ਫ਼ਿਲਮ ਦਾ ਨਾਮ ਉਭਰਦਾ ਹੈ, 'ਉਡਤਾ ਪੰਜਾਬ'।

ਇਹ ਦ੍ਰਿਸ਼ ਦੋਵਾਂ ਬੇਦਾਅਵਿਆਂ ਦੇ ਘੇਰੇ ਅੰਦਰੋਂ ਕੀਤੀ ਦਾਅਵੇਦਾਰੀ ਹੈ। ਨਸ਼ਾ ਪਾਕਿਸਤਾਨ ਤੋਂ ਆ ਰਿਹਾ ਹੈ ਅਤੇ ਸਰਹੱਦੀ ਤਾਰ ਦੇ ਉਪਰੋਂ ਆ ਰਿਹਾ ਹੈ। ਇਹ ਦ੍ਰਿਸ਼ ਕਾਲਪਨਿਕ ਵੀ ਹੈ ਅਤੇ ਇਸ ਨਾਲ ਭਾਰਤੀ ਸਰਕਾਰ ਅਤੇ ਪੁਲਿਸ ਦੇ ਪੱਖ ਵਿੱਚ ਜੁੱਟ ਬਣਨ ਦਾ ਮੁੱਢ ਵੀ ਬੰਨ੍ਹਿਆ ਜਾਂਦਾ ਹੈ। ਅਸਲ ਵਿੱਚ ਸਰਹੱਦੀ ਤਾਰ ਅਤੇ ਸਰਹੱਦ ਵਿੱਚ ਚੋਖਾ ਫ਼ਾਸਲਾ ਹੈ। ਤਾਰ ਤੋਂ ਪਾਰ ਭਾਰਤੀ ਕਿਸਾਨ ਖੇਤੀ ਕਰਨ ਜਾਂਦੇ ਹਨ। ਤਾਰ ਤੋਂ ਪਾਰ ਕੋਈ ਉਸਾਰੀ ਜਾਂ ਰਿਹਾਇਸ਼ ਨਹੀਂ ਹੈ। ਤਾਰ ਤੋਂ ਪਾਰ ਜਾਣ ਦਾ ਕੰਮ ਨੀਮ ਫ਼ੌਜੀ ਦਲਾਂ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਹੋ ਸਕਦਾ। ਤਾਰ ਤੋਂ ਪਾਰ ਤਕਰੀਬਨ ਇੱਕ ਕਿਲੋਮੀਟਰ ਦਾ ਇਲਾਕਾ ਭਾਰਤ ਦਾ ਹੈ। ਉਸ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ 'ਨੋ ਮੈਨ ਲੈਂਡ' ਹੈ ਅਤੇ ਇਸ ਦੇ ਵਿਚਕਾਰੋਂ ਕੌਮਾਂਤਰੀ ਸਰਹੱਦ ਗੁਜ਼ਰਦੀ ਹੈ। ਤਾਰ ਦੇ ਨਾਲ ਸੀਮਾ ਸੁਰੱਖਿਆ ਬਲ ਦੇ ਮਚਾਨ ਹਨ ਅਤੇ ਦੋਵੇਂ ਪਾਸੇ ਗਸ਼ਤ ਲਈ ਰਾਹ ਬਣੇ ਹੋਏ ਹਨ। ਤਾਰ ਦੇ ਆਲੇ-ਦੁਆਲੇ ਮੱਸਿਆ ਦੀ ਰਾਤ ਨੂੰ ਦਿਨ ਚੜ੍ਹਾ ਦੇਣ ਵਾਲੀਆਂ ਬੱਤੀਆਂ ਦਾ ਇੰਤਜ਼ਾਮ ਹੈ। ਇਹ ਬੱਤੀਆਂ ਰਾਤ ਨੂੰ ਜਗਦੀਆਂ ਹਨ। ਤਾਰ ਤੋਂ ਪਾਰ ਭਾਰਤੀ ਕਿਸਾਨਾਂ ਨੂੰ ਗੰਨਾ-ਮੱਕੀ-ਬਾਜਰਾ ਵਰਗੀਆਂ ਉੱਚੀਆਂ ਫ਼ਸਲਾਂ ਬੀਜਣ ਦੀ ਮਨਾਹੀ ਹੈ।

ਇਸ ਤਰ੍ਹਾਂ ਪਾਕਿਸਤਾਨ ਵਾਲੇ ਪਾਸੇ ਤੋਂ ਤਾਰ ਦੇ ਲਾਗੇ ਆਉਣ ਲਈ ਹਨੇਰੇ, ਫ਼ਸਲਾਂ ਜਾਂ ਇਮਾਰਤਾਂ ਦੀ ਕੋਈ ਓਟ ਨਹੀਂ ਹੈ। ਜੇ ਪਾਕਿਸਤਾਨ ਵਿੱਚੋਂ ਤਿੰਨ ਕਿਲੋ ਕੋਕੀਨ ਭਾਰਤ ਵਿੱਚ ਸੁੱਟਣੀ ਹੋਵੇ ਤਾਂ ਦੁਨੀਆਂ ਦਾ ਕੌਮਾਂਤਰੀ ਰਿਕਾਰਡ ਧਾਰੀ ਚੱਪਣੀ ਸੁਟਾਵਾ ਵੀ ਇਹ ਕੰਮ ਨਹੀਂ ਕਰ ਸਕਦਾ। ਇਹ ਫ਼ਾਸਲਾ ਘੱਟੋ-ਘੱਟ ਇੱਕ ਕਿਲੋਮੀਟਰ ਬਣਦਾ ਹੈ ਪਰ ਚੱਪਣੀ ਸੁੱਟਣ ਦਾ ਕੌਮਾਂਤਰੀ ਰਿਕਾਰਡ ੭੪.੦੮ ਮੀਟਰ ਹੈ ਜਿਸ ਦੇ ਲਾਗੇ ੧੯੮੬ ਤੋਂ ਬਾਅਦ ਕੋਈ ਸੁਟਾਵਾ ਨਹੀਂ ਪਹੁੰਚਿਆ। ਮਰਦਾਂ ਦੇ ਮੁਕਾਬਲੇ ਵਿੱਚ ਵਰਤੀ ਜਾਂਦੀ ਚੱਪਣੀ ਦਾ ਵਜ਼ਨ ਦੋ ਕਿਲੋ ਹੁੰਦਾ ਹੈ। ਇਹ ਸੁਆਲ ਜਾਇਜ਼ ਹੈ ਕਿ ਫ਼ਿਲਮਸਾਜ਼ ਕੋਲ ਤਖ਼ਲੀਕੀ ਖੁੱਲ੍ਹ ਹੁੰਦੀ ਹੈ ਅਤੇ ਪੜਚੋਲ ਵੇਲੇ ਇਸ ਤਰ੍ਹਾਂ ਦੀ ਤੱਥ-ਮੁਲਕ ਜਾਣਕਾਰੀ ਬੇਮਾਅਨਾ ਹੈ। ਇਸੇ ਦਲੀਲ ਦਾ ਦੂਜਾ ਪਾਸਾ ਹੈ ਕਿ ਇਸੇ ਤਖ਼ਲੀਕੀ ਖੁੱਲ੍ਹ ਨੇ ਮਿਸਾਲੀਆ ਬਣ ਕੇ ਹਕੀਕਤ ਦੀ ਪੜਚੋਲ ਦਾ ਸਬੱਬ ਬਣਨਾ ਹੈ। 'ਉਡਤਾ ਪੰਜਾਬ' ਬਾਰੇ ਤਾਂ ਸਮੁੱਚੀ ਬਹਿਸ ਹੀ ਪੰਜਾਬ ਦੀ ਮੌਜੂਦਾ ਹਾਲਾਤ ਨਾਲ ਜੋੜ ਕੇ ਹੋ ਰਹੀ ਹੈ।

ਫ਼ਿਲਮ ਦੇ ਤਕਨੀਕੀ ਮਿਆਰ ਬਾਬਤ ਜ਼ਿਆਦਾ ਬਹਿਸ ਦੀ ਗੁੰਜਾਇਸ਼ ਨਹੀਂ ਹੈ। ਅਦਾਕਾਰੀ ਪੱਖੋਂ ਕਰੀਨਾ ਕਪੂਰ, ਦਿਲਜੀਤ ਦੁਸਾਂਝ, ਆਲਿਆ ਭੱਟ ਅਤੇ ਕਮਲ ਤਿਵਾੜੀ ਸਮੇਤ ਫ਼ਿਲਮ ਦੀ ਜ਼ਿਆਦਾਤਰ ਅਦਾਕਾਰਾਂ ਦੀ ਸਮਰੱਥਾ ਬਾਰੇ ਪਸੰਦ-ਨਾਪਸੰਦ ਦੇ ਬਾਵਜੂਦ ਕਿਸੇ ਨੂੰ ਕੋਈ ਸ਼ੱਕ ਨਹੀਂ ਹੋ ਸਕਦਾ। ਅਨੁਰਾਗ ਕਸ਼ਿਅਪ ਅਤੇ ਏਕਤਾ ਕਪੂਰ ਦੀ ਜੋੜੀ ਫ਼ਿਲਮ ਸਨਅਤ ਵਿੱਚ ਤਕਨੀਕੀ ਮੁਹਾਰਤ ਨੂੰ ਜੋੜਨ ਦੇ ਸਮਰੱਥ ਹੈ। ਉਨ੍ਹਾਂ ਦੀ ਸਮਰੱਥਾ ਦੀ ਨੁਮਾਇਸ਼ 'ਉਡਤਾ ਪੰਜਾਬ' ਵਿੱਚ ਹੁੰਦੀ ਹੈ। ਸੁਆਲ ਉਨ੍ਹਾਂ ਦੇ ਵਿਸ਼ੇ ਬਾਬਤ ਹੈ। ਅਨੁਰਾਗ ਅਤੇ ਏਕਤਾ ਨੇ ਕ੍ਰਮਵਾਰ ਫ਼ਿਲਮ ਅਤੇ ਟੈਲੀਵਿਜ਼ਨ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕੀਤੀ ਹੈ। ਏਕਤਾ ਕਪੂਰ ਦੇ ਟੈਲੀਵਿਜ਼ਨ ਸੀਰੀਅਲ ਘਰਾਂ ਵਿੱਚ ਬਾਜ਼ਾਰ ਲਗਾਉਣ ਅਤੇ ਕਹਾਣੀ ਅੰਦਰ ਇਸ਼ਤਿਹਾਰ ਸਜਾਉਣ ਲਈ ਜਾਣੇ ਜਾਂਦੇ ਹਨ। ਉਸ ਦੇ ਕਿਰਦਾਰ ਖੁੰਦਕ ਅਤੇ ਹਿਰਸ ਦੇ ਧਾਰਨੀ ਹਨ। ਉਸ ਨੂੰ ਕਿਸੇ ਕਿਰਦਾਰ ਦੀ ਪਾਕੀਜ਼ਗੀ ਨਾਪਸੰਦ ਹੈ। ਏਕਤਾ ਕਪੂਰ ਦੇ ਜ਼ਨਾਨਾ-ਮਰਦਾਨਾ ਕਿਰਦਾਰਾਂ ਨੂੰ ਵਸਤਾਂ ਚਲਾਉਂਦੀਆਂ ਹਨ ਅਤੇ ਹਰ ਤਰ੍ਹਾਂ ਦੀ ਸੌਦੇਬਾਜ਼ੀ ਸੱਸ-ਬਹੂ ਦੇ ਰਿਸ਼ਤਿਆਂ ਰਾਹੀਂ ਕੀਤੀ ਜਾਂਦੀ ਹੈ।

ਦੂਜੇ ਪਾਸੇ ਅਨੁਰਾਗ ਕਸ਼ਿਅਪ ਦੀਆਂ ਫ਼ਿਲਮਾਂ ਛੋਟੇ ਸ਼ਹਿਰਾਂ, ਤੰਗ ਇਲਾਕਿਆਂ, ਭੀੜ ਅਤੇ ਖਰਵੀ ਬੋਲੀ ਵਿੱਚੋਂ ਬੰਦੇ ਦੀ ਬਦਸੂਰਤੀ ਦੀ ਨੁਮਾਇਸ਼ ਕਰਦੀਆਂ ਹਨ। ਉਸ ਦੀ ਦਲੀਲ ਹੈ ਕਿ ਉਸ ਦੀਆਂ ਫ਼ਿਲਮਾਂ ਸਮਾਜਿਕ-ਸਿਆਸੀ ਮਨਾਹੀਆਂ ਦਾ ਘੇਰਾ ਤੋੜ ਕੇ ਹਨੇਰੀਆਂ ਕੰਦਰਾਂ ਦੀ ਅਸਲੀਅਤ ਪੇਸ਼ ਕਰਦੀਆਂ ਹਨ। ਉਸ ਦੇ ਕਿਰਦਾਰ ਹਿੰਸਾ ਨੂੰ ਰੋਟੀ ਖਾਣ ਜਿਹਾ ਸਹਿਜ ਕਾਰਜ ਬਣਾ ਦਿੰਦੇ ਹਨ। ਉਸ ਦੇ ਕਿਰਦਾਰਾਂ ਦੀ ਬੋਲੀ ਵਿੱਚੋਂ ਨਰਮੀ, ਨਿੱਘ ਅਤੇ ਸਲੀਕਾ ਮਨਫ਼ੀ ਹੈ। ਉਨ੍ਹਾਂ ਦੀ ਸਾਹ ਰਗ ਵਿੱਚੋਂ ਗਾਲਾਂ ਨਿਕਲਦੀਆਂ ਹਨ। ਇਹ ਦਲੀਲ ਲਗਾਤਾਰ ਦਿੱਤੀ ਜਾਂਦੀ ਰਹੀ ਹੈ ਕਿ ਗਾਲਾਂ ਸਮਾਜ ਦੀ ਹਕੀਕਤ ਹਨ ਅਤੇ ਇਨ੍ਹਾਂ ਨੂੰ ਸਾਹਿਤ ਅਤੇ ਸਿਰਜਣਾ ਦੀ ਕਿਸੇ ਵਿਧਾ ਵਿੱਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਇਹ ਦਲੀਲ ਰਾਹੀ ਮਾਸੂਮ ਰਜ਼ਾ ਨੇ ਆਪਣੇ ਨਾਵਲ 'ਓਸ ਕੀ ਬੂੰਦ' ਦੀ ਭੂਮਿਕਾ ਵਿੱਚ ਦਿੱਤੀ ਹੈ ਕਿ ਉਹ ਹਿਟਲਰ ਬਣ ਕੇ ਕਿਰਦਾਰਾਂ ਦੇ ਮੂੰਹ ਵਿੱਚ ਆਈਆਂ ਗਾਲਾਂ ਉੱਤੇ ਪਾਬੰਦੀ ਨਹੀਂ ਲਗਾ ਸਕਦੇ। ਇਸ ਦਲੀਲ ਨੂੰ ਅਨੁਰਾਗ ਕਸ਼ਿਅਪ ਦੀਆਂ ਫ਼ਿਲਮਾਂ ਤੱਕ ਸਮਝਣਾ ਅਹਿਮ ਹੈ। ਅਨੁਰਾਗ ਕਸ਼ਿਅਪ ਦਾ ਹਰ ਕਿਰਦਾਰ ਨੇਮ ਨਾਲ ਗਾਲਾਂ ਦਿੰਦਾ ਹੈ। ਗਾਲਾਂ ਉਨ੍ਹਾਂ ਦੀ ਤਰਜ਼ਿ-ਜ਼ਿੰਦਗੀ ਹਨ। ਅਨੁਰਾਗ ਦੀਆਂ ਫ਼ਿਲਮਾਂ ਵਿੱਚ ਗਾਲਾਂ ਕਿਸੇ ਖਿੱਝ ਜਾਂ ਗੁੱਸੇ ਜਾਂ ਪਿਆਰ ਦੀ ਨੁਮਾਇੰਦਗੀ ਨਹੀਂ ਕਰਦੀਆਂ। ਉਸ ਦੀ ਦਲੀਲ ਸੜਕਾਂ ਅਤੇ ਗਲੀਆਂ ਵਿੱਚ ਸੁਣਾਈ ਦਿੰਦੀਆਂ ਗਾਲਾਂ ਨਾਲ ਜੁੜੀ ਹੋਈ ਹੈ। ਦਰਅਸਲ ਅਸੀਂ ਸਮਾਜਿਕ ਜੀਅ ਵਜੋਂ ਬੇਨਾਮ ਜਾਂ ਅਣਜਾਣ ਲੋਕਾਂ ਦੀਆਂ ਗਾਲਾਂ ਸੁਣਦੇ ਹਾਂ ਪਰ ਅਨੁਰਾਗ ਦੀਆਂ ਫ਼ਿਲਮਾਂ ਵਿੱਚ ਇਹ ਰੁਝਾਨ ਬਾਨਾਮ ਅਤੇ ਜਾਣਕਾਰ ਘੇਰੇ ਦਾ ਹਿੱਸਾ ਹੋ ਜਾਂਦਾ ਹੈ। ਸਮਾਜ ਵਿੱਚ ਸੁਆਲ ਗਾਲਾਂ ਕੱਢਣ ਵਾਲੇ ਬੇਨਾਮ ਜੀਅ ਤੱਕ ਪਹੁੰਚ ਦਾ ਹੈ ਪਰ ਅਨੁਰਾਗ ਗਾਲਾਂ ਕੱਢਣ ਵਾਲੇ ਬੇਨਾਮ ਨੂੰ ਜਾਣ-ਪਛਾਣ ਦੇ ਘੇਰੇ ਵਿੱਚ ਲਿਆ ਕੇ ਜਾਇਜ਼ ਕਰਾਰ ਦਿੰਦਾ ਹੈ। ਉਸ ਦੀਆਂ ਫ਼ਿਲਮਾਂ ਬੇਮੁਹਾਰ ਹਿੰਸਾ ਅਤੇ ਬੇਲਗ਼ਾਮ ਜੁਆਨੀ ਉੱਤੇ ਸੁਆਲ ਕਰਨ ਵਾਲੀ ਹਰ ਥਾਂ ਜਾਂ ਅਦਾਰੇ ਜਾਂ ਕਿਰਦਾਰ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਅਨੁਰਾਗ ਦੀ ਕਾਮਯਾਬੀ ਪਰਦੇ ਉੱਤੇ ਪੇਸ਼ ਕੀਤੀ ਬੇਕਿਰਕ ਹਿੰਸਾ ਅਤੇ ਬੇਲਗ਼ਾਮ ਬੋਲੀ ਦੇ ਸਦਮੇ ਨਾਲ ਜੁੜੀ ਹੋਈ ਹੈ।

'ਉਡਤਾ ਪੰਜਾਬ' ਰਾਹੀਂ ਅਨੁਰਾਗ ਕਸ਼ਿਅਪ ਅਤੇ ਏਕਤਾ ਕਪੂਰ ਦਾ ਗੱਠਜੋੜ ਨਸ਼ਿਆਂ ਦੇ ਵਪਾਰ ਵਿੱਚੋਂ ਫ਼ਿਲਮੀ ਕਹਾਣੀ ਉਸਾਰਦਾ ਹੈ ਜੋ ਮੌਜੂਦਾ ਦੌਰ ਦੇ ਹਾਲਾਤ ਵਿੱਚ ਉਨ੍ਹਾਂ ਦੀ ਅਜ਼ਮਾਈਆਂ ਹੋਈਆਂ ਜੁਗਤਾਂ ਦਾ ਕਾਰਗਰ ਅਖਾੜਾ ਬਣਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਹ ਫ਼ਿਲਮ ਅਭਿਸ਼ੇਕ ਚੌਬੇ ਦੀ ਹੈ, ਅਨੁਰਾਗ ਜਾਂ ਏਕਤਾ ਦੀ ਨਹੀਂ। ਇਹ ਇਤਰਾਜ਼ ਦਰੁਸਤ ਹੈ ਪਰ ਅਨੁਰਾਗ ਅਤੇ ਏਕਤਾ ਦੇ ਤਖ਼ਲੀਕੀ ਗੁਣ 'ਉਡਤਾ ਪੰਜਾਬ' ਰਾਹੀਂ ਵਪਾਰਕ ਸਫ਼ਰ ਤੈਅ ਕਰਦੇ ਹਨ। ਅਭਿਸ਼ੇਕ ਚੌਬੇ ਦੀ ਫ਼ਿਲਮ ਅਨੁਰਾਗ ਅਤੇ ਏਕਤਾ ਦੇ ਨਿਵੇਕਲੇ ਚੌਖਟਿਆਂ ਵਿੱਚ ਪੂਰੀ ਉਤਰਦੀ ਹੈ। ਸਰਪ੍ਰਸਤੀ ਅਤੇ ਰਵਾਇਤ ਪੱਖੋਂ ਇਹ ਅਨੁਰਾਗ ਅਤੇ ਏਕਤਾ ਦੀ ਫ਼ਿਲਮ ਬਣਦੀ ਹੈ। ਟੈਲੀਵਿਜ਼ਨ ਲੜੀਵਾਰਾਂ ਵਿੱਚ ਗਹਿਣੇ, ਸਾੜੀਆਂ ਅਤੇ ਸੁਰਖ਼ੀਆਂ-ਬਿੰਦੀਆਂ ਦਾ ਇਸ਼ਤਿਹਾਰ ਕਰਨ ਤੋਂ ਬਾਅਦ ਏਕਤਾ ਕਪੂਰ ਫ਼ਿਲਮ ਵਿੱਚ 'ਵਟਸਅੱਪ' ਅਤੇ 'ਕੈਫੇ ਕੌਫੀ ਡੇਅ' ਵਰਗੀਆਂ ਕੰਪਨੀਆਂ ਲਈ ਇਸ਼ਤਿਹਾਰੀ ਥਾਂ ਸਿਰਜਦੀ ਹੈ। ਅਨੁਰਾਗ ਆਪਣੀਆਂ ਫ਼ਿਲਮਾਂ 'ਪਾਂਚ' ਅਤੇ 'ਗੈਂਗਸ ਆਫ਼ ਵਾਸੇਪੁਰ' ਦੀ ਲੜੀ ਨੂੰ 'ਉਡਤਾ ਪੰਜਾਬ' ਨਾਲ ਅੱਗੇ ਤੋਰਦਾ ਜਾਪਦਾ ਹੈ।

ਅਨੁਰਾਗ ਅਤੇ ਏਕਤਾ ਦੇ ਕਿਰਦਾਰ ਵੇਗ ਵਿੱਚ ਰਹਿੰਦੇ ਹਨ। ਉਨ੍ਹਾਂ ਦਾ ਵੇਗ ਨਿੱਜੀ ਹੈ। ਇਹ ਵੇਗ ਕਿਸੇ ਨਾਲ ਸਾਂਝ ਜਾਂ ਜੋੜ ਨਹੀਂ ਭਾਲਦਾ। 'ਉਡਤਾ ਪੰਜਾਬ' ਦੇ ਸਾਰੇ ਕਿਰਦਾਰ ਆਪਣੇ ਵੇਗ ਵਿੱਚ ਹਨ। ਉਹ ਆਪਣੀ ਇਕੱਲਤਾ, ਨਾਕਾਮਯਾਬੀ, ਗ਼ੁਰਬਤ ਜਾਂ ਸਿਆਸਤ ਦਾ ਤੋੜ ਨਸ਼ਿਆਂ ਦੇ ਵਪਾਰ ਜਾਂ ਵਰਤੋਂ ਵਿੱਚ ਵੇਖਦੇ ਹਨ। ਉਹ ਆਪ ਸਹੇੜੀ ਅੱਗ ਵਿੱਚੋਂ ਆਪਣੇ-ਆਪ ਨੂੰ ਬਚਾਉਣ ਲਈ ਹੱਥ-ਪੈਰ ਮਾਰਦੇ ਹਨ। ਇਹ ਫ਼ਿਲਮ ਅਨੁਰਾਗ ਕਸ਼ਿਅਪ ਦੇ ਅੰਦਾਜ਼ ਵਿੱਚ ਗਾਲਾਂ ਅਤੇ ਹਿੰਸਾ ਉੱਤੇ ਟੇਕ ਰੱਖਦੀ ਹੈ। ਗਾਲਾਂ ਹਿੰਸਾ ਦਾ ਸਭ ਤੋਂ ਸੂਖ਼ਮ ਅਤੇ ਬੇਲਿਹਾਜ ਹਥਿਆਰ ਬਣਦੀਆਂ ਹਨ। ਏਕਤਾ ਕਪੂਰ ਦੇ ਅੰਦਾਜ਼ ਵਿੱਚ ਸਾਰੇ ਕਿਰਦਾਰ ਹਿਰਸ, ਬੇਵਿਸਾਹੀ ਅਤੇ ਖੁੰਦਕ ਦਾ ਆਸਰਾ ਭਾਲਦੇ ਹਨ। ਆਪਣੇ ਬੇਦਾਅਵੇ ਮੁਤਾਬਕ ਫ਼ਿਲਮ ਭਾਈ ਦੇ ਨਸ਼ੇੜੀ ਹੋ ਜਾਣ ਕਾਰਨ 'ਅੱਖਾਂ ਖੋਲ੍ਹਣ' ਵਾਲੇ ਪੁਲਿਸ ਅਫ਼ਸਰ, ਚੰਗਿਆਈ ਨਾਲ ਭਰੀ ਪਰ ਇਕੱਲੀ ਡਾਕਟਰ ਅਤੇ ਹਾਲਾਤ ਤੋਂ ਬਦਜਨ ਹਾਕੀ ਖਿਡਾਰਨ ਦੀਆਂ ਕਹਾਣੀਆਂ ਨੂੰ ਅਨੁਰਾਗ-ਏਕਤਾ ਰਾਹਾਂ ਉੱਤੇ ਤੋਰਦੀ ਹੈ। ਬੇਦਾਅਵੇ ਨਾਲ ਸੱਚੀ ਰਹਿੰਦੀ ਹੋਈ ਫ਼ਿਲਮ ਨਸ਼ਿਆਂ ਦੇ ਵਪਾਰ ਦੀ ਸਿਆਸੀ ਸਰਪ੍ਰਸਤੀ ਬੇਪਰਦ ਹੋਣ ਅਤੇ ਪੁਲਿਸ ਦੀ ਜਾਂਚ ਸ਼ੁਰੂ ਹੋਣ ਨਾਲ ਖ਼ਤਮ ਹੁੰਦੀ ਹੈ। ਇਸੇ ਤੋਂ ਸਾਫ਼ ਹੁੰਦਾ ਹੈ ਕਿ ਅਦਾਲਤ ਦੀ ਫ਼ਿਲਮ ਬੋਰਡ ਨੂੰ ਦਿੱਤੀ ਹਦਾਇਤ 'ਪ੍ਰਭੂਸੱਤਾ ਜਾਂ ਅਖੰਡਤਾ' ਵਾਲੀ ਦਲੀਲ ਕਿੰਨੀ ਅਹਿਮ ਹੈ। ਅਦਾਲਤ ਨੇ ਕਿਹਾ ਸੀ, ਫ਼ਿਲਮ ਮੁਲਕ ਦੀ ਪ੍ਰਭੂਸੱਤਾ ਜਾਂ ਅਖੰਡਤਾ ਉੱਤੇ ਕੋਈ ਸੁਆਲ ਨਹੀਂ ਕਰਦੀ। ਫ਼ਿਲਮ ਇਸ ਦਲੀਲ ਉੱਤੇ ਖ਼ਰੀ ਉਤਰਦੀ ਹੈ। ਇਹ ਸਰਕਾਰ ਅਤੇ ਪੁਲਿਸ ਦੀਆਂ ਕਾਲੀਆਂ ਭੇਡਾਂ ਤੱਕ ਮਹਿਦੂਦ ਰਹਿੰਦੀ ਹੋਈ ਆਵਾਮ ਅੰਦਰਲੀ ਬਦਸੂਰਤੀ ਦੀ ਨੁਮਾਇਸ਼ ਲਗਾਉਂਦੀ ਹੈ। ਦਰਸ਼ਕਾਂ ਨੂੰ ਗਾਲਕੋਸ਼ ਦਾ ਤੋਹਫ਼ਾ ਦਿੰਦੀ ਹੈ ਅਤੇ ਬੇਕਿਰਕ ਹਿੰਸਾ ਦੀ ਬੇਸੁਆਦੀ ਨਾਲ ਭਰ ਦਿੰਦੀ ਹੈ।

'ਉਡਤਾ ਪੰਜਾਬ' ਦੀ ਪੰਜਾਬ ਦੀ ਮੌਜੂਦਾ ਹਾਲਾਤ ਨਾਲ ਜੋੜ ਕੇ ਪੜਚੋਲ ਜ਼ਰੂਰੀ ਹੈ। ਤਕਨੀਕੀ ਅਤੇ ਤਾਇਨਾਤੀ ਪੱਖੋਂ ਦੁਨੀਆਂ ਦੀ ਸਭ ਤੋਂ ਔਖੀ ਸਰਹੱਦ ਤੋਂ ਨਸ਼ੇ ਦਾ ਵਪਾਰ ਕਿਵੇਂ ਚੱਲਦਾ ਹੈ? ਪੰਜਾਬ ਸਰਕਾਰ ਦੇ ਕਈ ਨੁਮਾਇੰਦੇ ਵਾਰ-ਵਾਰ ਕਹਿੰਦੇ ਹਨ ਕਿ ਇਸ ਨੂੰ ਰੋਕਣਾ ਕੇਂਦਰ ਸਰਕਾਰ ਦੇ ਹੱਥ ਹੈ ਕਿਉਂਕਿ ਕੇਂਦਰੀ ਨੀਮ ਫ਼ੌਜੀ ਬਲ ਕੇਂਦਰੀ ਗ੍ਰਹਿ ਮੰਤਰਾਲੇ ਹੇਠ ਹਨ। ਦੁਨੀਆਂ ਭਰ ਦੇ ਅਧਿਐਨ ਦਰਸਾ ਰਹੇ ਹਨ ਕਿ ਸੁਰੱਖਿਆ ਅਤੇ ਖ਼ੁਫ਼ੀਆ ਏਜੰਸੀਆਂ ਦੀ ਸ਼ਮੂਲੀਅਤ ਤੋਂ ਬਿਨਾਂ ਨਸ਼ਿਆਂ ਦਾ ਕੌਮਾਂਤਰੀ ਵਪਾਰ ਨਹੀਂ ਹੋ ਸਕਦਾ। 'ਉਡਤਾ ਪੰਜਾਬ' ਇਸ ਪੱਖ ਦੇ ਉੱਤੋਂ ਚੱਪਣੀ ਨਾਲ ਉਡਾਰੀ ਮਾਰ ਜਾਂਦੀ ਹੈ।

ਨਸ਼ੇ ਦਾ ਸਮਾਜਿਕ ਮਸਲਾ ਬਣ ਜਾਣ ਦੇ ਲੱਛਣ ਕੀ ਹਨ? ਨਸ਼ੇ ਕਰਨ ਵਾਲਿਆਂ/ਵਾਲੀਆਂ ਦੀ ਸਿਹਤ ਉੱਤੇ ਮਾੜਾ ਅਸਰ ਪੈਂਦਾ ਹੈ। ਇਸ ਨਾਲ ਸਮਾਜ ਉੱਤੇ ਬੁਰਾ ਅਸਰ ਪੈ ਰਿਹਾ ਹੈ। ਆਵਾਮ ਦੀਆਂ ਮਨੁੱਖੀ ਸਮਰੱਥਾਵਾਂ ਅਜਾਈ ਜਾਂਦੀਆਂ ਹਨ। ਇਸ ਦੇ ਨਾਲ ਹੀ ਨਸ਼ਿਆਂ ਨੂੰ ਸਮਾਜਿਕ ਬੇਵਿਸਾਹੀ ਅਤੇ ਬੇਲਾਗਤਾ ਦੀ ਨਿਸ਼ਾਨੀ ਵਜੋਂ ਵੀ ਸਮਝਿਆ ਜਾਂਦਾ ਹੈ। ਜਦੋਂ ਨਸ਼ਾ ਥਕਾਵਟ ਉਤਾਰਨ ਅਤੇ ਦਿਲ-ਪਰਚਾਵੇ ਦੀਆਂ ਨਿੱਜੀ ਹਦੂਦ ਪਾਰ ਕਰ ਜਾਂਦਾ ਹੈ ਤਾਂ ਇਹ ਸਮਾਜਿਕ ਮਸਲਾ ਬਣਦਾ ਹੈ। ਇਸੇ ਲਈ ਨਸ਼ਿਆਂ ਨੂੰ ਸਮਾਜਿਕ ਅਤੇ ਸਿਆਸੀ ਮੁਹਾਜ ਤੋਂ ਮੁਖ਼ਾਤਬ ਹੋਣਾ ਜ਼ਰੂਰੀ ਬਣਦਾ ਹੈ। ਪੰਜਾਬ ਵਿੱਚ ਦੇਸੀ ਨਸ਼ਿਆਂ ਦੀ ਪੈਦਾਵਾਰ ਨਹੀਂ ਹੁੰਦੀ। ਸਿੰਥੈਟਿਕ ਨਸ਼ਿਆਂ ਦਾ ਕਾਰੋਬਾਰ ਅਤੇ ਕੌਮਾਂਤਰੀ ਤਸਕਰੀ ਸਿਆਸੀ, ਸਰਕਾਰੀ ਅਤੇ ਨਿਜ਼ਾਮ ਦੀ ਮਿਲੀਭੁਗਤ ਤੋਂ ਬਿਨਾਂ ਹੋ ਨਹੀਂ ਸਕਦੀ। ਇਸ ਗੱਠਜੋੜ ਨੂੰ ਪਾਂਡੀਆਂ ਤੋਂ ਲੈ ਕੇ ਖ਼ਪਤਕਾਰਾਂ ਦੀ ਲੋੜ ਹੈ ਅਤੇ ਇਸ ਦੀ ਆਪਣੀ ਹਾਲਤ ਨਸ਼ੇਖ਼ੋਰ ਆਵਾਮ ਨਾਲ ਮਜ਼ਬੂਤ ਹੁੰਦੀ ਹੈ।

'ਉਡਤਾ ਪੰਜਾਬ' ਨਸ਼ਿਆਂ ਦੇ ਵਪਾਰ ਨੂੰ ਇਸ ਗੱਠਜੋੜ ਵਜੋਂ ਨਾ ਸਮਝਣ ਦੇ ਬੇਦਾਅਵੇ ਨਾਲ ਸ਼ੁਰੂ ਹੁੰਦੀ ਹੈ ਅਤੇ ਇਸ ਨਾਲ ਤੋੜ ਤੱਕ ਨਿਭਦੀ ਹੈ। ਇਸ ਫ਼ਿਲਮ ਦਾ ਪੰਜਾਬ ਵਿੱਚ ਨਸ਼ਿਆਂ ਦੀ ਮਾਰ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਨੁਰਾਗ-ਏਕਤਾ ਦੀ ਜੋੜੀ ਨੂੰ ਮੌਜੂਦਾ ਪੰਜਾਬ ਵਿੱਚੋਂ ਆਪਣੀ ਮੁਹਾਰਤ ਦਰਸਾਉਣ ਵਾਲੀ ਫ਼ਿਲਮੀ ਕਹਾਣੀ ਮਿਲੀ ਹੈ। ਇਸ ਕਹਾਣੀ ਵਿੱਚ ਉਨ੍ਹਾਂ ਨੇ ਆਪਣੇ ਨਿਵਕਲੇਪਣ ਦੀ ਪੁੱਠ ਚੜ੍ਹਾਈ ਹੈ ਅਤੇ ਸਿਆਸੀ ਮਾਹੌਲ ਨੇ ਇਸ ਦੇ ਇਸ਼ਤਿਹਾਰ ਦਾ ਕੰਮ ਕੀਤਾ ਹੈ। ਪੰਜਾਬ ਸਰਕਾਰ ਅਤੇ ਸਮੂਹ ਸਿਆਸੀ ਪਾਰਟੀਆਂ ਆਪਣੀ ਸਿਆਸੀ ਅਚਵੀ ਕਾਰਨ 'ਉਡਤਾ ਪੰਜਾਬ' ਦੁਆਲੇ ਲਾਮਬੰਦੀ ਕਰ ਰਹੀਆਂ ਸਨ। ਫ਼ਿਲਮ ਨੇ ਨਾ ਆਮ ਆਦਮੀ ਪਾਰਟੀ ਜਾਂ ਕਾਂਗਰਸ ਦਾ ਹੱਥ ਫੜਨਾ ਹੈ ਅਤੇ ਨਾ ਹੁਕਮਰਾਨਾਂ ਦੀ ਡੁੱਬਦੀ ਬੇੜੀ ਵਿੱਚ ਵੱਟੇ ਪਾਉਣ ਦਾ ਕੰਮ ਕਰਨਾ ਹੈ। ਇਸ ਫ਼ਿਲਮ ਦੀ ਕਾਮਯਾਬੀ ਇਸ ਸੁਆਲ ਵਿੱਚ ਹੈ ਕਿ ਮੌਜੂਦਾ ਮਾਹੌਲ ਵਿੱਚ ਅਨੁਰਾਗ ਕਸ਼ਅਪ-ਏਕਤਾ ਕਪੂਰ ਦੀ ਜੋੜੀ ਸਾਰੀਆਂ ਸਿਆਸੀ ਧਿਰਾਂ ਨੂੰ ਟਿਕਟ ਖਿੜਕੀ ਦੇ ਬਾਹਰ ਕਿਵੇਂ ਜਥੇਬੰਦ ਕਰਦੀ ਹੈ।

# ਵੋਟ ਬਟੋਰੂ ਪਾਰਟੀਆਂ ਦੇ ਸ਼ਕਤੀ ਪ੍ਰਦਰਸ਼ਨ ਅਤੇ ਪੰਜਾਬ ਦੇ ਸਰੋਕਾਰ (ਸਫ਼ਾ 30 ਦੀ ਬਾਕੀ)

ਨਹੀਂ ਹੋਵੇਗੀ।

'ਮੁੱਖਧਾਰਾ' ਸਿਆਸਤ ਵਿਚ ਤੀਜੀ ਅਹਿਮ ਧਿਰ ਬਣਕੇ ਉੱਭਰੀ ਆਮ ਆਦਮੀ ਪਾਰਟੀ ਨੇ ਵੀ 15 ਦਸੰਬਰ ਨੂੰ ਪੰਜਾਬ ਦੇ 13 ਜ਼ਿਲ੍ਹਿਆਂ ਵਿਚ ਪ੍ਰਦਰਸ਼ਨ ਕੀਤੇ ਹਨ। ਮੁੱਖ ਹਾਕਮ ਜਮਾਤੀ ਪਾਰਟੀਆਂ ਤੋਂ ਅੱਕੇ-ਸਤੇ ਆਮ ਲੋਕਾਂ ਦਾ ਰੁਝਾਨ ਹੱਕ ਵਿਚ ਹੋਣ ਦੇ ਬਾਵਜੂਦ ਉਹ ਕੋਈ ਪ੍ਰਭਾਵਸ਼ਾਲੀ ਲੀਡਰਸ਼ਿਪ ਉਭਾਰਨ ਵਿਚ ਬੁਰੀ ਤਰ੍ਹਾਂ ਨਾਕਾਮ ਹਨ। ਕੇਜਰੀਵਾਲ ਨੂੰ ਪੰਜਾਬ ਚੋਣ ਮੁਹਿੰਮ ਦੀ ਕਮਾਨ ਸੌਂਪਣ ਦੇ ਐਲਾਨ ਸਿਆਸੀ ਪਾਏਦਾਰੀ ਦੀ ਬਜਾਏ ਇਸ ਦੀਰਘ ਰੋਗ ਦੀ ਨਿਸ਼ਾਨੀ ਹਨ ਕਿ ਇਸ ਪਾਰਟੀ ਵਿਚ ਵੀ ਜਮਹੂਰੀ ਨੁਮਾਇੰਦਗੀ ਦੀ ਥਾਂ ਸ਼ਖ਼ਸੀ ਪੂਜਾ ਅਤੇ ਸਟਾਰ-ਸਿਆਸਤ ਫ਼ੈਸਲਾਕੁਨ ਹੈ। ਮਜ਼ਬੂਤ ਜਥੇਬੰਦਕ ਢਾਂਚਾ ਉਸਾਰਨਾ ਤਾਂ ਦੂਰ, ਆਪਣੇ ਅੰਦਰੂਲੀ ਕਲੇਸ਼ ਨੂੰ ਹੱਲ ਕਰਨ ਵਿਚ ਨਾਕਾਮ ਰਹਿਣ ਕਾਰਨ ਉਹ ਮੁੱਖ ਪਾਰਟੀਆਂ ਨੂੰ ਕੋਈ ਵੱਡੀ ਬੱਝਵੀਂ ਟੱਕਰ ਦੇਣ ਦੀ ਹਾਲਤ 'ਚ ਨਹੀਂ ਹਨ। ਫਿਰ ਵੀ, ਆਮ ਲੋਕਾਂ ਦਾ ਰੌਂਅ ਉਨ੍ਹਾਂ ਦੇ ਹੱਕ ਵਿਚ ਹੋਣ ਕਰਕੇ ਉਹ ਦੋਵਾਂ ਮੁੱਖ ਪਾਰਟੀਆਂ ਦੇ ਚੋਣ ਸਮੀਕਰਣਾਂ ਨੂੰ ਕਾਫ਼ੀ ਪ੍ਰਭਾਵਿਤ ਕਰਨ ਦੀ ਸਿਆਸੀ ਸਮਰੱਥਾ ਰੱਖਦੇ ਹਨ।

ਲੰਮੇ ਸਮੇਂ ਤੋਂ ਸਿਆਸੀ ਮੂਰਛਾ ਹੰਢਾ ਰਹੀ ਬਸਪਾ ਨੇ ਵੀ ਚੋਣਾਂ ਦੀ ਤਿਆਰੀ ਨੂੰ ਲੈ ਕੇ ਕੁਝ ਸਰਗਰਮੀ ਕੀਤੀ ਹੈ। ਇਹ ਮਹਿਜ਼ ਆਪਣੇ ਬੇਜਾਨ ਜਥੇਬੰਦਕ ਢਾਂਚੇ ਨੂੰ ਧੱਕਾ ਲਾਕੇ ਹਰਕਤਸ਼ੀਲ ਕਰਨ ਦੀ ਚਾਰਾਜ਼ੋਈ ਹੈ ਅਤੇ ਇਸ ਵਿਚ ਸਿਆਸੀ ਤਾਜ਼ਗੀ ਤੇ ਧੂਹਪਾਊ ਸੰਜੀਦਾ ਪ੍ਰੋਗਰਾਮ ਅਸਲੋਂ ਹੀ ਨਦਾਰਦ ਹੈ। ਸਿਆਸੀ ਤੌਰ 'ਤੇ ਗ਼ੈਰਪ੍ਰਸੰਗਿਕ ਹੋ ਚੁੱਕੀਆਂ ਚਾਰ ਪਾਰਲੀਮੈਂਟਰੀ ਕਮਿਊਨਿਸਟ ਪਾਰਟੀਆਂ ਨੇ ਵੀ ਆਪਣੀ ਹੋਂਦ ਜਤਾਉਣ ਲਈ ਆਪਣੇ ਤੌਰ 'ਤੇ ਚੋਣਾਂ ਲੜਨ ਦੀ ਰਣਨੀਤੀ ਤਹਿਤ ਸਰਗਰਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਉਨ੍ਹਾਂ ਕੋਲ ਲੋਕਪੱਖੀ ਸੰਘਰਸ਼ਾਂ ਦੀ ਸ਼ਾਨਦਾਰ ਵਿਰਾਸਤ ਅਤੇ ਲੋਕਮੁਖੀ ਪਹੁੰਚ ਤਾਂ ਹੈ ਪਰ ਅਵਾਮੀ ਰਾਇ ਨੂੰ ਪ੍ਰਭਾਵਿਤ ਤੇ ਲਾਮਬੰਦ ਕਰਨ ਦਾ ਸਿਆਸੀ ਦਮ ਤੇ ਜਜ਼ਬਾ ਨਹੀਂ ਹੈ। ਨਕਸਲੀ ਜਥੇਬੰਦੀਆਂ ਆਰਥਕ ਜਾਂ ਫ਼ੌਰੀ ਅਹਿਮੀਅਤ ਵਾਲੇ ਮੁੱਦਿਆਂ ਨੂੰ ਲੈ ਕੇ ਲਗਾਤਾਰ ਜੁਝਾਰੂ ਲੜਾਈ ਲੜਦੇ ਰਹਿਣ ਵਾਲੀ ਸੰਜੀਦਾ ਧਿਰ ਹਨ ਪਰ ਅਜੇ ਆਪਣੇ ਬੁਨਿਆਦੀ ਬਦਲਾਓ ਦੇ ਸਿਆਸੀ ਏਜੰਡੇ ਨੂੰ ਠੋਸ ਸ਼ਕਲ ਦੇ ਕੇ ਬਦਲਾਓ ਲਈ ਤਾਂਘਦੇ ਅਵਾਮ ਨੂੰ ਵਿਆਪਕ ਸਿਆਸੀ ਲਾਮਬੰਦੀ ਵਾਲਾ ਮੰਚ ਮੁਹੱਈਆ ਨਹੀਂ ਕਰ ਪਾ ਰਹੀਆਂ।

ਗਰਮਖ਼ਿਆਲ ਸਿੱਖ ਸਿਆਸਤ ਇਸ ਵਕਤ ਕੋਈ ਖ਼ਾਸ ਗਿਣਨਯੋਗ ਸਿਆਸੀ ਪਹਿਲਕਦਮੀਂ ਤੇ ਪੇਸ਼ਕਦਮੀਂ ਕਰਨ ਦੀ ਹਾਲਤ ਵਿਚ ਨਹੀਂ। ਹਾਲੀਆ 'ਸਰਬਤ ਖ਼ਾਲਸਾ' ਸਿੱਖ-ਰਾਜ ਦੇ ਭਵਿੱਖ-ਨਕਸ਼ੇ ਤੋਂ ਵੀ 'ਪੰਥਕ' ਸਿਆਸਤ ਨੂੰ ਕੋਈ ਸਿਆਸੀ ਦਿਸ਼ਾ ਅਤੇ ਸੰਜੀਦਾ ਇਕਜੁੱਟ ਮੰਚ ਮੁਹੱਈਆ ਨਹੀਂ ਕਰ ਸਕਿਆ। 'ਸਰਬਤ ਖ਼ਾਲਸਾ' ਵਿਚ ਹਾਜ਼ਰ ਲੋਕ 'ਪੰਥਕ' ਮੁੱਦਿਆਂ ਨਾਲੋਂ ਬਾਦਲਾਂ ਦੇ ਵਿਰੋਧ ਵਾਲੇ ਮਤਿਆਂ ਉੱਪਰ ਵਧੇਰੇ ਉਤਸ਼ਾਹ ਨਾਲ ਹੱਥ ਉਠਾਉਂਦੇ ਰਹੇ। ਜੋ ਅਵਾਮ ਦੀ ਉਮੀਦ ਅਤੇ ਇਸ ਸਿਆਸੀ ਬਦਲ ਦਰਮਿਆਨ ਡੂੰਘੇ ਪਾੜੇ ਦੇ ਸੂਚਕ ਸਨ। 'ਸਰਬਤ ਖ਼ਾਲਸਾ' ਸਿਮਰਨਜੀਤ ਸਿੰਘ ਮਾਨ ਅਤੇ ਮੋਹਕਮ ਸਿੰਘ ਧੜਿਆਂ ਵਲੋਂ ਸੱਤਾਧਾਰੀ ਧਿਰ ਦੇ ਖ਼ਿਲਾਫ਼ ਉੱਠੇ ਵਿਆਪਕ ਅਵਾਮੀ ਰੋਸ ਤੇ ਰੋਹ ਨੂੰ ਆਪਣਾ ਸਿਆਸੀ ਰਸੂਖ਼ ਵਧਾਉਣ ਲਈ ਇਸਤੇਮਾਲ ਕਰਨ ਦੇ ਸੌੜੇ ਏਜੰਡੇ ਤੋਂ ਪਾਰ ਨਹੀਂ ਜਾ ਸਕਿਆ। ਹੋਰ ਤਾਂ ਹੋਰ, ਇਹ ਹਕੂਮਤੀ ਧੱਕੇਸ਼ਾਹੀਆਂ ਅਤੇ ਜਬਰ ਦੇ ਖ਼ਿਲਾਫ਼ ਕੋਈ ਨਿੱਗਰ ਘੱਟੋਘੱਟ ਕਾਰਵਾਈ-ਸੇਧ ਵੀ ਨਹੀਂ ਦੇ ਸਕਿਆ। ਨਵੇਂ ਥਾਪੇ ਜਥੇਦਾਰਾਂ ਤੇ ਇਤਜ਼ਾਮੀਆ ਵਿਅਕਤੀਆਂ ਨੂੰ ਬਾਦਲਾਂ ਨੇ ਜਾਬਰ ਹਮਲਾ ਵਿੱਢਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਅਤੇ ਸਰਬੱਤ ਖ਼ਾਲਸਾ ਦੀਆਂ ਹਮਾਇਤੀ ਧਿਰਾਂ ਨੂੰ ਇਸ ਦਾ ਟਾਕਰਾ ਕਰਨ ਲਈ ਲਾਮਬੰਦੀ ਦਾ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਮਾਨ ਦਲ ਨੇ ਬਰਗਾੜੀ ਵਿਚ ਬੇਅਦਬੀ ਕਾਂਡ ਦੇ ਖ਼ਿਲਾਫ਼ ਰੋਸ-ਪ੍ਰਗਟਾਵੇ ਵਿਚ ਮਾਰੇ ਗਏ ਨੌਜਵਾਨਾਂ ਦੀ ਆਤਮਿਕ ਸ਼ਾਂਤੀ ਲਈ ਆਖੰਡ ਪਾਠ ਕਰਾਉਣ ਦੀ ਸਰਗਰਮੀ ਕੀਤੀ ਹੈ ਅਤੇ ਜਿਨ੍ਹਾਂ ਜੇਲ੍ਹਾਂ ਵਿਚ 'ਸਰਬੱਤ ਖ਼ਾਲਸਾ' ਵਿਚ ਚੁਣੇ ਨਵੇਂ ਜਥੇਦਾਰ ਤੇ ਹੋਰ ਹਮਾਇਤੀ ਬੰਦ ਹਨ ਉਨ੍ਹਾਂ ਅੱਗੇ ਰੋਸ-ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਹੈ।

ਵੋਟ ਸਿਆਸਤ ਵਾਲੀਆਂ ਸਿਆਸੀ ਪਾਰਟੀਆਂ ਵਲੋਂ ਰੈਲੀਆਂ ਦੀ ਉਪਰੋਕਤ ਮੁਕਾਬਲੇਬਾਜ਼ੀ ਵੱਡੇ ਸਿਆਸੀ ਖ਼ਲਾਅ ਨੂੰ ਦਿਖਾਉਂਦੀ ਹੈ। ਆਗੂਆਂ ਦੀ ਬਿਆਨਬਾਜ਼ੀ ਨਿਰੀ ਸਿਆਸੀ ਤੋਹਮਤਬਾਜ਼ੀ ਹੈ। ਮਸਲਿਆਂ ਦਾ ਹੱਲ ਪੇਸ਼ ਕਰਨਾ ਤਾਂ ਦੂਰ ਇਥੇ ਤਾਂ ਉਨ੍ਹਾਂ ਨੂੰ ਵਿਚਾਰਨ ਦੀ ਮੁੱਢਲੀ ਸੰਜੀਦਗੀ ਵੀ ਨਹੀਂ। ਹਾਕਮ ਜਮਾਤ ਵਲੋਂ ਅਖ਼ਤਿਆਰ ਕੀਤੇ ਆਰਥਕ ਮਾਡਲ ਕਾਰਨ ਸਮੁੱਚਾ ਪ੍ਰਬੰਧ ਇਸ ਕਦਰ ਡੂੰਘੇ ਸੰਕਟ ਦੀ ਲਪੇਟ ਵਿਚ ਹੈ ਕਿ ਇਸ ਮਾਡਲ ਨੂੰ ਲਾਗੂ ਕਰਨ ਲਈ ਤਹਿ-ਦਿਲੋਂ ਪਾਬੰਦ ਇਨ੍ਹਾਂ ਹਾਕਮ ਜਮਾਤੀ ਪਾਰਟੀਆਂ ਕੋਲ ਲੋਕਾਂ ਨੂੰ ਵਕਤੀ ਰਾਹਤ ਦੇਣ ਲਈ ਸੱਤਾਧਾਰੀ ਪਾਰਟੀ ਤੋਂ ਵੱਖਰਾ ਕੋਈ ਪ੍ਰੋਗਰਾਮ ਨਹੀਂ ਹੈ। 'ਵਿਰੋਧੀ-ਧਿਰ' ਦੀਆਂ ਪਾਰਟੀਆਂ ਅਸਲ ਲੋਕ ਮੁੱਦਿਆਂ, ਮੰਗਾਂ-ਮਸਲਿਆਂ ਅਤੇ ਅਵਾਮੀ ਸਰੋਕਾਰਾਂ ਤੋਂ ਗੁਰੇਜ਼ ਕਰਕੇ ਨਿਰਾ ਸੱਤਾਧਾਰੀ ਧਿਰ ਦੀਆਂ ਨਾਕਾਮੀਆਂ ਨੂੰ ਭੰਡਕੇ ਆਪਣੀ ਸਿਆਸੀ ਵੁੱਕਤ ਤੇ ਵਾਜਬੀਅਤ ਬਣਾਉਣ ਦੇ ਯਤਨ ਕਰ ਰਹੀਆਂ ਹਨ। ਉਹ ਇਸ ਸੱਚ ਨੂੰ ਭਲੀਭਾਂਤ ਜਾਣਦੀਆਂ ਹਨ ਕਿ ਬਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏ ਦੇ ਹਿੱਤਾਂ ਦੀ ਪੂਰਤੀ ਲਈ ਲਿਆਂਦੇ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਨੂੰ ਮੁੱਢੋਂ ਰੱਦ ਕੀਤੇ ਬਗ਼ੈਰ ਖੇਤੀ, ਸਨਅਤ, ਵਿਆਪਕ ਬੇਰੁਜ਼ਗਾਰੀ ਦੇ ਰੂਪ 'ਚ ਮੂੰਹ ਅੱਡੀ ਖੜ੍ਹੇ ਘੋਰ ਸੰਕਟ ਦਾ ਫ਼ੌਰੀ ਹੱਲ ਸੰਭਵ ਹੀ ਨਹੀਂ। ਕਾਰਪੋਰੇਟ ਪੱਖੀ, ਅਖਾਉਤੀ ਉਦਾਰਵਾਦੀ ਵਿਕਾਸ ਮਾਡਲ ਨੂੰ ਦੋ-ਟੁੱਕਰੱਦ ਕਰਨਾ ਹੋਵੇਗਾ, ਜਿਵੇਂ ਕਈ ਲਾਤੀਨੀ ਅਮਰੀਕੀ ਮੁਲਕ ਕਰ ਚੁੱਕੇ ਹਨ। ਨਸ਼ਿਆਂ ਨੂੰ ਰੋਕਣ ਲਈ ਸ਼ਰਾਬ ਮਾਫ਼ੀਆ ਤੇ ਨਸ਼ਾ ਤਸਕਰੀ ਕਰਵਾਉਣ ਵਾਲੇ ਸਿਆਸਤਦਾਨਾਂ-ਪੁਲਿਸ-ਤਸਕਰਾਂ ਦੇ ਗੱਠਜੋੜ ਦੇ ਖ਼ਿਲਾਫ਼ ਕਾਰਵਾਈ ਕਰਨੀ ਪਵੇਗੀ ਜਿਸ ਦੀ ਸਿਆਸੀ ਇੱਛਾ ਇਨ੍ਹਾਂ ਵਿੱਚੋਂ ਕਿਸੇ ਵਿਚ ਵੀ ਨਹੀਂ।

ਨਿਸ਼ਚੇ ਹੀ ਅਗਲਾ ਸਵਾ ਸਾਲ ਸਿਆਸੀ ਨਜ਼ਰੀਏ ਤੋਂ ਬਹੁਤ ਸਿਆਸੀ ਹਲਚਲ ਵਾਲਾ ਅਤੇ ਅਹਿਮ ਹੋਵੇਗਾ। ਉਪਰੋਕਤ ਵਿੱਚੋਂ ਜਿਹੜੀ ਵੀ ਕੋਈ ਪਾਰਟੀ ਜਾਂ ਪਾਰਟੀਆਂ ਦਾ ਗੱਠਜੋੜ ਸੱਤਾਧਾਰੀ ਹੋਵੇਗੀ/ਹੋਵੇਗਾ ਐਸੀ ਸਰਕਾਰ ਦੀ ਭੂਮਿਕਾ ਪੰਜਾਬ ਦੇ ਵਿਆਪਕ ਚੌਤਰਫ਼ੇ ਸੰਕਟ ਨੂੰ ਵਕਤੀ ਤੌਰ 'ਤੇ 'ਮੈਨੇਜ' ਕਰਕੇ ਫੋਕੀ ਉਮੀਦ ਜਗਾਉਣ ਤੋਂ ਵੱਧ ਨਹੀਂ ਹੋਵੇਗੀ। ਕਿਉਂਕਿ ਇਸ ਗੰਭੀਰ ਸੰਕਟ ਨੂੰ ਮੁਖ਼ਾਤਬ ਹੋਣ ਲਈ ਸਰਕਾਰ ਬਦਲੀ ਨਹੀਂ ਸਗੋਂ ਬੁਨਿਆਦੀ ਕਾਇਆਕਲਪ ਦੇ ਭਵਿੱਖਨਕਸ਼ੇ ਤਹਿਤ ਨਿੱਗਰ ਰਾਜਸੀ ਪ੍ਰੋਗਰਾਮ ਵਾਲੀ ਸਿਆਸੀ ਲਹਿਰ ਦਰਕਾਰ ਹੈ। ਐਸੀ ਲਹਿਰ ਉਸਾਰਨਾ ਵੋਟ-ਸਿਆਸਤ ਦਾ ਮਨੋਰਥ ਨਹੀਂ। ਇਸ ਖ਼ਲਾਅ ਨੂੰ ਸਿਆਸੀ ਤੌਰ 'ਤੇ ਭਰਨ ਲਈ ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਧੜੱਲੇ ਨਾਲ ਅੱਗੇ ਆਉਣਾ ਚਾਹੀਦਾ ਹੈ।

# ਕਿਊਬਾ ਦੀ ਧਰਤੀ ਤੇ ਸਵਰਗ (ਸਫ਼ਾ 31 ਦੀ ਬਾਕੀ)

ਕਿਊਬਾ ਦੇ ਆਲੇ ਦੁਆਲੇ ਦੇ ਸਮੁੰਦਰ ਵਿਚ ਮਾਈਨਾਂ ਵਿਛਾਈਆਂ ਗਈਆਂ ਤਾਂ ਕਿ ਕਿਊਬਾ ਵਿਚ ਨਾ ਕੋਈ ਸਮੁੰਦਰ ਜਹਾਜ਼ ਜਾ ਸਕੇ ਨਾ ਆ ਸਕੇ। ਮੈਂ ਫਿਰ ਉਸ ਬੰਦੇ ਨਾਲ ਕੀਤੀ ਗੱਲ ਬਾਰੇ ਵਾਪਸ ਆਉਂਦਾ ਹਾਂ ਉਸ ਨੇ ਮੈਨੂੰ ਕਿਹਾ ਕਿ ਦੇਖ ਦਸ ਸਾਲ ਦੀ ਸਜ਼ਾ ਉਮਰ ਕੈਦ ਹੁੰਦੀ ਹੈ ਪਰ ਕਿਊਬਾ ਨੇ, ਸਾਰੇ ਮੁਲਕ ਨੇ ਪੰਜ ਉਮਰ ਕੈਦਾਂ ਹੰਢਾਈਆਂ ਹਨ ਪਰ ਥੋੜ੍ਹਾ ਰੁਕ ਕੇ ਫੇਰ ਉਸ ਨੇ ਕਿਹਾ ਕਿ ਕੋਈ ਪ੍ਰਵਾਹ ਨਹੀਂ ਸਾਨੂੰ ਸਾਡੇ ਕੋਲ ਫਿਸ਼ ਹੈ, ਰੰਮ ਹੈ ਅਤੇ ਕਾਸਟਰੋ ਹੈ ਅਸੀਂ ਅਮਰੀਕਾ ਦੀ ਪ੍ਰਵਾਹ ਕਿਉਂ ਕਰੀਏ। ਹਵਾਨਾ ਵਿਚ ਰੈਵੋਲੂਸ਼ਨ ਸੁਕੇਅਰ ਦੇਖਿਆ ਜਿਥੇ ਸਰਕਾਰੀ ਵਿਭਾਗਾਂ ਦੀਆਂ ਬਿਲਡਿੰਗਾਂ ਹਨ। ਇਨ੍ਹਾਂ ਸਰਕਾਰੀ ਬਿਲਡਿੰਗਾਂ ਦੇ ਮੂਹਰੇ ਕੋਈ ਪੁਲਿਸ ਜਾਂ ਫੌਜ ਦੀ ਧਾੜ ਨਹੀਂ ਦੇਖੀ। ਕਿਊਬਾ ਦੀ ਪ੍ਰਸਿੱਧ ਸੀ ਵਾਲ ਦੇ ਕੋਲ ਹੀ ਅਮਰੀਕਾ ਦੀ ਅੰਬੈਸੀ ਹੈ ਜਿਹੜੀ ਕਿ ਹੁਣੇ ਹੀ ਖੁੱਲ੍ਹੀ ਹੈ। ਹਵਾਨਾ ਵੀ ਬੇਹੱਦ ਸਾਫ਼ ਹੈ। ਇਨ੍ਹਾਂ ਸੱਤ ਦਿਨਾ ਵਿਚ ਮੈਂ ਇਕ ਵੀ ਐਕਸੀਡੈਂਟ ਨਹੀਂ ਦੇਖਿਆ। ਕੁਝ ਲੋਕ ਕਹਿੰਦੇ ਹਨ ਕਿ ਐਕਸੀਡੈਂਟ ਕਿਵੇਂ ਹੋਣ ਜਦਕਿ ਟਰੈਫਿਕ ਹੀ ਬਹੁਤ ਘੱਟ ਹੈ। ਪਰ ਗੱਲ ਇਹ ਨਹੀਂ, ਕਾਰਨ ਹੈ ਕਿ ਲੋਕਾਂ ਵਿਚ ਦੌੜ ਨਹੀਂ ਹੈਲਥ ਕੇਅਰ, ਐਜੂਕੇਸ਼ਨ ਮੁਫ਼ਤ ਹੈ। ਟਰਾਂਜਿਟ ਦਾ ਕਿਰਾਇਆ ਬਹੁਤ ਘੱਟ ਹੈ। ਜਦੋਂ ਤੁਹਾਡੀਆਂ ਬੇਸਿਕ ਲੋੜਾਂ ਸਰਕਾਰ ਪੂਰੀਆਂ ਕਰਦੀ ਹੈ ਫਿਰ ਦੌੜਨ ਦੀ ਕੀ ਲੋੜ ਹੈ ਜੇ ਸੜਕਾਂ 'ਤੇ ਦੌੜ ਹੀ ਨਹੀਂ ਤਾਂ ਫਿਰ ਐਕਸੀਡੈਂਟ ਕਿਵੇਂ ਹੋਵੇਗਾ। ਹਵਾਨਾ ਵਿਚ ਉਹ ਪੱਬ ਦੇਖਿਆ ਜਿਥੇ ਅਰਨੈਸਟ ਹੈਮਿੰਗਵੇ ਸ਼ਰਾਬ ਪੀਣ ਜਾਂਦਾ ਹੁੰਦਾ ਸੀ। ਹਵਾਨਾ ਵਿਚ ਸਿਰਫ਼ ਚਾਰ ਕੁ ਮੰਗਤੇ ਦੇਖੇ। ਸੜਕਾਂ 'ਤੇ ਕੋਈ ਬੇਘਰਾ ਨਹੀਂ ਦੇਖਿਆ। ਕੋਈ ਨਸ਼ਾ ਖਾ ਕੇ ਡਿਗਿਆ ਪਿਆ ਨਹੀਂ ਦੇਖਿਆ ਕੋਈ ਲੜਦਾ ਭਿੜਦਾ ਨਹੀਂ ਦੇਖਿਆ। ਸਿਰਫ਼ ਇਕ ਵਾਰ ਪੁਲਿਸਮੈਨ ਦੇਖਿਆ, ਇਕ ਦਿਨ ਕੁਝ ਫੌਜੀ ਇਕ ਬਰੋਟੇ ਥੱਲੇ ਖੜ੍ਹੇ ਦੇਖੇ। ਹਵਾਨਾ ਤਾਂ ਕੀ ਸਾਰਾ ਕਿਊਬਾ ਇੰਨਾ ਸੇਫ਼ ਹੈ ਕਿ ਰਾਤ ਦੇ ਬਾਰਾਂ ਵਜੇ ਕੋਈ ਔਰਤ ਸੜਕ 'ਤੇ ਤੁਰ ਸਕਦੀ ਹੈ ਕਿਸੇ ਦੀ ਜੁਰਅਤ ਨਹੀਂ ਕੋਈ ਉਸ ਔਰਤ ਨੂੰ ਕੁਝ ਕਹਿ ਸਕੇ।



ਕੰਟਰੀ ਸਾਈਡ ਤੇ ਲੋਕਾਂ ਦੇ ਘਰ ਦੇਖੇ ਅਤੇ ਲੋਕ ਕੰਮ ਕਰਦੇ ਦੇਖੇ। ਲੋਕ ਦੇ ਘਰ ਬਿਲਕੁਲ ਪੰਜਾਬ ਵਰਗੇ ਹਨ, ਘਰ ਦੇ ਮੂਹਰੇ ਵਿਹੜਾ ਹੈ ਦੁਬਾਰਾ ਹੈ ਘਰ ਦੇ ਇਕ ਪਾਸੇ ਘੋੜਾ ਗੱਡੀ ਖੜ੍ਹੀ ਹੈ। ਬਾਹਰ ਖੇਤਾਂ ਵਿਚ ਇਕ ਬੰਦਾ ਬਲਦਾ ਰੇੜੀ ਲਈ ਜਾਂਦਾ ਦੇਖਿਆ ਤੇ ਇਕ ਬਲਦਾਂ ਨਾਲ ਹਲ ਵਾਹੁੰਦਾ ਵੀ ਦੇਖਿਆ। ਲੋਕ ਬਹੁਤ ਜ਼ਿਆਦਾ ਰੀਲੈਕਸ ਹਨ। ਖੇਤੀ ਵੀ ਅਰਾਮ ਨਾਲ ਕਰਦੇ ਹਨ। ਜ਼ਮੀਨ ਬੇਹੱਦ ਤਕੜੀ ਹੈ, ਰੇਅਰ ਸਪਰੇਅ ਹੁੰਦੀ ਨਹੀਂ ਦੇਖੀ ਇਸ ਕਰਕੇ ਕਿਊਬਾ ਦੇ ਫਲ ਫਰੂਟ ਇੰਨੇ ਮਿੱਠੇ ਹਨ ਇੰਨੇ ਵਧੀਆ ਹਨ। ਕਈ ਜਗ੍ਹਾ ਕਿਸਾਨ ਜੰਗਲੀ ਘਾਹ ਵੱਡ ਕੇ ਘੋੜਾ ਗੱਡੀਆਂ ਤੇ ਲੱਦਦੇ ਦੇਖੇ। ਵੈਰਾਡੇਰਾ ਤੋਂ ਹਵਾਨਾ ਤੱਕ ਕੋਈ ਵੀ ਸਮੁੰਦਰੀ ਜਹਾਜ਼ ਨਹੀਂ ਦੇਖਿਆ ਲੱਗਦਾ। ਅਜੇ, ਇੰਬਾਰਗੋ ਪੂਰੀ ਤਰ੍ਹਾਂ ਹਟਿਆ ਨਹੀਂ। ਸੜਕਾਂ ਕੁਝ ਛੋਟੇ ਛੋਟੇ ਪਿੰਡ ਆਏ ਉਹ ਵੀ ਬਹੁਤ ਸਾਫ਼ ਲੱਗੇ। ਜਿਹੜਾ ਮੁਲਕ ਸਾਰੀ ਦੁਨੀਆ ਨਾਲੋਂ ਪੰਜਾਹ ਸਾਲ ਕੱਟਿਆ ਰਿਹਾ ਹੋਵੇ ਤੇ ਫੇਰ ਲੋਕ ਚੜ੍ਹਦੀਕਲਾ ਵਿਚ ਹੋਣ ਤਾਂ ਹੈਰਾਨੀ ਹੁੰਦੀ ਹੈ। ਬੇਸ਼ੱਕ ਹੁਣ ਕੁਝ ਜਪਾਨੀ ਜਾਂ ਕੋਰੀਅਨ ਕਾਰਾਂ ਦਿਸਦੀਆਂ ਹਨ ਪਰ ਅਜੇ ਵੀ ਲੋਕ ਪੰਜਾਹ ਪੰਚਵੰਜਾ ਮਾਡਲ ਦੀਆਂ ਕਾਰਾਂ ਲਈ ਫਿਰਦੇ ਹਨ। ਇੰਬਾਰਗੋ ਨੇ ਉਨ੍ਹਾਂ ਨੂੰ ਚੀਜ਼ਾਂ ਦੀ ਕਦਰ ਕਰਨ ਦੀ ਜਾਂਚ ਸਿਖਾ ਦਿੱਤੀ ਹੈ। ਅਜੇ ਵੀ ਕਿਊਬਾ ਵਿਚ ਸੌ ਸਾਲ ਪੁਰਾਣੀ ਇਲੈਕਟ੍ਰਿਕ ਟਰੇਨ ਚੱਲਦੀ ਦੇਖੀ। ਕਿਊਬਾ ਵਿਚ ਬੇਹੱਦ ਗੰਨਾ ਹੁੰਦਾ ਹੈ ਤੇ ਗੰਨਾ ਢੋਹਣ ਲਈ ਛੋਟੀਆਂ-ਛੋਟੀਆਂ ਰੇਲਵੇ ਲਾਈਨਾਂ ਵਿਛਾਈਆਂ ਗਈਆਂ ਸਨ। ਇਹ ਕਿਊਬਾ ਹੈ ਜਿਥੇ ਗੰਨੇ ਦਾ ਰਸ ਇੰਡੀਆ ਤੋਂ ਵੀ ਸੁਆਦ ਮਿਲਦਾ ਹੈ।

ਚੀ ਗੁਵੇਰਾ : ਕਿਊਬਾ ਦੇ ਲੋਕ ਕਦੇ ਵੀ ਚੀ ਗੁਵੇਰਾ ਦੀ ਦੇਣ ਨੂੰ ਨਹੀਂ ਭੁਲਣਗੇ। ਕਿਊਬਾ ਜਾ ਕੇ ਪਤਾ ਲੱਗਿਆ ਕਿ ਚੀ ਗੁਵੇਰਾ ਸਿਰਫ਼ ਇਕ ਗੁਰੀਲਾ ਜਾਂ ਜਰਨੈਲ ਹੀ ਨਹੀਂ ਉਹ ਇਕ ਬਹੁਤ ਵਧੀਆ ਚਿੰਤਕ ਤੇ ਸਮਾਜਵਾਦੀ ਲੇਖਕ ਵੀ ਸੀ। ਮੇਰੇ ਗਾਈਡ ਨੇ ਦੱਸਿਆ ਚੀ ਗੁਵੇਰਾ ਲਗਾਤਾਰ 36 ਘੰਟੇ ਕੰਮ ਕਰ ਸਕਦਾ ਸੀ ਉਹ ਸੌਂਦਾ ਬਹੁਤ ਘੱਟ ਸੀ। ਉਸ ਨੇ ਆਪਣੀ ਜ਼ਿੰਦਗੀ ਦਾ ਇਕ ਵੀ ਸੈਕਿੰਡ ਵੇਸਟ ਨਹੀਂ ਕੀਤਾ। ਕਿਊਬਾ ਦੇ ਲੋਕਾਂ ਦੀ ਖਾਤਰ ਉਸ ਨੇ ਆਪਣਾ ਪਰਿਵਾਰਕ ਸੁੱਖ ਵੀ ਤਿਆਗਿਆ। ਚੀ ਗੁਵੇਰਾ ਦਾ ਜ਼ਿਕਰ ਇਸ ਕਰਕੇ ਵੀ ਕਰਨਾ ਪਿਆ ਕਿ ਬਹੁਤ ਜਗ੍ਹਾ ਕੰਧਾਂ 'ਤੇ ਚੀ ਗੁਵੇਰਾ ਦੀ ਗਰੈਫਟੀਆਂ ਬਣੀਆਂ ਹੋਈਆਂ ਹਨ। ਇਕ ਜਗ੍ਹਾ ਇਕ ਸੰਘਣੇ ਜੰਗਲ ਦੀ ਚਿੱਟੀ ਜਿਹੀ ਚਟਾਨ ਤੇ ਚੀ ਗੁਵੇਰਾ ਦੀ ਬਹੁਤ ਵੱਡੀ ਗਰੈਫਟੀ ਦੇਖ ਕੇ ਚਿੱਤ ਹੈਰਾਨ ਹੋ ਗਿਆ ਉਸ ਗਰੈਫਟੀ ਥੱਲੇ ਲਿਖਿਆ ਸੀ 'ਸੋਸ਼ਲਿਸਟ ਫਾਈਟਰ'। ਬਾਕੀ ਚੀ ਗੁਵੇਰਾ ਦੀਆਂ ਕਿਤਾਬਾਂ, ਬੁਨੈਣਾ (ਟੀ-ਸ਼ਰਟਾਂ), ਕੱਪ, ਬੀਅਰ ਮੱਘ, ਪੈਨ ਲੈਟਰਪੈਡ ਕਿਊਬਾ ਲਈ ਇਕ ਬਹੁਤ ਵਧੀਆ ਆਮਦਨ ਦਾ ਸਰੋਤ ਹਨ। ਅਰਜਨਟਾਈਨਾ ਦਾ ਇਹ ਗੱਭਰੂ ਕਿਊਬਾ ਲਈ ਕੀ ਕੁਝ ਕਰ ਗਿਆ ਲੋਕ ਕਦੇ ਨਹੀਂ ਭੁਲਾਉਣਗੇ।

ਮੰਤਾਜਾ : ਵੈਰਾਡੇਰਾ ਅਤੇ ਹਵਾਨਾ ਦੇ ਵਿਚਾਲੇ ਇਕ ਪਾਸੇ ਮੰਤਾਜਾ ਸ਼ਹਿਰ ਹੈ। ਮੰਤਾਜਾ ਸ਼ਹਿਰ ਹੈ। ਮੰਤਾਜਾ ਵਿਚ ਸਪੈਨਿਸ਼ ਲਫ਼ਜ਼ ਹੈ ਜਿਸ ਦਾ ਮਤਲਬ ਕਾਤਲ ਹੈ ਜਾਂ ਕਤਲਗਾਹ। ਇਸ ਜਗ੍ਹਾ 'ਤੇ ਕੋਲੰਬਸ ਅਤੇ ਉਸਦੇ ਸਾਥੀ ਕਿਊਬਨ ਇੰਡੀਅਨਾਂ ਨੂੰ ਫੜ ਕੇ ਲਿਆਉਂਦੇ ਸੀ ਅਤੇ ਬੰਦਿਆਂ ਨੂੰ ਕਤਲ ਕਰ ਦਿੰਦੇ ਸੀ ਅਤੇ ਜਨਾਨੀਆਂ ਨੂੰ ਆਪਣੇ ਮਨੋਰੰਜਨ ਲਈ ਵਾਪਸ ਸਪੇਨ ਲੈ ਜਾਂਦੇ ਸੀ। ਕੋਲੰਬਸ ਦੇ ਕਾਲੇ ਕਾਰਨਾਮੇ ਸਾਨੂੰ ਸਕੂਲੀ ਕਿਤਾਬਾਂ ਵਿਚ ਪੜ੍ਹਨ ਨੂੰ ਨਹੀਂ ਮਿਲੇ। ਕੋਲੰਬਸ ਕੋਈ ਹੀਰੋ ਨਹੀਂ ਸੀ ਸਗੋਂ ਇਕ ਸਮੁੰਦਰੀ ਡਾਕੂ ਸੀ। ਇੰਡੀਅਨਾਂ ਨੂੰ ਕਿਹਾ ਜਾਂਦਾ ਸੀ ਕਿ ਸੋਨਾ ਲੱਭ ਕੇ ਲਿਆਉ ਜੇਕਰ ਕਿਸੇ ਤੋਂ ਨਹੀਂ ਲੱਭਿਆ ਜਾਂਦਾ ਤਾਂ ਉਸ ਨੂੰ ਮਾਰ ਦਿੱਤਾ ਜਾਂਦਾ ਸੀ। 1492 ਵਿਚ ਜਦ ਕੋਲੰਬਸ ਕਿਊਬਾ ਪਹੁੰਚਿਆ ਤਾਂ ਇਨ੍ਹਾਂ ਆਦਿਵਾਸੀ ਲੋਕਾਂ ਨੇ ਕੋਲੰਬਸ ਦਾ ਸਵਾਗਤ ਕੀਤਾ ਸੀ। ਮੇਰੇ ਗਾਈਡ ਨੇ ਕਿਹਾ ਕਿ ਕੋਲੰਬਸ ਦੇ ਕਾਰਨਾਮਿਆਂ ਨੇ ਮੇਰੇ ਅੰਦਰ ਇਕ ਗਿਲਟ ਦੀ ਭਾਵਨਾ ਪੈਦਾ ਕੀਤੀ ਹੈ, ਕਿਉਂਕਿ ਮੈਂ ਵੀ ਇਕ ਸਪੈਨਿਸ਼ ਹਾਂ। ਮੈਂ ਵੀ ਦਿਮਾਗ ਵਿਚ ਸੋਚਦਾ ਰਿਹਾ ਕਿ ਮੇਰੇ ਆਰੀਅਨ ਪੂਰਵਜਾਂ ਨੇ ਵੀ ਕਿਹੜਾ ਇੰਡੀਆ ਦੇ ਆਦਿਵਾਸੀ ਲੋਕਾਂ ਨਾਲ ਘੱਟ ਕੀਤੀ ਹੈ। ਕੈਨੇਡਾ ਵਿਚ ਕੋਲੰਬਸ ਡੇਅਜ ਮਨਾਏ ਜਾਂਦੇ ਹਨ ਅਤੇ ਕੈਨੇਡਾ ਦੇ ਇੰਡੀਅਨਜ਼ ਇਸ ਦਾ ਬਾਈਕਾਟ ਕਰਦੇ ਹਨ ਅਤੇ ਸਾਨੂੰ ਵੀ ਆਦਿਵਾਸੀਆਂ ਨਾਲ ਭਾਈਚਾਰਾ ਦਿਖਾਉਂਦਿਆਂ ਕੋਲੰਬਸ ਡੇਅਜ਼ ਦਾ ਬਾਈਕਾਟ ਕਰਨਾ ਚਾਹੀਦਾ ਹੈ।

ਆਖਿਰ ਵਿਚ : ਕਿਊਬਾ ਦਾ ਭਵਿੱਖ ਉਜਲਾ ਹੈ। ਕਿਊਬਾ ਦੀ ਧਰਤੀ ਬੇਹੱਦ ਜਰਖੇਜ਼ ਅਤੇ ਕੰਵਾਰੀ ਹੈ। ਜੇਕਰ ਮਲਟੀਕਾਰਪੋਰੇਸ਼ਨਾਂ ਨੇ ਉਬਾਮਾ ਤੇ ਜ਼ੋਰ ਪਾ ਕੇ ਇੰਮਬਾਰਗੋ ਹਟਾਇਆ ਹੈ ਤਾਂ ਉਨ੍ਹਾਂ ਦੀ ਵੀ ਨਿਗ੍ਹਾ ਕਿਊਬਾ ਦੇ ਕੁਦਰਤੀ ਖਜ਼ਾਨਿਆਂ 'ਤੇ ਹੈ। ਕਿਊਬਾ ਦੀ ਲੀਡਰਸ਼ਿਪ ਲੱਗਦਾ ਹੈ ਕਿ ਇਸ ਗੱਲੋਂ ਬਹੁਤ ਚੇਤੰਨ ਹੈ, ਲਗਦਾ ਹੈ ਕਿ ਉਹ ਰੂਸ ਚੀਨ ਵਾਲੀ ਗਲਤੀ ਨਹੀਂ ਕਰੇਗੀ। ਇਸਮਬਾਰੋ ਜਦੋਂ ਪੂਰੀ ਤਰ੍ਹਾਂ ਹਟ ਗਿਆ ਕਿਊਬਾ ਦਾ ਫਲ (ਅੰਬ, ਪਪੀਤਾ, ਅਮਰੂਦ) ਜਦੋਂ ਸਾਡੇ ਇਥੇ ਆਉਣ ਲੱਗ ਗਿਆ ਫੇਰ ਬਹੁਤ ਸਾਰੇ ਲੋਕਾਂ ਨੂੰ ਪਤਾ ਲੱਗ ਜਾਊਗਾ ਕਿ ਇਕ ਸਮਾਜਵਾਦੀ ਸਰਕਾਰ ਦੇ ਕੀ ਫਾਇਦੇ ਹਨ।

ਕਿਊਬਾ ਦੇ ਮੁੰਡੇ ਕੁੜੀਆਂ ਮੈਨੂੰ ਤਾਂ ਸਾਰੀ ਦੁਨੀਆ 'ਚੋਂ ਸੋਹਣੇ ਲੱਗੇ, ਤੰਦਰੁਸਤ, ਖੁਸ਼ਮਿਜਾਜ਼, ਹੁੰਦੜਹੇਲ। ਕਿਊਬਾ ਵਿਚ ਸਪੈਨਿਸ਼ ਤੇ ਕਾਲੇ ਹੀ ਆਮ ਦਿਸਦੇ ਹਨ ਆਦਿਵਾਸੀ ਲੋਕ ਮੈਂ ਤਾਂ ਕੋਈ ਦੇਖਿਆ ਨਹੀਂ ਜੋ ਥੋੜ੍ਹੇ ਬਹੁਤ ਸੀਗੇ ਉਹ ਕੋਲੰਬਸ ਦੇ ਲਾਲਚ ਦੀ ਬੇਦੀ 'ਤੇ ਚੜ੍ਹ ਗਏ। ਕਾਲ ਅਤੇ ਗੋਰੇ ਆਪਸ ਵਿਚ ਪੂਰੀ ਤਰ੍ਹਾਂ ਘੁੱਲ ਮਿਲ ਗਏ ਹਨ ਕਿਉਂਕਿ ਸਮਾਜਵਾਦੀ ਸਰਕਾਰ ਲੋਕਾਂ ਨੂੰ ਇਕੱਠੇ ਕਰਦੀ ਹੈ ਅਤੇ ਇਕ ਪੂੰਜੀਵਾਦੀ ਸਰਕਾਰ ਆਪਣੇ ਹਿੱਤਾਂ ਖਾਤਰ ਲੋਕਾਂ ਨੂੰ ਪਾੜ ਕੇ ਰੱਖਦੀ ਹੈ। ਮੈਨੂੰ ਸੱਤ ਦਿਨ ਕਿਸੇ ਧਾਰਮਿਕ ਅਦਾਰੇ ਦੀ ਘੜਿਆਲ ਨੇ ਨਹੀਂ ਜਗਾਇਆ ਬਲਕਿ ਚਿੜੀ ਦੀ ਚੀਂ ਚੀਂ ਨੇ ਹੀ ਜਗਾਇਆ ਹੈ। ਜਦੋਂ ਹਵਾ ਵਿਚ ਧਰਮਾਂ ਦਾ ਪ੍ਰਦੂਸ਼ਣ ਹੀ ਨਹੀਂ ਤਾਂ ਹਵਾ ਹੋਰ ਵੀ ਸਾਫ਼ ਲੱਗਦੀ ਹੈ। ਕਿਊਬਾ ਸਾਫ਼ ਪਾਣੀ, ਸਾਫ਼ ਹਵਾ ਤੇ ਪ੍ਰਦੂਸ਼ਣ ਫਰੀ ਮੁਲਕ ਹੈ ਇਸ ਦਾ ਸਾਰਾ ਸਿਹਰਾ ਉਥੋਂ ਦੀ ਸਮਾਜਵਾਦੀ ਸਰਕਾਰ ਅਤੇ ਲੋਕਾਂ ਨੂੰ ਜਾਂਦਾ ਹੈ। ਕਿਊਬਾ ਵਿਚ ਚਰਚ ਤਾਂ ਹਨ ਪਰ ਝੱਕ ਘੱਟੀ ਜਾਂਦੇ ਹਨ ਹੋ ਸਕਦਾ ਕੋਈ ਪੁਰਾਣੇ ਬਜ਼ੁਰਗ ਜਾਂਦੇ ਹੋਣ। ਬਹੁਤੇ ਚਰਚ ਕਲਚਰ ਸੈਂਟਰ ਜਾਂ ਵੇਅਰ ਹਾਊਸ ਬਣਾਏ ਗਏ ਹਨ। ਕੋਈ ਧਾਰਮਿਕ ਸਕੂਲ ਨਹੀਂ ਸਾਰੇ ਪਬਲਿਕ ਸਕੂਲ ਹਨ, ਕਿਊਬਾ ਦੇ ਬੱਚੇ ਸਟੇਟ ਦੇ ਐਸਿਟ ਹਨ। ਸਕੂਲੀ ਬੱਚਿਆਂ ਨੂੰ ਵਰਦੀਆਂ ਲੰਚ ਕਿਤਾਬਾਂ ਫੀਸਾਂ ਸਭ ਗੌਰਮਿੰਟ ਦੀ ਜ਼ਿੰਮੇਵਾਰੀ ਹੈ।

ਵਿਦਾਇਗੀ : ਆਖਿਰ ਉਹ ਦਿਨ ਆ ਗਿਆ ਜਦ ਅਸੀਂ ਵਾਪਸ ਆਉਣਾ ਸੀ। ਦਿਲ ਵਾਪਸ ਕੈਨੇਡਾ ਆਉਣ ਨੂੰ ਤਾਂ ਕਰਦਾ ਸੀ ਪਰ ਕਿਊਬਾ ਨੂੰ ਛੱਡਣ ਨੂੰ ਵੀ ਨਹੀਂ। ਮੈਨੂੰ ਵਾਰ ਵਾਰ ਬੀਚ ਤੇ ਮਿਲੇਉਸ ਕਾਲੇ ਮੇਜ਼ਬਾਨ ਮੁੰਡੇ ਦੀ ਗੱਲ ਯਾਦ ਆ ਰਹੀ ਸੀ ਕਿ ਤੁਸੀਂ ਕੈਨੇਡਾ ਵਿਚ ਕੰਮ ਕਰਦੇ ਹੋ ਤੇ ਬਿੱਲ ਭਰਦੇ, ਸਾਨੂੰ ਬਹੁਤਾ ਮਰਨ ਦੀ ਲੋੜ ਨਹੀਂ ਅਸੀਂ ਕਿਹੜਾ ਤੁਹਾਡੇ ਵਾਂਗ ਬਿਲ ਭਰਨੇ ਹਨ। ਉਸ ਦੀ ਗੱਲ ਕਿੰਨੀ ਸੱਚੀ ਪੂੰਜੀਵਾਦੀ ਸਿਸਟਮ ਨੇ ਸਾਨੂੰ ਸਿਰਫ਼ ਮਸ਼ੀਨ ਦੇ ਪੁਰਜੇ ਬਣਾ ਦਿੱਤਾ ਹੈ। ਜਦ ਹੋਟਲ 'ਚੋਂ ਬੱਸ ਤੁਰਨ ਲੱਗੀ ਤਾਂ ਇਕ ਕਲਾਊਨ ਬਣਿਆ ਮੁੰਡਾ ਅੱਖਾਂ 'ਤੇ ਹੱਥ ਧਰਕੇ ਰੋਵੇ ਅਤੇ ਅੰਗਰੇਜ਼ੀ ਵਿਚ ਕਹੇ ਕਿ ਨਾ ਜਾਓ, ਨਾ ਜਾਓ ਅਸੀਂ ਤੁਹਾਨੂੰ ਬਹੁਤ ਮਿਸ ਕਰਾਂਗੇ। ਪਰ ਸਾਡਾ ਦਿਲ ਕਹਿ ਰਿਹਾ ਸੀ ਮਿੱਤਰਾ ਸਾਨੂੰ ਜਾਣਦੇ। ਸਮਾਜਵਾਦੀ ਸਿਸਟਮ ਦੀ ਸਾਡੇ ਮੁਲਕਾਂ ਨੂੰ ਵੀ ਲੋੜ ਹੈ, ਅਸੀਂ ਵੀ ਆਪਣੇ ਮੁਲਕ ਨੂੰ ਸਮਾਜਵਾਦੀ ਬਣਾਉਣ ਵਿਚ ਆਪਣਾ ਹਿੱਸਾ ਪਾਈਏ।



# ਵਿਵਾਦਾਂ ਦਾ ਵਿਸ਼ਾ ਬਣ ਰਹੇ ਹਨ ਵਿਸ਼ਵ ਪੰਜਾਬੀ ਲੇਖਕ ਸੰਮੇਲਨ

**ਗੁਰਮੀਤ ਸਿੰਘ ਪਲਾਹੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ 26-27 ਜੂਨ 2016 ਨੂੰ ਕੀਤੇ ਜਾਣ ਵਾਲੇ ਵਿਸ਼ਵ ਭਾਸ਼ਾ ਸੰਮੇਲਨ ਅਨੰਦਪੁਰ ਸਾਹਿਬ ਨੂੰ ਮੁਲਤਵੀ ਕਰਕੇ ਇੱਕ ਨਵੀਂ ਚਰਚਾ ਛੇੜ ਦਿਤੀ ਹੈ। ਪੰਜਾਬੀ ਭਾਸ਼ਾ ਸੰਮੇਲਨ ਦੇ ਨਾਮ ਉਤੇ ਦੇਸ਼ ਵਿਦੇਸ਼ ਤੋਂ ਕੁਝ ਲੇਖਕਾਂ, ਵਿਦਵਾਨਾਂ ਨੂੰ ਸੱਦਾ ਪੱਤਰ ਵੀ ਭੇਜੇ ਗਏ ਅਤੇ ਪ੍ਰਬੰਧਕਾਂ ਵੱਲੋਂ ਦਾਅਵਾ ਕੀਤਾ ਗਿਆ ਕਿ ਇਸ ਕਾਨਫਰੰਸ ਵਿਚ ਪੰਜਾਬੀ ਭਾਸ਼ਾ, ਸਾਹਿਤ ਨਾਲ ਸਬੰਧਤ 130 ਲੇਖ, ਪੇਪਰ ਲਿਖਵਾਏ ਗਏ ਹਨ, ਜਿਨ੍ਹਾਂ ਉਤੇ ਵਿਆਪਕ ਚਰਚਾ ਹੋਵੇਗੀ। ਇਹ ਕਾਨਫਰੰਸ ਪਹਿਲਾਂ ਵੀ ਦੋ ਵੇਰ ਪ੍ਰਬੰਧਕਾਂ ਵਲੋਂ ਮੁਲਤਵੀ ਕਰ ਦਿੱਤੀ ਗਈ ਸੀ ਅਤੇ ਆਖਰੀ ਵੇਰ ਮਿਥੀ ਤਾਰੀਖ ਅਤੇ ਸਥਾਨ ਅਨੰਦਪੁਰ ਸਾਹਿਬ ਵਿਖੇ ਕੀਤੇ ਜਾਣ ਉਪਰੰਤ ਵੀ ਇਸ ਦੇ ਮੁੜ ਆਯੋਜਿਤ ਕਰਨ ਬਾਰੇ ਅਨਿਸ਼ਚਿਤਤਾ ਬਣੀ ਹੋਈ ਹੈ। ਇਹ ਸੰਮੇਲਨ ਐਨ ਮੌਕੇ 'ਤੇ ਮੁਲਤਵੀ ਕਰਨ ਕਾਰਨ ਕੈਨੇਡਾ, ਅਮਰੀਕਾ ਤੋਂ ਪੁੱਜ ਰਹੇ ਕੁਝ ਵਿਦਵਾਨ, ਲੇਖਕਾਂ ਨੂੰ ਆਪਣੀਆਂ ਹਵਾਈ ਟਿਕਟਾਂ ਕੈਂਸਲ ਕਰਵਾਉਣੀਆਂ ਪਈਆਂ। ਪੰਜਾਬੀ ਸਾਹਿਤਕ ਹਲਕਿਆਂ ਵਿੱਚ ਇਹ ਸਵਾਲ ਬਹੁਤ ਹੀ ਸੰਜੀਦਗੀ ਨਾਲ ਪੁੱਛਿਆ ਜਾ ਰਿਹਾ ਹੈ ਕਿ ਆਖਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਜਾਬੀ ਭਾਸ਼ਾ ਸੰਮੇਲਨ ਕਰਾਉਣ ਦਾ ਕਿਹੜਾ ਚਾਅ ਚੜ੍ਹਿਆ ਹੋਇਆ ਸੀ, ਜਦ ਕਿ ਉਸ ਦੇ ਜ਼ਿੰਮੇ ਜੋ ਕੰਮ ਸਿੱਖ ਜਗਤ ਵਲੋਂ ਸੌਂਪੇ ਗਏ ਹੋਏ ਹਨ, ਉਹ ਕਰਨ 'ਚ ਉਹ ਸਦਾ ਨਾ ਕਾਮਯਾਬ ਰਹੀ ਹੈ। ਸਿੱਖ ਧਰਮ ਦਾ ਪ੍ਰਚਾਰ, ਗੁਰਦੁਆਰਿਆਂ ਦੇ ਪ੍ਰਬੰਧਾਂ ਦੀ ਦੇਖ ਰੇਖ, ਉਸ ਦਾ ਮੁੱਖ ਕਾਰਜ ਹੈ। ਇਸ ਦੇ ਨਾਲ ਨਾਲ ਉਸ ਵਲੋਂ ਹਸਪਤਾਲ ਅਤੇ ਕਈ ਵਿਦਿਅਕ ਸੰਸਥਾਵਾਂ ਜਿਨ੍ਹਾਂ ਵਿਚ ਮੈਡੀਕਲ ਕਾਲਜ, ਇੰਜੀਨੀਰਿੰਗ ਕਾਲਜ, ਯੂਨੀਵਰਸਿਟੀ, ਸਕੂਲ, ਕਾਲਜ ਸ਼ਾਮਲ ਹਨ, ਲੋਕਾਂ ਨੂੰ ਸਿੱਖਿਅਤ ਕਰਨ ਤੇ ਸਿਹਤ ਸੇਵਾਵਾਂ ਦੇਣ ਲਈ ਚਲਾਏ ਜਾ ਰਹੇ ਹਨ। ਇਹ ਸਾਰੇ ਕੰਮ ਬਹੁਤ ਚੰਗੇ ਹਨ, ਜੋ ਗੁਰੂ ਦੀ ਗੋਲਕ ਨਾਲ ਚਲਾਏ ਜਾ ਰਹੇ ਹਨ। ਲੋਕਾਂ ਵਲੋਂ ਗੁਰੂ ਮਹਾਰਾਜ ਪ੍ਰਤੀ ਸ਼ਰਧਾ ਦਿਖਾਉਂਦਿਆਂ ਹਰ ਸਧਾਰਨ ਵਿਅਕਤੀ ਵੀ ਆਪਣੀ ਨੇਕ ਕਮਾਈ ਵਿਚੋਂ ਪੌਲੀ, ਧੇਲਾ, ਰੁਪਈਆ, ਅਠੱਨੀ, ਚੁਵੱਨੀ ਜਾਂ ਦਸਵੰਦ ਗੁਰੂ ਅਰਪਨ ਕਰਦਾ ਹੈ। ਇਹ ਇਕੱਤਰ ਹੋਇਆ ਪਵਿੱਤਰ ਧਨ, ਪੰਜਾਬੀ ਭਾਸ਼ਾ ਸੰਮੇਲਨ ਉਤੇ ਖਰਚ ਕਰਨ ਦੀ ਅਤੇ ਉਹ ਵੀ ਕਰੋੜਾਂ ਰੁਪੱਈਏ ਵਿੱਚ ਕਿਉਂ ਲੋੜ ਪਈ? ਜਦ ਕਿ ਸਰਕਾਰ ਅਕਾਲੀ ਦਲ ਦੀ ਹੈ, ਉਹਦਾ ਇੱਕ ਮਹਿਕਮਾ ਭਾਸ਼ਾ ਵਿਭਾਗ, ਪੰਜਾਬੀ ਭਾਸ਼ਾ ਕਾਨਫਰੰਸਾਂ ਕਰਾਉਣ ਦੇ ਸਮਰੱਥ ਹੈ ਅਤੇ ਜਿਸ ਵਲੋਂ ਪਿੱਛੇ ਜਿਹੇ ਕਰੋੜਾਂ ਰੁਪੱਈਏ ਪੰਜਾਬੀ, ਹਿੰਦੀ, ਉਰਦੂ ਲੇਖਕਾਂ ਪੱਤਰਕਾਰਾਂ ਦੇ ਸਨਮਾਨ ਲਈ ਖਰਚੇ ਗਏ ਤਾਂ ਕੀ ਉਸ ਮਹਿਕਮੇ ਨੂੰ ਇਹੋ ਜਿਹੀ ਕਾਨਫਰੰਸ\ਸੰਮੇਲਨ, [ਜੇਕਰ ਇਹ ਕਰਾਉਣਾ ਜ਼ਰੂਰੀ ਸੀ], ਕਰਨ ਦੀ ਜ਼ਿੰਮੇਵਾਰੀ ਅਕਾਲੀ ਦਲ ਜਾਂ ਮੌਜੂਦਾ ਸਰਕਾਰ ਵਲੋਂ ਨਹੀਂ ਸੌਂਪੀ ਜਾਣੀ ਚਾਹੀਦੀ ਸੀ? ਆਖਰ ਲੋਕਾਂ ਦੀ ਸ਼ਰਧਾ ਦਾ ਗੁਰਦੁਆਰਿਆਂ, ਸੰਗਤਾਂ ਦਾ ਪੈਸਾ ਸ਼੍ਰੋਮਣੀ ਕਮੇਟੀ ਵਲੋਂ ਉਜਾੜਨ ਦੀ ਵਿਉਂਤ ਕਿਉਂ ਉਲੀਕੀ ਗਈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1995 ਵਿਚ ਵਿਸ਼ਵ ਸਿੱਖ ਕਾਨਫਰੰਸ ਦਾ ਆਯੋਜਿਨ ਕੀਤਾ ਗਿਆ ਸੀ। ਉਸ ਕਾਨਫਰੰਸ ਵਿਚ ਸਿੱਖਾਂ ਨਾਲ ਸਬੰਧਤ ਮਸਲੇ ਵਿਚਾਰੇ ਗਏ ਸਨ, ਪਰ ਪਿਛਲੇ 10 ਵਰ੍ਹੇ ਇਨ੍ਹਾਂ ਮਸਲਿਆਂ ਬਾਰੇ ਵਿਚਾਰ ਕਰਨ ਦੀ ਜੇਕਰ ਸ਼੍ਰੋਮਣੀ ਕਮੇਟੀ ਨੇ ਲੋੜ ਮਹਿਸੂਸ ਨਹੀਂ ਕੀਤੀ ਤਾਂ ਆਖਿਰ ਉਸਨੂੰ ਸਿੱਖ ਮਸਲੇ ਛੱਡਕੇ ਪੰਜਾਬੀ ਭਾਸ਼ਾ ਸੰਮੇਲਨ ਕਰਾਉਣ ਦਾ ਪਰਪੰਚ ਰਚਨ ਦੀ ਲੋੜ ਕਿਉਂ ਪਈ? ਇਸ ਪਿੱਛੇ ਕੀ ਸਵਾਰਥ ਹੈ? ਇਸ ਪਿਛੇ ਕੌਣ ਲੋਕ ਹਨ ਜਿਹੜੇ ਸਿੱਖੀ ਪਰਚਾਰ ਲਈ ਰੱਖੇ ਪੈਸਿਆਂ ਦੀ ਦੁਰਵਰਤੋਂ ਕਰਨ ਦਾ ਦੁਸ਼-ਕਰਮ ਕਰ ਰਹੇ ਹਨ।

ਅਸਲ ਵਿੱਚ ਤਾਂ ਇਹੋ ਜਿਹੇ ਪ੍ਰੋਗਰਾਮ ਕਰਨ ਪਿੱਛੇ ਹਾਕਮ ਪਾਰਟੀ ਦਾ ਉਦੇਸ਼ ਆਪਣੇ ਲਈ ਵੋਟ ਬੈਂਕ ਇਕੱਤਰ ਕਰਨਾ ਜਾਪਦਾ ਹੈ, ਜਿਸ ਵਲੋਂ ਪਹਿਲਾਂ ਹਰ ਵਰ੍ਹੇ ਪ੍ਰਵਾਸੀ ਭਾਰਤੀ ਸੰਮੇਲਨ ਕਰਕੇ ਵਿਦੇਸ਼ ਵਸਦੇ ਪੰਜਾਬੀਆਂ ਨੂੰ ਪਰਚਾਉਣ ਅਤੇ ਉਨ੍ਹਾਂ ਨੂੰ ਆਪਣੇ ਹੱਕ 'ਚ ਕਰਨ, ਭਗਤਾਉਣ ਲਈ ਹਰ ਵਰ੍ਹੇ ਵੱਡੀ ਪੱਧਰ ਤੇ ਪ੍ਰਾਹੁਣਾਚਾਰੀ ਕੀਤੀ ਜਾਂਦੀ ਰਹੀ ਅਤੇ ਪੰਜਾਬੀਆਂ ਤੋਂ ਟੈਕਸ ਰਾਹੀਂ ਇਕੱਤਰ ਕੀਤੇ ਪੈਸੇ ਬੁਰੀ ਤਰ੍ਹਾਂ ਉਡਾਏ ਜਾਂਦੇ ਰਹੇ। ਆਪਣੇ ਹੱਕ ਵਾਲੇ ਵਿਸ਼ੇਸ਼ ਪ੍ਰਵਾਸੀਆਂ ਨੂੰ ਸੱਦ ਕੇ, ਉਨ੍ਹਾਂ ਦੀ ਆਓ ਭਗਤ ਕਰਕੇ, ਖ਼ੁਸ਼ ਕੀਤਾ ਜਾਂਦਾ ਰਿਹਾ ਅਤੇ ਫਿਰ ਆਪਣੇ ਵਿਦੇਸ਼ੀ ਦੌਰਿਆਂ ਦੌਰਾਨ, ਉਨ੍ਹਾਂ ਤੋਂ ਵੱਡੇ ਚੰਦੇ ਉਗਰਾਹੇ ਜਾਂਦੇ ਰਹੇ। ਇਹ ਕੰਮ ਹੁਣ ਤੱਕ ਵੀ ਲਗਭਗ ਸਾਰੀਆਂ ਪਾਰਟੀਆਂ ਆਪੋ ਆਪਣੇ ਹਿੱਤਾਂ ਦੀ ਪੂਰਤੀ ਲਈ ਕਰ ਰਹੀਆਂ ਹਨ। ਪ੍ਰਵਾਸੀ ਸੰਮੇਲਨ ਜੋ ਆਖਰੀ ਵੇਰ 2014 'ਚ ਜਲੰਧਰ ਦੇ ਇੱਕ ਪੈਲੇਸ 'ਚ ਕਰਵਾਇਆ ਗਿਆ, ਉਸ ਵਿੱਚ ਘੱਟੋ ਘੱਟ 160 ਪ੍ਰਵਾਸੀ ਪੰਜਾਬੀ ਘੱਟੋ ਘੱਟ ਇੱਕ ਇੱਕ ਲੱਖ ਰੁਪਏ ਖਰਚ ਕੇ ਸ਼ਾਮਲ ਹੋਏ, ਜਿਨ੍ਹਾਂ ਨੂੰ ਸਰਕਾਰੀ ਅਫਸਰਾਂ ਨੇ ਗੱਲਾਂ ਬਾਤਾਂ 'ਚ ਸਬਜ ਬਾਗ ਦਿਖਾਕੇ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 15 ਜਾਂ ਵੀਹ ਮਿੰਟ ਦਾ ਮਜਾਕੀਆ ਜਿਹਾ ਭਾਸ਼ਨ ਦੇਕੇ ਅਤੇ ਚੰਗਾ ਚੋਖਾ ਦੁਪਹਿਰ ਦਾ ਭੋਜਨ ਖੁਆਕੇ ਤੋਰ ਦਿੱਤਾ। ਆਖਿਰ ਉਸ ਸੰਮੇਲਨ ਤੋਂ ਵਿੱਚੋਂ ਕਿਸੇ ਨੂੰ ਕੀ ਪ੍ਰਾਪਤੀ ਹੋਈ, ਜਿਹੜੀ ਵਿਸ਼ਵ ਪੰਜਾਬੀ ਭਾਸ਼ਾ ਸਮੇਲਨ ਹੋਏ ਤੋਂ [ਜੇਕਰ ਇਹ ਸੰਪਨ ਹੋ ਗਿਆ ਹੁੰਦਾ] ਹੋਣੀ ਸੀ। ਆਖ਼ਿਰ 160 ਲੱਖ ਰੁਪਏ ਪ੍ਰਵਾਸੀਆਂ ਦੇ ਅਤੇ ਕਰੋੜਾਂ ਰੁਪਏ ਪੰਜਾਬੀਆਂ ਦੇ ਟੈਕਸ ਦੇ ਪ੍ਰਾਹੁਣਾਚਾਰੀ ਉਤੇ ਖਰਚ ਕੇ ਸਰਕਾਰ ਜਾਂ ਲੋਕਾਂ ਨੇ ਕੀ ਖੱਟਿਆ? ਪ੍ਰਵਾਸੀ ਸੰਮੇਲਨ ਤੋਂ ਹੁਣ, ਜਦ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ [ਜਿਸ ਵਲੋਂ ਇਹੋ ਜਿਹੇ ਪ੍ਰਵਾਸੀ ਸੰਮੇਲਨ ਬੁਲਾਉਣ ਦੀ ਪਹਿਲ ਕੀਤੀ ਗਈ ਸੀ] ਦੇ ਆਗੂਆਂ ਦਾ ਮੋਹ ਭੰਗ ਹੋਇਆ ਹੈ ਪ੍ਰਵਾਸੀ ਪੰਜਾਬੀ ਉਹਨਾਂ ਨੂੰ ਮੂੰਹ ਨਹੀਂ ਲਗਾ ਰਹੇ ਅਤੇ ਨੇਤਾਵਾਂ ਦੇ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ 'ਚ ਦੌਰਿਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਕਿਉਂਕਿ ਉਹਨਾਂ ਨੇਤਾਵਾਂ ਅਤੇ ਉਨਾਂ ਦੇ ਪੁੱਠੇ ਕਾਰਨਾਮਿਆਂ ਪ੍ਰਤੀ ਪ੍ਰਵਾਸੀਆਂ ਵਿੱਚ ਕੋਈ ਹਮਦਰਦੀ ਨਹੀਂ ਰਹੀ ਅਤੇ ਉਥੇ ਕੋਈ ਵੀ ਬਹੁਤੇ ਪੰਜਾਬੀ ਨੇਤਾਵਾਂ, ਚੌਧਰੀਆਂ ਨੂੰ ਜੀ ਆਇਆਂ ਨਹੀਂ ਆਖ ਰਿਹਾ। ਇਸੇ ਕਰਕੇ ਸ਼ਾਇਦ ਆਪਣੇ ਬਚੇ-ਖੁਚੇ ਅਧਾਰ ਨੂੰ ਮੁੜ ਜਿਉਂਦਿਆਂ ਕਰਨ ਲਈ ਇਹ ਨੇਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਲੇਟ ਫਾਰਮ ਵਰਤਕੇ ਜਿਸਦਾ ਪ੍ਰਧਾਨ ਮੌਜੂਦਾ ਸਰਕਾਰ ਦੀ ਮਰਜ਼ੀ ਬਿਨਾ ਇੱਕ ਪੈਰ ਵੀ ਨਹੀਂ ਪੁੱਟਦਾ ਪ੍ਰਵਾਸੀਆਂ ਵਿੱਚ ਮੁੜ ਗੁਆਚੀ ਹੋਈ ਆਪਣੀ ਸਾਖ 'ਚ ਵਾਧਾ ਕਰਨ ਦਾ ਯਤਨ ਕਰ ਰਹੇ ਹਨ। ਇੰਜ ਹੀ ਆਪਣੇ ਸਵਾਰਥਾਂ ਦੀ ਪੂਰਤੀ ਹਿੱਤ ਮੌਕਾਪ੍ਰਸਤਾਂ, ਨੇਤਾਵਾਂ ਅਤੇ ਅਖੌਤੀ ਪੰਜਾਬੀ ਲੇਖਕਾਂ, ਕਥਿਤ ਪੰਜਾਬੀ ਪ੍ਰੇਮੀਆਂ ਨੇ ਕਈ ਵਿਸ਼ਵ ਪੰਜਾਬੀ ਲੇਖਕ ਸੰਮੇਲਨ ਰਚਾਕੇ ਸਮੇਂ ਸਮੇਂ ਵਾਹ-ਵਾਹ ਖੱਟਣ ਦਾ ਯਤਨ ਕੀਤਾ ਅਤੇ ਇਨ੍ਹਾਂ ਕਈ ਸੰਮੇਲਨ ਰਾਹੀਂ ਕਬੂਤਰਬਾਜ਼ੀ ਕਰਨ, ਕਰਾਉਣ ਦਾ ਨਾਪਾਕ ਕੰਮ ਵੀ ਕੀਤਾ। ਜਿਸਦੀ ਚਰਚਾ ਦੇਸ਼ਾਂ ਵਿਦੇਸ਼ਾਂ ਵਿੱਚ ਹੁੰਦੀ ਹੀ ਰਹਿੰਦੀ ਹੈ।

ਲੇਖਕ ਸਭਾਵਾਂ, ਲੇਖਕ ਦੀਆਂ ਜਥੇਬੰਦੀਆਂ ਜਾਂ ਅਕਾਡਮੀਆਂ, ਯੂਨੀਵਰਸਿਟੀ ਪੰਜਾਬੀ ਰਸਾਲੇ, ਅਖਬਾਰਾਂ ਦੇ ਅਦਾਰੇ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਸਮੇਂ-ਸਮੇਂ ਸਮਾਗਮ ਕਰਦੀਆਂ ਹਨ। ਉਨ੍ਹਾਂ ਵਲੋਂ ਕੀਤੇ ਗਈ ਸੁਹਿਰਦ ਯਤਨਾਂ ਦੀ ਪ੍ਰਸੰਸਾ ਵੀ ਹੁੰਦੀ ਹੈ। ਲੇਖਕ ਵਿਦਵਾਨ, ਪੰਜਾਬੀ ਪ੍ਰੇਮੀ, ਪੰਜਾਬੀ ਹਿਤੈਸ਼ੀ, ਸਿਰ ਜੋੜਕੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਦਰਪੇਸ਼ ਸਮੱਸਿਆਵਾਂ ਦਾ ਸਮਾਧਾਨ ਕਰਨ ਲਈ ਯੋਜਨਾਵਾਂ ਉਲੀਕਦੇ ਹਨ, ਇਨ੍ਹਾਂ ਯੋਜਨਾਵਾ ਉਤੇ ਅਮਲ ਵੀ ਹੁੰਦਾ ਹੈ। ਪੰਜਾਬੀ ਬੋਲੀ ਨੂੰ ਪੰਜਾਬ ਦੇ ਸਰਕਾਰੀ ਦਫ਼ਤਰਾਂ 'ਚ ਸਥਾਨ ਮਿਲੇ, ਪੰਜਾਬੀ ਕਰੋਬਾਰੀ ਭਾਸ਼ਾ ਬਣੇ, ਵੱਧ ਤੋਂ ਵੱਧ ਪੰਜਾਬੀ ਇਸ ਨੂੰ ਪੜ੍ਹਨ, ਨਵੀਂ ਤਕਨੀਕ ਦੇ ਯੁਗ 'ਚ ਪੰਜਾਬੀ ਬਾਕੀ ਭਾਸ਼ਾਵਾਂ ਦੇ ਹਾਣ ਦੀ ਬਣੇ ਇਸ ਵਾਸਤੇ ਯਤਨ ਵੀ ਕੀਤੇ ਜਾਂਦੇ ਹਨ। ਸਾਲ 1980 ਵਿੱਚ ਜੂਨ ਦੇ ਮਹੀਨੇ ਪਹਿਲੀ ਵੇਰ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ ਹੋਈ ਸੀ, ਜਿਸ ਵਿੱਚ ਬਰਤਾਨੀਆ, ਅਮਰੀਕਾ, ਕੈਨੇਡਾ, ਪੂਰਬੀ ਪੰਜਾਬ, ਪੱਛਮੀ ਪੰਜਾਬ ਤੋਂ ਨਾਮਵਰ ਲੇਖਕ ਸ਼ਾਮਲ ਹੋਏ ਸਨ। ਭਾਰਤੀ ਪੰਜਾਬ ਤੋਂ ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਵਿਸ਼ਵਾਨਾਥ ਤਿਵਾੜੀ ਸਮੇਤ 50 ਲੇਖਕ ਇਸ ਵਿੱਚ ਸ਼ਾਮਲ ਹੋਏ। ਇਸ ਲੇਖ ਦਾ ਲੇਖਕ ਵੀ ਇਸ ਵਿੱਚ ਸ਼ਾਮਲ ਸੀ। ਬਰਤਾਨੀਆਂ ਦੇ ਬਹੁ-ਗਿਣਤੀ ਲੇਖਕਾਂ, ਸਥਾਨਕ ਪੰਜਾਬੀਆਂ ਖਾਸ ਕਰਕੇ ਗੁਰੂ-ਘਰਾਂ ਤੋਂ ਇਸ ਸੰਮੇਲਨ ਨੂੰ ਵਿਆਪਕ ਸਹਿਯੋਗ ਸਹਾਇਤਾ ਵੀ ਮਿਲੀ ਸੀ, ਪਰ ਵਿਸ਼ਵ ਪੱਧਰ 'ਤੇ ਬਾਅਦ 'ਚ ਕੀਤੀਆਂ ਗਈਆਂ ਬਹੁਤੀਆਂ ਲੇਖਕ ਕਾਨਫਰੰਸਾਂ ਉਥੇ ਵਸਦੇ ਕਾਰੋਬਾਰੀਆਂ ਦੇ ਪ੍ਰਛਾਵੇ ਹੇਠ ਕੀਤੀਆਂ, ਕਰਵਾਈਆਂ ਗਈਆਂ, ਜਿਨ੍ਹਾਂ ਉਤੇ ਆਪਣੀ ਚੌਧਰ ਚਮਕਾਉਣ ਅਤੇ ਆਪਣੇ ਬੰਦੇ ਚੋਰ-ਮੋਰੀ ਰਾਹੀਂ ਵਿਦੇਸ਼ਾਂ 'ਚ ਪਹੁੰਚਾਉਣ ਦੇ ਇਲਜ਼ਾਮ ਲੱਗੇ। ਇਹੋ ਜਿਹੀਆਂ ਵਿਸ਼ਵ ਸੰਮੇਲਨ ਕਾਨਫਰੰਸਾਂ, ਸੰਮੇਲਨ ਹੁਣ ਵੀ ਵੱਖੋ-ਵੱਖਰੇ ਅਦਾਰਿਆਂ, ਸੰਸਥਾਵਾਂ ਵਲੋਂ ਕੀਤੀਆਂ ਜਾ ਰਹੀਆਂ ਹਨ, ਜਿਹਨਾਂ ਦੀ ਨਾ ਤਾਂ ਪੰਜਾਬੀ ਹਲਕਿਆਂ 'ਚ ਕੋਈ ਜਾਣ ਪਹਿਚਾਣ ਹੈ, ਨਾ ਹੀ ਉਨ੍ਹਾਂ ਦੀ ਪੰਜਾਬੀ ਸਹਿਤ ਨੂੰ ਕੋਈ ਦੇਣ ਹੈ। ਇਹੋ ਜਿਹੀਆਂ ਵਿਸ਼ਵ ਕਾਨਫਰੰਸਾਂ, ਦੀ ਸਥਿਤੀ ਉਸ ਵੇਲੇ ਹਾਸੋਹੀਣੀ ਹੁੰਦੀ ਜਾਪਦੀ ਹੈ, ਜਦੋਂ ਇੱਕ ਸਧਾਰਨ ਜਿਹੇ ਹਾਲ ਵਿਚ ਗਿਣਤੀ ਦੇ ਬੰਦੇ ਇਕੱਠੇ ਹੋਕੇ ਫੋਟੋ ਖਿਚਵਾਉਂਦੇ, ਇੱਕ ਦੂਜੇ ਦੀਆਂ ਸਿਫਤਾਂ ਕਰਦੇ ਅਤੇ ਅਖਬਾਰਾਂ, ਮੈਗਜ਼ੀਨਾਂ ਵਿੱਚ ਰਿਪੋਰਟਾਂ ਛਪਵਾਕੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਹਨ! ਕਿੰਨੀਆਂ ਕੁ ਪੰਜਾਬੀ ਵਿਸ਼ਵ ਕਾਨਫਰੰਸਾਂ ਵਲੋਂ ਸੱਚੀਂ ਮੁੱਚੀਂ ਦੇ ਵਿਦਵਾਨਾਂ ਤੋਂ ਪੰਜਾਬੀ ਬੋਲੀ, ਸਾਹਿਤ, ਸਭਿਆਚਾਰ ਸਬੰਧੀ ਲਿਖੇ ਖੋਜ ਪੱਤਰ ਛਾਪੇ ਗਏ, ਉਨ੍ਹਾਂ ਤੇ ਸਾਰਥਕ ਚਰਚਾ ਹੋਈ। ਪਿਛਲੇ ਦਹਾਕੇ ਲਗਭਗ ਹਰ ਵਰ੍ਹੇ ਇਹੋ ਜਿਹੇ ਸਧਾਰਨ ਜਿਹੇ ਇਕੱਠ ਕੈਨੇਡਾ, ਅਮਰੀਕਾ ਦੇ ਵੱਡੇ ਸ਼ਹਿਰਾਂ 'ਚ ਕਰਵਾਏ ਗਏ ਜਿਨ੍ਹਾਂ ਨੂੰ ਵਿਸ਼ਵ ਸੰਮੇਲਨਾਂ ਦਾ ਨਾਮ ਦਿੱਤਾ ਗਿਆ, ਕੀ ਭਾਰਤੀ ਪੰਜਾਬੋਂ, ਪਾਕਿਸਤਾਨੀ ਪੰਜਾਬੋਂ ਕੁਝ ਲੇਖਕ ਸੱਦਕੇ ਦੋ ਦਿਨ ਉਨ੍ਹਾਂ ਦੀ ਪ੍ਰਾਹੁਣਾਚਾਰੀ ਕਰਕੇ, ਦੋ ਚਾਰ ਦਰਜਨ ਪੰਜਾਬੀ ਪ੍ਰੇਮੀ ਸੱਦਕੇ, ਇਕੱਠ ਕੀਤਾ ਵਿਖਾਕੇ ਉਸ ਸਮਾਗਮ ਨੂੰ, ਵਿਸ਼ਵ ਸੰਮੇਲਨ ਦਾ ਨਾਮ ਦੇਣਾ ਜਾਇਜ਼ ਹੈ? ਭਵਿੱਖ ਵਿੱਚ ਕੀਤੀਆ ਜਾਣ ਵਾਲੀਆਂ ਇਹੋ ਜਿਹੀਆਂ ਮੀਟਿੰਗਾਂ ਜਾਂ ਕਥਿਤ ਵਿਸ਼ਵ ਕਾਨਫਰੰਸਾਂ ਦੇ ਪ੍ਰਬੰਧਕਾਂ ਨੂੰ ਇਸ ਸਬੰਧੀ ਸੋਚਣ ਦੀ ਲੋੜ ਹੈ। ਜਿਹੜੇ ਸਿਰਫ ਅਖਬਾਰਾਂ 'ਚ ਖਬਰਾਂ ਲਿਆਉਣ ਦੀ ਖਾਤਰ ਪਹਿਲਾਂ ਪੰਜਾਬ 'ਚ ਆਕੇ ਆਪਣੇ ਚਹੇਤਿਆਂ ਦੀ ਮੀਟਿੰਗ ਕਰਕੇ "ਵਿਸ਼ਵ ਸੰਮੇਲਨ" ਕਰਨ ਦਾ ਐਲਾਨ ਕਰਦੇ ਹਨ ਅਤੇ ਫਿਰ ਉਧਰ "ਪੰਜਾਬੀ ਪ੍ਰੇਮੀ" ਪੰਜਾਬੀਆਂ ਦੇ ਜਜ਼ਬਿਆਂ ਨਾਲ ਖੇਡਕੇ ਉਨ੍ਹਾਂ ਦੀ ਕਮਾਈ 'ਚੋਂ ਪੈਸੇ ਕਢਵਾਕੇ ਆਪਣੇ ਹਉਮੈ ਨੂੰ ਪੱਠੇ ਪਾਉਣ ਜਾਂ ਸਵਾਰਥ ਸਿੱਧੀ ਲਈ ਜਾਂ ਲੇਖਕਾਂ ਵਿਚ ਆਪਣਾ "ਗੁੱਟ" ਮਜ਼ਬੂਤ ਕਰਨ ਲਈ ਇਹ ਸੰਮੇਲਨ ਕਰਦੇ ਹਨ, ਉਵੇਂ ਹੀ ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਾਕਮ ਧਿਰ ਦੇ ਇਸ਼ਾਰੇ 'ਤੇ ਪੰਜਾਬ ਵਿਚਲੀ ਹੋ ਰਹੀ ਅਗਾਮੀ ਚੋਣ ਤੋਂ ਪਹਿਲਾਂ ਆਪਣੀ ਸਵਾਰਥ ਸਿੱਧੀ ਲਈ ਵਿਸ਼ਵ ਭਾਸ਼ਾ ਕਾਨਫਰੰਸ ਕਰਨਾ ਮਿਥਿਆ ਹੋਇਆ ਹੈ।

ਚੰਗਾ ਹੋਵੇਗਾ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਨਿਰਧਾਰਤ ਕਾਰਜਾਂ ਵੱਲ ਧਿਆਨ ਦੇਵੇ ਅਤੇ ਬਿਨਾ ਕਾਰਨ ਆਪਣੇ ਵਕਾਰ ਨੂੰ ਤਬਾਹ ਕਰਨ ਵਾਲੇ ਕੰਮ ਨਾ ਕਰੇ ਕਿਉਂਕਿ ਉਹ ਪਹਿਲਾਂ ਹੀ ਗੁਰੂ ਦੀ ਗੋਲਕ ਫਜ਼ੂਲ ਲੁਟਾਉਣ ਕਾਰਨ ਵਿਵਾਦਾਂ ਦੇ ਘੇਰੇ 'ਚ ਫਸੀ ਹੋਈ ਹੋਈ ਹੈ। ਵਿਦੇਸ਼ਾਂ 'ਚ ਪੰਜਾਬੀ ਭਾਸ਼ਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਜੇਕਰ ਕੋਈ ਸਾਹਿਤਕ ਸਮਾਗਮ ਕਰਨੇ ਜ਼ਰੂਰੀ ਹੀ ਹੋਣ ਤਾਂ ਉਹ ਉਸ ਵੇਲੇ ਹੀ ਵਿਸ਼ਵ ਸੰਮੇਲਨ, ਵਿਸ਼ਵ ਕਾਨਫਰੰਸ ਦਾ ਉਨ੍ਹਾਂ ਸਮਾਗਮਾਂ ਨੂੰ ਨਾਮ ਦੇਣ ਜੇਕਰ ਵੱਖੋ-ਵੱਖਰੀਆਂ ਪੰਜਾਬ ਦੀਆਂ ਯੂਨੀਵਰਸਿਟੀਆਂ, ਕੇਂਦਰੀ ਲੇਖਕ ਸਭਾਵਾਂ, ਸਾਹਿਤਕ ਅਕਾਦਮੀਆਂ ਦੇ ਨੁਮਾਇੰਦਿਆਂ ਅਤੇ ਵੱਖੋ-ਵੱਖਰੇ ਦੇਸ਼ਾਂ 'ਚ ਵਸਦੇ ਪ੍ਰਸਿੱਧ ਪੰਜਾਬੀ ਲੇਖਕਾਂ ਦੀ ਹਾਜ਼ਰੀ ਉਸ ਵਿੱਚ ਯਕੀਨੀ ਬਣਾ ਲਈ ਗਈ ਹੋਵੇ। ਇਸ ਦੇ ਨਾਲ ਹੀ ਉਨ੍ਹਾਂ ਦੇ ਕਾਨਫਰੰਸ ਵਿੱਚ ਆਉਣ ਜਾਣ ਦੇ ਖਰਚ ਲਈ ਪ੍ਰਬੰਧ ਵੀ ਉਹ ਸੰਸਥਾ ਕਰੇ। ਇਹੋ ਜਿਹੀਆਂ ਪੰਜਾਬੀ ਲੇਖਕ ਕਾਨਫਰੰਸਾਂ 5 ਸਾਲਾਂ ਬਾਅਦ ਹੀ ਆਯੋਜਿਤ ਹੋਣ, ਜਿਥੇ ਨਾਮ ਵਰ ਪੰਜਾਬੀ ਲੇਖਕਾਂ ਦਾ ਸਨਮਾਨ ਵੀ ਕੀਤਾ ਜਾਵੇ ਅਤੇ ਪੰਜਾਬੀ ਸਾਹਿਤ ਦੀਆਂ ਵੱਖੋ-ਵੱਖਰੀਆਂ ਵੰਨਗੀਆਂ 'ਚ ਰਚੇ ਸਾਹਿਤ ਵੀ ਭਰਪੂਰ ਚਰਚਾ ਵੀ ਹੋਵੇ। ਇਹੋ ਜਿਹੀਆਂ ਕਾਨਫਰੰਸਾਂ ਸਿਰਫ ਚਮਚਾਗਿਰੀ ਕਰਨ ਵਾਲੇ, ਹਲਕੇ ਫੁਲਕੇ ਲੇਖਕਾਂ ਲਈ ਵਿਦੇਸ਼ਾਂ 'ਚ ਕਬੂਤਰਬਾਜ਼ੀ ਕਰਨ ਜਾਂ ਉਨ੍ਹਾਂ ਦੇ ਵੀਜ਼ੇ ਲਗਾਉਣ ਲਈ ਜਾਂ ਸੈਰ-ਸਪਾਟੇ ਦਾ ਰਾਹ ਖੋਲ੍ਹਣ ਲਈ ਕਰਵਾਕੇ ਬਿਨ੍ਹਾਂ ਕਾਰਨ ਵਿਵਾਦਾਂ 'ਚ ਨਾ ਪਿਆ ਜਾਵੇ। ਇਹੀ ਇਨ੍ਹਾਂ ਪੰਜਾਬ ਹਿਤੈਸ਼ੀ ਸੰਸਥਾਵਾਂ ਦੀ ਪੰਜਾਬੀ ਭਾਸ਼ਾ, ਸਾਹਿਤ ਪ੍ਰਤੀ ਅਦਭੂਤ ਸੇਵਾ ਹੋਵੇਗੀ।



# ਵੋਟ ਬਟੋਰੂ ਪਾਰਟੀਆਂ ਦੇ ਸ਼ਕਤੀ ਪ੍ਰਦਰਸ਼ਨ ਅਤੇ ਪੰਜਾਬ ਦੇ ਸਰੋਕਾਰ





ਬੂਟਾ ਸਿੰਘ

ਅਗਲੀਆਂ ਵਿਧਾਨ-ਸਭਾ ਚੋਣਾਂ ਵਿਚ ਅਜੇ ਸਵਾ ਸਾਲ ਦੇ ਕਰੀਬ ਵਕਤ ਬਾਕੀ ਹੈ। ਪਰ ਵੋਟ ਬਟੋਰੂ ਸਿਆਸੀ ਪਾਰਟੀਆਂ ਨੇ ਆਪਣੀ ਖ਼ਸਲਤ ਅਨੁਸਾਰ ਹੁਣ ਤੋਂ ਹੀ ਚੋਣ ਤਿਆਰੀਆਂ ਵਿੱਢ ਦਿੱਤੀਆਂ ਹਨ। ਇਕ ਦੂਜੇ ਨਾਲ ਜ਼ਿਦ ਕੇ ਸਿਆਸੀ ਰੈਲੀਆਂ ਜਥੇਬੰਦ ਕੀਤੀਆਂ ਜਾ ਰਹੀਆਂ ਹਨ। ਵੱਡੇ-ਵੱਡੇ ਇਕੱਠਾਂ ਦੀ ਨੁਮਾਇਸ਼ ਲਾ ਕੇ ਹਰ ਪਾਰਟੀ ਇਹ ਸਾਬਤ ਕਰਨ ਲਈ ਯਤਨਸ਼ੀਲ ਹੈ ਕਿ ਇਹ ਇਕੱਠ ਅਵਾਮ ਦੇ ਉਨ੍ਹਾਂ ਵਿਚ ਭਰੋਸੇ ਦਾ ਸਬੂਤ ਹਨ। ਉਹ ਦਾਅਵੇ ਕਰ ਰਹੇ ਹਨ ਕਿ ਸੂਬੇ ਵਿਚ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਕਿਉਂਕਿ ਅਵਾਮ ਉਨ੍ਹਾਂ ਨੂੰ ਸੱਤਾ ਦੀ ਵਾਗਡੋਰ ਸੰਭਾਲਣ ਦੇ ਖ਼ਾਹਸ਼ਮੰਦ ਹਨ। ਅਵਾਮ ਦੀ ਜ਼ਿੰਦਗੀ ਨਾਲ ਜੁੜੇ ਮਸਲਿਆਂ ਤੇ ਮੁੱਦਿਆਂ ਪ੍ਰਤੀ ਉਨ੍ਹਾਂ ਦੀ ਕਰੂਚੀ ਕੋਈ ਹੈਰਾਨੀ ਵਾਲੀ ਗੱਲ ਨਹੀਂ।

ਬੁਰੀ ਤਰ੍ਹਾਂ ਪ੍ਰਤੀਤ ਗੁਆ ਚੁੱਕੇ ਬਾਦਲ ਆਪਣੀ ਸਿਆਸੀ ਵਾਜਬੀਅਤ ਮੁੜ-ਬਹਾਲ ਕਰਨ ਲਈ ਹਰ ਹਰਬਾ ਇਸਤੇਮਾਲ ਕਰ ਰਹੇ ਹਨ। ਕਿਸਾਨਾਂ-ਮਜ਼ਦੂਰਾਂ ਦੇ ਜ਼ਬਰਦਸਤ ਸੰਘਰਸ਼ ਅਤੇ ਬਰਗਾੜੀ ਦੇ ਬੇਅਦਬੀ ਕਾਂਡ ਦੇ ਵਿਰੁੱਧ ਪੂਰੇ ਪੰਜਾਬ ਵਿਚ ਉੱਠਿਆ ਰੋਸ ਤੇ ਰੋਹ ਅਤੇ ਲੋਕਾਂ ਵਲੋਂ ਥਾਂ-ਥਾਂ ਅਕਾਲੀ ਆਗੂਆਂ ਨੂੰ ਘੇਰਨ ਦੇ ਰੁਝਾਨ ਨੇ ਉਨ੍ਹਾਂ ਨੂੰ ਫ਼ਿਕਰਾਂ ਵਿਚ ਪਾ ਦਿੱਤਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਪੱਚੀ ਸਾਲ ਰਾਜ ਕਰਨ ਦੇ ਦਾਅਵੇ ਦਾ ਸਿਆਸੀ ਭਵਿੱਖ ਕੀ ਹੈ। ਹੁਣ ਉਹ ਸਵਾ ਲੱਖ ਨੌਕਰੀਆਂ ਦੇਣ, ਸਵਾ ਲੱਖ ਬਿਜਲੀ ਕੁਨੈਕਸ਼ਨ ਜਾਰੀ ਕਰਨ, ਬੁਢਾਪਾ ਪੈਨਸ਼ਨਾਂ ਵਧਾਉਣ, ਮੁਫ਼ਤ ਧਾਰਮਿਕ ਯਾਤਰਾਵਾਂ ਕਰਾਉਣ, "ਸੰਘਰਸ਼ੀ ਯੋਧਿਆਂ" ਨੂੰ ਪੈਨਸ਼ਨਾਂ ਤੇ ਸਨਮਾਨ ਦੇਣ ਵਗੈਰਾ ਦੇ ਧੜਾਧੜ ਐਲਾਨ ਕਰ ਰਹੇ ਹਨ। ਆਪਣਾ ਵਿਗੜਿਆ ਅਕਸ ਸੁਧਾਰਨ ਅਤੇ ਆਪਣੀ ਸਿਆਸੀ ਹਰਮਨਪਿਆਰਤਾ ਸਾਬਤ ਕਰਨ ਲਈ ਉਨ੍ਹਾਂ ਨੇ 'ਸਦਭਾਵਨਾ ਰੈਲੀਆਂ' ਦੇ ਨੁਮਾਇਸ਼ੀ ਇਕੱਠ ਕਰਨੇ ਸ਼ੁਰੂ ਕੀਤੇ ਹੋਏ ਹਨ। ਜਿਨ੍ਹਾਂ ਦਾ ਮਨੋਰਥ ਪੰਜਾਬ ਦੇ ਵਿਕਾਸ ਵਿਚ ਖ਼ਲਲ ਪਾਉਣ ਅਤੇ 'ਅਮਨ' ਦੇ ਮਾਹੌਲ ਨੂੰ ਵਿਗਾੜਨ ਵਾਲੀਆਂ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਬਣਾਉਣਾ ਦੱਸਿਆ ਜਾ ਰਿਹਾ ਹੈ। ਬਠਿੰਡਾ ਤੋਂ ਸ਼ੁਰੂ ਹੋ ਕੇ ਗੁਰਦਾਸਪੁਰ, ਨਕੋਦਰ, ਮੋਗਾ, ਖਡੂਰ ਸਾਹਿਬ ਵਿਚ 'ਸਦਭਾਵਨਾ' ਰੈਲੀਆਂ ਕਰਨ ਤੋਂ ਬਾਦ ਹਾਲ ਹੀ ਵਿਚ ਬਾਦਲਕਿਆਂ ਵਲੋਂ ਕੈਪਟਨ ਅਮਰਿੰਦਰ ਸਿੰਘ ਦੇ ਜ਼ੱਦੀ ਸ਼ਹਿਰ ਪਟਿਆਲੇ ਵਿਚ ਰੈਲੀ ਕੀਤੀ ਗਈ ਹੈ। ਸੁਖਬੀਰ ਬਾਦਲ ਆਪਣੇ ਖ਼ਾਸ ਮਹਾਂ-ਗੱਪੀ ਅੰਦਾਜ਼ 'ਚ ਵੱਡੇ-ਵੱਡੇ ਦਾਅਵੇ ਕਰਕੇ ਆਪਣੇ ਸਿਆਸੀ ਦੀਵਾਲੀਆਪਣ ਉੱਪਰ ਹੀ ਮੋਹਰ ਲਾ ਰਿਹਾ ਹੈ। ਬਾਦਲਾਂ ਦੀਆਂ ਇਨ੍ਹਾਂ 'ਸਦਭਾਵਨਾ' ਰੈਲੀਆਂ ਦਾ ਨਾ ਤਾਂ ਸਮਾਜੀ ਸਦਭਾਵਨਾ ਨਾਲ ਕੋਈ ਸਬੰਧ ਹੈ ਅਤੇ ਨਾ ਲੋਕਾਂ ਦੇ ਹਕੀਕੀ ਸਰੋਕਾਰਾਂ ਤੇ ਮਸਲਿਆਂ ਨਾਲ। ਦਰਅਸਲ, ਪੰਜਾਬ ਵਿਚ ਇਸ ਵਕਤ ਸਮਾਜੀ ਸਦਭਾਵਨਾ ਪੱਖੋਂ ਐਸਾ ਕੋਈ ਤਣਾਓ ਹੈ ਹੀ ਨਹੀਂ ਕਿ ਅਵਾਮ ਨੂੰ ਆਪਸੀ ਸਾਂਝ ਬਣਾਈ ਰੱਖਣ ਦਾ ਸੁਨੇਹਾ ਦੇਣ ਲਈ ਇਉਂ ਵੱਡੇ-ਵੱਡੇ ਇਕੱਠ ਕੀਤੇ ਜਾਣ। ਸਿਆਸੀ ਤੌਰ 'ਤੇ ਬੇਮਿਸਾਲ ਰੂਪ 'ਚ ਦੀਵਾਲੀਆ ਬਾਦਲਾਂ ਕੋਲ ਕਾਲੇ ਦਿਨਾਂ ਦੀ ਵਾਪਸੀ ਅਤੇ ਬਦੇਸ਼ੀ ਹੱਥ ਦਾ ਹਊਆ ਹੀ ਐਸੇ ਘਸੇਪਿੱਟੇ ਹੱਥਕੰਡੇ ਬਚੇ ਹਨ ਜਿਨ੍ਹਾਂ ਜ਼ਰੀਏ ਆਮ ਲੋਕਾਂ ਵਿਚ ਭੈਅ ਤੇ ਘਚੋਲਾ ਪੈਦਾ ਕਰਕੇ ਉਹ ਆਪਣੀ ਸਿਆਸੀ ਸਾਖ ਸੁਧਾਰਨ ਦਾ ਪੱਤਾ ਖੇਡ ਸਕਦੇ ਹਨ।

ਸੱਤਾਧਾਰੀ ਧਿਰ ਦੀਆਂ ਇਹ ਰੈਲੀਆਂ ਸਿਆਸੀ ਨਿਖੇੜੇ ਦੀ ਬੁਖਲਾਹਟ ਵਿੱਚੋਂ ਜਿਵੇਂ-ਕਿਵੇਂ ਹਜੂਮ ਜੁਟਾਕੇ ਤਾਕਤ ਦੀ ਘਿਣਾਉਣੀ ਤੇ ਭੱਦੀ ਨੁਮਾਇਸ਼ ਹਨ। ਹਰਿਆਣਾ ਤੋਂ ਮੰਗਵੀਂ 'ਸੰਗਤ' ਢੋਣ, ਸ਼ਰਾਬ ਤੇ ਹੋਰ ਨਸ਼ਿਆਂ ਦਾ ਲਾਲਚ ਦੇ ਕੇ ਰੈਲੀਆਂ ਦੀ ਰੌਣਕ ਵਧਾਉਣ ਤੇ ਮੋਗਾ ਜ਼ਿਲ੍ਹੇ ਦੇ ਪਿੰਡਾਂ ਵਿੱਚੋਂ ਗੁਰਦੁਆਰੇ ਦੇ ਸਪੀਕਰਾਂ ਤੋਂ ਸ਼ਰੇਆਮ ਹੋਕੇ ਦੇ ਕੇ 'ਨਰੇਗਾ' ਵਾਲੇ ਦਿਹਾੜੀਦਾਰਾਂ ਨੂੰ 500 ਰੁਪਏ ਦਿਹਾੜੀ ਅਤੇ ਸ਼ਰਾਬ ਦੀ ਬੋਤਲ ਦਾ ਲਾਲਚ ਦੇ ਕੇ ਬੱਸਾਂ ਵਿਚ ਭਰਕੇ ਲਿਆਉਣ ਦੇ ਬਾਵਜੂਦ ਰੈਲੀਆਂ ਕੋਈ ਖ਼ਾਸ ਪ੍ਰਭਾਵ ਨਹੀਂ ਛੱਡ ਸਕੀਆਂ। ਰੈਲੀਆਂ ਤੋਂ ਵਾਪਸੀ ਮੌਕੇ ਸ਼ਰਾਬ ਦੀਆਂ ਪੇਟੀਆਂ ਮੋਢੇ ਉੱਪਰ ਚੁੱਕੀ ਅਤੇ ਬੋਤਲਾਂ ਖੋਲ੍ਹੀ ਬੈਠੀ 'ਸੰਗਤ' ਸਦਭਾਵਨਾ ਅਤੇ ਅਮਨ-ਕਾਨੂੰਨ ਦੇ ਦਾਅਵਿਆਂ ਦਾ ਮੂੰਹ ਚਿੜਾ ਰਹੀ ਸੀ। ਇਨ੍ਹਾਂ ਰੈਲੀਆਂ ਦੇ ਬਹਾਨੇ ਸਰਕਾਰੀ ਖਜ਼ਾਨੇ ਨੂੰ ਕਈ ਕਰੋੜ ਰੁਪਏ ਦਾ ਚੂਨਾ ਲਾ ਕੇ ਪੰਜਾਬ ਦੀ ਪਹਿਲਾਂ ਹੀ ਕਰਜੇ ਦੀ ਭਾਰੀ ਪੰਡ ਵਿਚ ਹੋਰ ਇਜ਼ਾਫਾ ਕਰ ਦਿੱਤਾ ਗਿਆ ਹੈ।

ਸੂਬੇ ਵਿਚ ਕਾਂਗਰਸ ਦੀ ਕਮਾਨ/ ਪ੍ਰਧਾਨਗੀ ਦਾ ਗੁਣਾ ਕੈਪਟਨ ਅਮਰਿੰਦਰ ਸਿੰਘ ਉੱਪਰ ਪੈਣ ਨਾਲ ਉਸਨੇ ਵੀ 15 ਦਸੰਬਰ ਨੂੰ ਬਾਦਲਕਿਆਂ ਦੇ ਅਖਾਉਤੀ ਗੜ੍ਹ ਬਠਿੰਡਾ ਵਿਚ ਮਹਾਂ ਰੈਲੀ ਕਰਕੇ ਅਤੇ ਗੁਟਕੇ ਦੀ ਸਹੁੰ ਚੁੱਕਕੇ 'ਬਦਲਾਓ ਲਹਿਰ' ਦਾ ਆਗਾਜ਼ ਕੀਤਾ ਹੈ। ਕਾਂਗਰਸੀ ਮਹਾਂਰਥੀ ਆਪਣੇ ਰਵਾਇਤੀ ਅੰਦਾਜ਼ ਵਿਚ ਵਿਧਾਨ-ਸਭਾ ਚੋਣਾਂ ਅੰਦਰ ਬਾਦਲਾਂ ਨੂੰ ਸਬਕ ਸਿਖਾਉਣ ਦੇ ਬਿਆਨ ਦਾਗ਼ ਰਹੇ ਹਨ। ਉਹ ਪਾਰਲੀਮੈਂਟਰੀ ਖੱਬੀਧਿਰ ਤੇ ਮਨਪ੍ਰੀਤ ਬਾਦਲ ਵਰਗੀਆਂ ਹੋਰ 'ਹਮਖ਼ਿਆਲ' ਤਾਕਤਾਂ ਨੂੰ ਲੈ ਕੇ 'ਮਹਾਂ-ਗੱਠਜੋੜ' ਦੀਆਂ ਤਜਵੀਜ਼ਾਂ ਪੇਸ਼ ਕਰ ਰਹੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਬਾਦਲਾਂ ਦੇ ਬੇਹਯਾ ਬੁਰਛਾਗਰਦ ਰਾਜ ਤੋਂ ਅੱਕੇ-ਸਤੇ ਲੋਕਾਂ ਤੋਂ ਭਰਵੀਂ ਹਮਾਇਤ ਮਿਲਣ ਦੀ ਬਹੁਤੀ ਉਮੀਦ ਨਹੀਂ ਜਾਪਦੀ।

ਬਾਦਲ ਸਰਕਾਰ ਦਾ ਗੱਠਜੋੜ ਭਾਈਵਾਲ, ਭਗਵਾਂ ਬ੍ਰਿਗੇਡ, ਵੀ ਅੰਦਰੋ-ਅੰਦਰੀ ਆਪਣਾ ਸਿਆਸੀ ਅਧਾਰ ਫੈਲਾਉਣ ਅਤੇ ਵੋਟ ਬੈਂਕ ਵਧਾਉਣ ਦੇ ਯਤਨਾਂ ਵਿਚ ਜੁੱਟਿਆ ਹੋਇਆ ਹੈ। ਪਿਛਲੇ ਸਾਲ ਆਰ.ਐੱਸ.ਐੱਸ. ਦੇ ਮੁਖੀ ਵਲੋਂ ਡੇਰਾ ਸਰਸਾ ਅਤੇ ਡੇਰਾ ਬਿਆਸ ਨਾਲ ਗੁਪਤ ਮੀਟਿੰਗਾਂ, ਭਾਜਪਾ ਦੇ ਪੰਜਾਬ ਦੇ ਆਗੂਆਂ ਵਲੋਂ ਬਾਦਲਾਂ ਦੀਆਂ ਮਨਮਾਨੀਆਂ ਦੀ ਆਲੋਚਨਾ ਕਰਦੇ ਬਿਆਨ, ਬਰਗਾੜੀ ਦੇ ਬੇਅਦਬੀ ਕਾਂਡ ਦੇ ਦਿਨਾਂ ਵਿਚ ਭਾਜਪਾ ਦੀ ਲੱਗਭੱਗ ਖ਼ਾਮੋਸ਼ੀ ਅਤੇ 'ਸਰਬੱਤ ਖ਼ਾਲਸਾ' ਦੇ ਮੰਚ ਉੱਪਰ ਆਰ.ਐੱਸ.ਐੱਸ. ਨਾਲ ਅਸਿੱਧੇ ਤੌਰ 'ਤੇ ਸਬੰਧਤ ਇਕ ਹਸਤੀ ਦੀ ਮੌਜੂਦਗੀ ਤੇ ਪ੍ਰਭਾਵਸ਼ਾਲੀ ਦਖ਼ਲਅੰਦਾਜ਼ੀ ਅਕਾਲੀ-ਭਾਜਪਾ ਗੱਠਜੋੜ ਦੇ ਤਿੜਕਣ ਦੀਆਂ ਨਿਸ਼ਾਨੀਆਂ ਹਨ। ਪ੍ਰਭਾਵਸ਼ਾਲੀ ਸੂਬਾਈ ਆਗੂ ਦੀ ਅਣਹੋਂਦ ਉਨ੍ਹਾਂ ਦੀ ਮਿਆਦੀ ਕਮਜ਼ੋਰੀ ਹੈ। ਇਸ ਗੱਠਜੋੜ ਦੇ ਭਵਿੱਖ ਦੇ ਉਧੇੜ-ਅਮਲ ਨੂੰ ਅਜੇ ਵਕਤ ਲੱਗੇਗਾ। ਪਰ ਬਾਦਲ ਦਲ ਦੀ ਬੇਪ੍ਰਤੀਤੀ ਦੇ ਮੱਦੇਨਜ਼ਰ ਇਕ ਚੀਜ਼ ਤੈਅ ਹੈ ਕਿ ਸੰਘ ਪਰਿਵਾਰ ਦੀ ਗੱਠਜੋੜ ਸਮੀਕਰਨ ਪਹਿਲਾਂ ਵਾਲੀ ਜੂਨੀਅਰ ਭਾਈਵਾਲੀ ਵਾਲੀ

(ਬਾਕੀ ਸਫ਼ਾ 28 'ਤੇ)


Punjab Insurance Inc.



Super Visa Insurance
45% Discount and
Specialists in Truck Fleets Group & Disability Insurance
Bachitter S Mehmi
(647)299-4803 bachitter@punjabinsurance.ca



Century 21
Green Realty Inc., Brokerage
Each Office Independently Owned and Operated
6980 Martiz Dr., Unit #8, Mississauga, ON L5W 1Z3
Tel: 905-565-9565 | Fax: 905-565-9522

Call For
Residential, Commercial, & Investment



For all your Real Estate needs
Amolak Dhindsa
Sales Representative
416-721-2576

ਕਾਸਟਰੋ ਦੇ ਦੇਸ਼ ਵਿਚ

# ਕਿਊਬਾ ਦੀ ਧਰਤੀ ਤੇ ਸਵਰਗ





ਹਰੀਪਾਲ
403-714-4816

ਕਿਊਬਾ ਜਾਣ ਨੂੰ ਦੇਖਣ ਨੂੰ ਤਾਂ ਬਹੁਤ ਹੀ ਚਿਰ ਦਾ ਚਿੱਤ ਕਰਦਾ ਸੀ ਪਰ ਜਾਣ ਦਾ ਸਬੱਬ ਨਹੀਂ ਸੀ ਬਣਦਾ ਪਰ ਇਸ ਸਾਲ ਜਦ ਉਮਰ 63 ਸਾਲ ਦੀ ਹੋ ਚੱਲੀ ਤਾਂ ਦਿਲ ਵਿਚ ਆਇਆ ਕਿ ਹੁਣ ਤਾਂ ਤੁਰੇ ਫਿਰਦੇ ਹਾਂ ਜੇਕਰ ਹੁਣ ਨਾ ਗਏ ਤਾਂ ਫਿਰ ਕਦੋਂ ਜਾਵਾਂਗੇ ਜਦੋਂ ਤੁਰਨੋ ਰਹਿ ਗਏ। ਆਖਿਰ 9 ਜੂਨ ਤੋਂ 16 ਜੂਨ ਤੱਕ ਇਕ ਹਫ਼ਤੇ ਦਾ ਪੈਕੇਜ ਲੈ ਕੇ (ਸਨਵਿੰਗ ਏਅਰ ਲਾਈਨਜ਼ ਤੋਂ) ਤਿਆਰੀ ਕੀਤੀ। ਮੈਂ ਤੇ ਮੇਰੀ ਧਰਮ ਪਤਨੀ ਸੁਖਪਾਲ ਨੇ ਦੋਵਾਂ ਨੇ ਹੀ ਕਿਸੇ ਨਾਲ ਰਾਏ ਨਹੀਂ ਕੀਤੀ ਤੇ 9 ਜੂਨ ਨੂੰ ਸਨਵਿੰਗ ਦੀ ਫਲਾਈਟ ਫੜੀ।

ਕੈਲਗਰੀ ਤੋਂ 8.30 ਸਵੇਰੇ ਜਹਾਜ਼ ਉਡ ਕੇ ਤਿੰਨ ਵਜੇ (ਕਿਊਬਨ ਟਾਈਮ) ਵੈਰਾਡੋਰਾ ਦੇ ਏਅਰ ਪੋਰਟ 'ਤੇ ਲੈਂਡ ਹੋਇਆ। ਜਦ ਕਿਊਬਾ ਦੀ ਧਰਤੀ ਦੇਖੀ ਤਾਂ ਮਨ ਨੇ ਹਜ਼ਾਰ ਵਾਰ ਨਮਸ਼ਕਾਰ ਕੀਤੀ ਉਸ ਧਰਤੀ ਨੂੰ ਉਸ ਮਿੱਟੀ ਨੂੰ ਜਿਸ ਨੂੰ ਮੁਕਤੀ ਸੰਗਰਾਮ ਦੇ ਯੋਧਿਆਂ ਨੇ ਪੂੰਜੀਵਾਦੀ ਜੋਕਾਂ ਤੋਂ ਆਜ਼ਾਦ ਕਰਾ ਲਿਆ ਸੀ। ਏਅਰਪੋਰਟ ਤਾਂ ਛੋਟਾ ਜਿਹਾ ਸੀ, ਜਿਸ ਤਰ੍ਹਾਂ ਪਹਿਲਾਂ ਦਿੱਲੀ ਵਾਲਾ ਏਅਰਪੋਰਟ ਹੁੰਦਾ ਸੀ। ਗਰਮੀ ਵੀ ਬਹੁਤ ਹੀ ਪਸੀਨਾ ਵੀ ਆਈ ਜਾਂਦਾ ਸੀ ਕਿਉਂਕਿ ਕਿਊਬਾ ਦਾ ਮੌਸਮ ਗਰਮ ਤਰ ਹੈ। ਇੰਮੀਗ੍ਰੇਸ਼ਨ ਵਾਲੇ ਸਿਰਫ਼ ਇਕ ਹੀ ਗੱਲ ਪੁੱਛਦੇ ਸਨ ਕਿ ਤੁਸੀਂ ਪਿਛਲੇ ਮਹੀਨੇ ਅਫਰੀਕਾ ਤਾਂ ਨਹੀਂ ਗਏ ਤੇ ਉਹ ਮੱਥੇ ਵਿਚ ਇਕ ਲਾਈਟ ਜਿਹੀ ਮਾਰਕੇ ਦੇਖਦੇ ਸੀ। ਬਾਹਰ ਨਿਕਲੇ ਤਾਂ ਸਨਵਿੰਗ ਦੀਆਂ ਅਰੇਂਜਡ ਕੀਤੀਆਂ ਬੱਸਾਂ ਬਾਹਰ ਖੜ੍ਹੀਆਂ ਸਨ। ਚਾਲੀ ਕੁ ਮਿੰਟ ਦੀ ਡਰਾਈਵ ਤੇ ਮੈਮਰੀ ਹੋਟਲ ਸੀ। ਰਾਹ ਵਿਚ ਸਾਡੇ ਕੋਲ ਦੀ ਇਕ ਟਰੈਕਟਰ ਲੰਘਿਆ ਤਾਂ ਗਾਈਡ ਨੇ ਕਿਹਾ ਕਿ "1950 ਦਾ ਰਸ਼ੀਅਨ ਟਰੈਕਟਰ'। ਇਹ ਸਿਰਫ਼ ਨਿੱਕੀ ਜਿਹੀ ਗੱਲ ਪੰਜਾਹ ਸਾਲ ਦੀ ਯਾਦ ਤਾਜ਼ਾ ਕਰਾ ਜਾਂਦੀ ਹੈ।

ਹੋਟਲ : ਹੋਟਲ ਦੇ ਵਿਚ ਸਾਰਿਆਂ ਯਾਤਰੀਆਂ ਦਾ ਬਹੁਤ ਹੀ ਚੰਗੀ ਤਰ੍ਹਾਂ ਸਵਾਗਤ ਕੀਤਾ ਜਾਂਦਾ ਹੈ। ਹੋਟਲ ਤੇ ਤਿੰਨ ਝੰਡੇ ਲੱਗੇ ਹੋਏ ਹਨ। ਇਕ ਕਿਊਬਾ ਦਾ, ਇਕ ਹੋਟਲ ਦਾ ਅਤੇ ਇਕ ਕੈਨੇਡਾ ਦਾ। ਕੈਨੇਡੀਅਨ ਲੋਕਾਂ ਦਾ ਖਾਸ ਸਵਾਗਤ ਕੀਤਾ ਜਾਂਦਾ ਹੈ। ਕਿਉਂਕਿ ਇਹ ਕੈਨੇਡਾ ਸੀ ਜਿਸ ਨੇ ਅਮਰੀਕਾ ਦਾ ਦਬਾਅ ਨਹੀਂ ਝੱਲਿਆ ਸੀ, ਜਿਹੜਾ ਕਿ ਵਾਰ ਵਾਰ ਕੈਨੇਡਾ 'ਤੇ ਦਬਾਅ ਪਾ ਰਿਹਾ ਸੀ ਕਿ ਕੈਨੇਡਾ, ਕਿਊਬਾ ਨਾਲੋਂ ਸਫਾਰਤੀ ਸਬੰਧ ਤੋੜ ਲਵੇ ਪਰ ਇਸ ਦਾ ਸਿਹਰਾ ਸਾਡੇ ਉਸ ਸਮੇਂ ਦੇ ਪ੍ਰਧਾਨ ਮੰਤਰੀ 'ਪੀਅਰ ਟਰੂਡੋ' (ਜਸਟਿਨ ਟਰੂਡੋ ਦਾ ਪਿਤਾ) ਨੂੰ ਜਾਂਦਾ ਹੈ ਜਿਸ ਨੇ ਕਿਹਾ ਸੀ ਕਿ ਕੈਨੇਡਾ ਇਕ ਆਜ਼ਾਦ ਦੇਸ਼ ਹੈ ਅਤੇ ਸਾਡੀ ਮਰਜ਼ੀ ਹੈ ਕਿ ਅਸੀਂ ਕਿਸੇ ਦੇਸ਼ ਨਾਲ ਸਬੰਧ ਰੱਖੀਏ ਜਾਂ ਨਾ ਰੱਖੀਏ। ਹੋਟਲ ਦੀ ਲਾਬੀ ਵਿਚ ਹੀ ਤਿੰਨ ਬਾਰਾਂ ਹਨ ਚਾਹੇ ਉਥੇ ਬੀਅਰ ਪੀਓ ਚਾਹੇ ਸ਼ਰਾਬ ਪੀਓ ਜਾਂ ਚਾਹ ਕਾਫ਼ੀ ਪੀਓ। ਲਾਬੀ ਵਿਚ ਕਿਊਬਨ ਮੁੰਡੇ ਕੁੜੀਆਂ ਤੁਹਾਡੇ ਨਾਲ ਬੜੀ ਚੰਗੀ ਤਰ੍ਹਾਂ ਪੇਸ਼ ਆਉਂਦੇ ਹਨ ਤੁਹਾਡੀ ਹਰ ਨਿੱਕੀ ਤੋਂ ਨਿੱਕੀ ਗੱਲ ਦਾ ਖਿਆਲ



ਰੱਖਿਆ ਜਾਂਦਾ ਹੈ। ਕਿਊਬਾ ਦੇ ਵੈਰਾਡੋਰਾ ਏਰੀਆ ਦੇ ਹੋਟਲ ਬਹੁਤ ਵੱਡੇ ਵੱਡੇ ਹਨ। ਦੂਰ-ਦੂਰ ਖਿੰਡੇ ਹੋਏ ਹਜ਼ਾਰ ਤੋਂ ਵੀ ਉਪਰ ਕਮਰੇ ਹਨ। ਇਕ ਹੋਰ ਵਧੀਆ ਗੱਲ ਕਿ ਬਹੁਤੀ ਵਾਰੀ ਤੁਹਾਨੂੰ ਸਵੇਰ ਦੇ ਟਾਈਮ ਚਿੜੀਆਂ ਦੀ ਚੂੰ ਚੂੰ ਹੀ ਜਗਾਉਂਦੀ ਹੈ ਜਿਹੜੀ ਕਿ ਤੁਹਾਨੂੰ 30 ਕੁ ਸਾਲ ਪਹਿਲਾਂ ਦੇ ਪੰਜਾਬ ਦੀ ਯਾਦ ਤਾਜ਼ਾ ਕਰਾ ਦਿੰਦੀ ਹੈ। ਹੋਟਲ ਦਾ ਡਾਈਨਿੰਗ ਰੂਮ ਬਹੁਤ ਵੱਡਾ ਹੈ ਜਿਸ ਵਿਚ ਬਹੁਤ ਹੀ ਛੱਤ ਵਾਲੇ, ਪੱਖੇ ਵੀ ਲੱਗੇ ਹੋਏ ਹਨ ਜਿਨ੍ਹਾਂ ਨੂੰ ਉਹ ਚਲਾਉਂਦੇ ਨਹੀਂ ਜਦ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਪੱਖੇ ਕਾਸ ਤੋਂ ਨਹੀਂ ਚਲਾਉਂਦੇ ਤਾਂ ਉਨ੍ਹਾਂ ਕਿਹਾ ਕਿ ਚਲਦੇ ਹੋਏ ਪੱਖਿਆਂ ਨਾਲ ਟਕਰਾਅ ਕੇ ਚਿੜੀਆਂ ਮਰ ਜਾਂਦੀਆਂ ਹਨ। ਮੈਨੂੰ ਉਨ੍ਹਾਂ ਦੀ ਇਹ ਗੱਲ ਬਹੁਤ ਵਧੀਆ ਲੱਗੀ ਕਿ ਅਸੀਂ ਤਾਂ ਚਿੜੀਆਂ ਦਾ ਖ਼ਿਆਲ ਨਹੀਂ ਰੱਖਿਆ ਪਰ ਇਹ ਤਾਂ ਰੱਖ ਰਹੇ ਹਨ। ਹੋਟਲ ਘਰ ਸਭ ਇਟਾਂ ਦੇ ਬਣੇ ਹੋਏ ਹਨ ਉਚੀਆਂ ਛੱਤਾਂ ਵਾਲੇ ਅਤੇ ਡਾਟਾਂ ਵਾਲੇ। ਹੋਟਲ ਦੇ ਵਿਚ ਦੋ ਵੱਡੇ ਵੱਡੇ ਬਾਹਰ ਪੂਲ ਹਨ ਅਤੇ ਪੂਲ ਦੇ ਵਿਚ ਬਾਰਾਂ ਹਨ। ਪੂਲ ਵਿਚ ਨਹਾਉਂਦੇ ਹੋਏ ਤੁਸੀਂ ਜੋ ਮਰਜ਼ੀ ਸ਼ਰਾਬ ਬੀਅਰ ਪੀ ਸਕਦੇ ਹੋ ਅਤੇ ਸਨੈਕ ਬਾਰ ਜਿਹੜੀ ਕਿ 24 ਘੰਟੇ ਖੁੱਲ੍ਹੀ ਰਹਿੰਦੀ ਹੈ ਤੁਸੀਂ ਜਦੋਂ ਮਰਜ਼ੀ ਖਾ ਪੀ ਸਕਦੇ ਹੋ। ਸਨੈਕ ਬਾਰ ਵਿਚ ਵੀ ਬੀਅਰ, ਵਾਈਨ, ਸ਼ਰਾਬ 24 ਘੰਟੇ ਮੌਜੂਦ ਹੈ। ਦਿਨੇ ਤੁਸੀਂ ਬੀਚ 'ਤੇ ਚਲੇ ਜਾਂਦੇ ਹੋ। ਬੀਚ ਦਾ ਰੇਤਾ ਇੰਨਾ ਵਧੀਆ ਹੈ ਕਿ ਜਿਵੇਂ ਛਾਨਣੀ ਨਾਲ ਛਾਨਿਆ ਹੋਇਆ ਹੋਵੇ। ਬੀਚ ਦੇ ਰੇਤੇ ਤੇ ਕੋਈ ਬੱਟੀ ਨਹੀਂ ਕੋਈ ਰੋੜੀ ਨਹੀਂ। ਬੀਚ ਤੇ ਯੋਗਾ ਕਰਾਇਆ ਜਾਂਦਾ ਹੈ, ਜਿਹੜੇ ਕਰਨਾ ਚਾਹੁੰਦੇ ਹੋਣ ਅਤੇ ਸਮੁੰਦਰ ਦੇ ਪਾਣੀ ਵਿਚ ਫੇਰ ਕਸਰਤ ਕਰਾਈ ਜਾਂਦੀ ਹੈ ਜੇ ਤੁਸੀਂ ਕਰਨਾ ਚਾਹੁੰਦੇ ਹੋ ਨਹੀਂ ਤਾਂ ਨੀਲੇ ਨੀਲੇ ਪਾਣੀ ਵਿਚ ਤਾਰੀਆਂ ਲਾਈ ਚੱਲੋ। ਬੀਚ ਤੇ ਬਾਰ ਹੈ ਚਾਹੇ ਬੀਅਰ ਦਾ ਮੱਘ ਭਰਾ ਕੇ ਕੱਖਾਂ ਕਾਨਿਆਂ ਦੀ ਛੱਤਰੀ ਥੱਲੇ ਬੈਠੇ ਰਹੋ ਅਤੇ ਸਮੁੰਦਰ ਤੋਂ ਆਉਂਦੀ ਤਾਜ਼ੀ ਹਵਾ ਦਾ ਆਨੰਦ ਮਾਣੋ। ਸੱਚ ਜਾਣਿਓਂ ਇਹ ਤਾਜ਼ੀ ਹਵਾ ਸਾਰੇ ਦੁੱਖ ਤੋੜਾ ਦਿੰਦੀ ਹੈ। ਬੀਚ 'ਤੇ ਲੰਚ ਕਰਾਇਆ ਜਾਂਦਾ ਭੁੰਨਿਆ ਹੋਇਆ ਮੀਟ ਫਲ ਤੇ ਹੋਰ ਬੀਹ ਤਰ੍ਹਾਂ ਦਾ ਨਿੱਕ ਸੁੱਕ। ਬੱਚਿਆਂ ਨੂੰ ਖੁਸ਼ ਕਰਨ ਲਈ ਬੀਚ 'ਤੇ ਹੀ ਹਰ ਚੀਜ਼ੇ ਦਿਨ ਕੁੱਤਿਆਂ ਬੱਕਰੀਆਂ ਦੀਆਂ ਖੇਡਾਂ ਦਿਖਾਈਆਂ ਜਾਂਦੀਆਂ ਹਨ। ਹੋਟਲ ਦੀ ਲਾਬੀ ਵਿਚ ਵੀ ਇਕ ਕਰਮਚਾਰੀ ਸਿਰਫ਼ ਬੱਚਿਆਂ ਨੂੰ ਖੁਸ਼ ਕਰਨ ਲਈ ਰੱਖਿਆ ਹੋਇਆ ਹੈ। ਖਾਣ ਪੀਣ ਦਾ ਬੇਹੱਦ ਸਮਾਨ ਹੈ ਫਲ ਜਿਵੇਂ ਪਪੀਤਾ ਅਮਰੂਦ ਸੰਤਰਾ ਨਿੰਬੂ ਅੰਬ ਆਦਿ। ਜੇਕਰ ਤੁਸੀਂ ਕਿਊਬਾ ਦਾ ਅੰਬ ਖਾ ਲਿਆ ਤਾਂ ਜ਼ਿੰਦਗੀ ਭਰ ਯਾਦ ਰੱਖੋਗੇ। ਸ਼ਾਮ ਦੇ ਅੱਠ ਵਜੇ ਹੋਟਲ ਵਿਚ ਹਰ ਰੋਜ਼ ਇਕ ਕਲਚਰ ਪ੍ਰੋਗਰਾਮ ਦੇ ਅਧੀਨ ਮੁੰਡੇ ਕੁੜੀਆਂ ਡਾਂਸ ਕਰਦੇ ਹਨ ਜਿਹੜੇ ਕਿ ਬਹੁਤ ਹੀ ਸੋਹਣੇ ਲੱਗਦੇ ਹਨ। ਰਾਤ ਨੂੰ ਨੌਂ ਵਜੇ ਤੋਂ ਬਾਅਦ ਹੋਟਲ ਦੇ ਥੀਏਟਰ ਵਿਚ ਡਰਾਮਾ ਜਾਂ ਨਾਟਕ ਖੇਡਿਆ ਜਾਂਦਾ ਹੈ ਜਿਸ ਵਿਚ ਦਰਸ਼ਕਾਂ ਨੂੰ ਵੀ ਇਨਵਾਇਟ ਕੀਤਾ ਜਾਂਦਾ ਹੈ।

ਵੈਰਾਡੋਰਾ ਸ਼ਹਿਰ : ਸਿਰਫ਼ ਪੰਜ ਕਨਵਰਟੀ ਬਲ ਪੀਸੋ ਦੀ ਟਿਕਟ ਲੈ ਕੇ ਤੁਸੀਂ ਸਾਰਾ ਦਿਨ ਵੈਰਾਡੋਰਾ ਸ਼ਹਿਰ ਵਿਚ ਘੁੰਮ ਸਕਦੇ ਹੋ। ਸ਼ਹਿਰ ਵਿਚ ਕੋਈ ਗਊ ਮਾਤਾ ਨਹੀਂ ਦਿਸਦੀ ਨਾ ਹੀ ਚਾਚਾ ਚੱਢਾ ਗੱਲ ਕੀ ਕੋਈ ਆਵਾਰਾ ਪਸ਼ੂ ਨਹੀਂ। ਕੋਈ ਖਾਸ ਕੁੱਤੇ ਬਿਲੀਆਂ ਵੀ ਨਹੀਂ ਦੇਖੀਆਂ। ਕਈ ਜਗ੍ਹਾ ਦਰਖਤਾਂ ਥੱਲੇ ਮੁਰਗੀਆਂ ਆਪਦੇ ਬੱਚੇ ਲਈ ਬੇਫਿਕਰ ਧਰਤੀ ਫਰੋਲ ਰਹੀਆਂ ਹਨ। ਕਿਊਬਾ ਸਾਡੇ ਨਾਲ ਮਿਲਦੇ ਦਰਖਤ ਪਿੱਪਲ ਬਰੋਟਾ ਨਿੰਮ, ਡੇਕ, ਬਕਰੈਣ ਅਤੇ ਅੰਬ ਆਮ ਹੀ ਹਨ। ਬਾਕੀ ਖਜੂਰ, ਕੋਕੋਨਟ ਤੇ ਕੇਲਿਆਂ ਵਗੈਰਾ ਦੇ ਬੂਟੇ ਵੀ ਹਨ। ਜਿਸ ਤਰ੍ਹਾਂ ਇੰਨਾ ਹੁੰਦਾ ਹੈ ਮੈਂ ਕਿਤੇ ਵੀ ਵੈਰਾਡੋਰਾ ਜਾਂ ਕਿਤੇ ਹੋਰ ਕੋਈ ਕੇਲੇ ਦਾ ਛਿੱਲੜ ਜਾਂ ਅੰਬ ਦੀ ਗਟੋਲੀ ਨਹੀਂ ਦੇਖੀ। ਸੜਕਾਂ ਬੇਸ਼ੱਕ ਕਈ ਜਗ੍ਹਾ ਇੰਨੀ ਵਧੀਆ ਹਾਲਤ ਵਿਚ ਨਹੀਂ ਹਨ ਜਾਂ ਸੜਕਾਂ ਦੇ ਸਾਈਡਾਂ ਤੇ ਵਾਕਵੇਅ ਕਈ ਜਗ੍ਹਾ ਟੁੱਟੀਆਂ ਹਨ ਪਰ ਸਾਫ਼ ਹਨ। ਸੜਕਾਂ ਦੇ ਲਾਮੀ ਦੁਕਾਨਾਂ ਹਨ ਕੋਈ ਇਕ ਭਾਅ ਨਹੀਂ ਬਾਰਗੇਨ ਚੱਲਦੀ ਹੈ। 1990 ਵਿਚ ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਕਿਊਬਾ ਨੂੰ ਰੂਸ ਦੀ ਮਦਦ ਆਉਣੀ ਬੰਦ ਹੋ ਗਈ ਉਦੋਂ ਹੀ ਥੋੜ੍ਹੀਬਹੁਤ ਪ੍ਰਾਈਵੇਟ ਬਿਜਨਿਸ ਨੂੰ ਪ੍ਰਫੁੱਲਤ ਕਰਨ ਲਈ ਲੋਕਾਂ ਨੂੰ ਪ੍ਰੇਰਿਆ ਗਿਆ। ਵੈਰਾਡੋਰਾ ਵਿਚ ਹੋਟਲ ਬਣ ਰਹੇ ਹਨ ਪਰ ਅਜੇ ਉਥੇ ਸਾਡੇ ਵਾਂਗ ਵੱਡੀਆਂ ਵੱਡੀਆਂ ਹਾਈ ਰਾਈਜ਼ ਬਿਲਡਿੰਗਾਂ ਨਹੀਂ ਬਣੀਆਂ।

ਕੰਟਰੀ ਸਾਈਡ ਅਤੇ ਹਵਾਨਾ : ਹੋਟਲ ਤੋਂ ਹੀ ਹਵਾਨਾ ਜਾਣ ਲਈ ਚਾਰਟਰ ਬੋਸ ਜਾਂ ਟੈਕਸੀ ਦਾ ਇੰਤਜ਼ਾਮ ਹੋ ਜਾਂਦਾ ਹੈ। ਬਾਕੀ ਸਾਰੇ ਸ਼ਹਿਰਾਂ ਤੋਂ ਹਵਾਨਾ ਨੂੰ ਬੱਸਾਂ ਜਾਂਦੀਆਂ ਹਨ। ਸੜਕਾਂ ਤੇ ਇਕ ਪੀਲੀ ਵਰਦੀ ਵਾਲਾ ਬੰਦਾ ਹੁੰਦਾ ਹੈ ਜੇਕਰ ਕਿਸੇ ਕਿਊਬਨ ਨੂੰ ਰਾਈਡ ਚਾਹੀਦੀ ਹੋਵੇ ਤਾਂ ਉਹ ਕਿਸੇ ਗੌਰਮਿੰਟ ਦੇ ਵਹੀਕਲ ਨੂੰ ਰੋਕ ਕੇ ਦੇਖਦਾ ਹੈ ਕਿ ਉਸ ਵਿਚ ਕੋਈ ਸੀਟ ਖਾਲੀ ਹੈ ਤਾਂ ਉਹ ਗੌਰਮਿੰਟ ਦੀ ਗੱਡੀ ਵਿਚ ਉਸ ਰਾਈਡ ਮੰਗਣ ਕਰਨ ਵਾਲਿਆਂ ਨੂੰ ਬਿਠਾ ਦਿੰਦਾ ਹੈ ਛੋਟੀ ਜਿਹੀ ਟਿਕਟ ਕੱਟ ਕੇ। ਕੋਈ ਵੀ ਸਰਕਾਰੀ ਕਰਮਚਾਰੀ ਉਸ ਪੀਲੀ ਵਰਦੀ ਵਾਲੇ ਦੇ ਹੁਕਮ ਦੀ ਜਾਂ ਇਸ਼ਾਰੇ ਦੀ ਉਲੰਘਣਾ ਨਹੀਂ ਕਰ ਸਕਦਾ। ਸੜਕਾਂ ਦੇ ਲਾਮੀ ਹਰਿਆਲੀ ਹੀ ਹਰਿਆਲੀ ਹੈ। ਪਾਈਨ ਐਪਲ, ਕੇਲੇ ਮੱਕੀ ਦੇ ਫਾਰਮ ਹਨ ਜਾਂ ਗਾਈਆਂ, ਦੇਸੀ ਮੱਝਾਂ (ਇੰਡੀਆ ਵਾਲੀਆ) ਬੱਕਰੀਆਂ ਦੇ ਫਾਰਮ ਹਨ। ਜ਼ਮੀਨ ਸਾਰੀ ਹੀ ਸਰਕਾਰ ਦੀ ਹੈ। ਤੁਸੀਂ ਥੋੜ੍ਹੀ ਬਹੁਤ ਲੀਜ ਦੇ ਕੇ ਖੇਤੀ ਕਰ ਸਕਦੇ ਹੋ। ਕਿਊਬਾ ਦਾ ਸਮੁੰਦਰ ਮੱਛੀਆਂ ਨਾਲ ਭਰਿਆ ਪਿਆ, ਮੱਛੀ ਅਤੇ ਰੰਮ ਕਿਊਬਾ ਦੇ ਲੋਕਾਂ ਲਈ ਆਮ ਹੈ। ਮੈਂ ਇਕ ਬੰਦੇ ਨਾਲ ਗੱਲ ਕਰ ਰਿਹਾ ਸੀ ਪੰਜਾਹ ਸਾਲ ਦੇ ਇੰਮਬਾਰਸੋ ਬਾਰੇ। ਹੁਣ ਇਕ ਗੱਲ ਸਾਫ਼ ਕਰਾਂ ਕਿ ਜਦੋਂ ਅਮਰੀਕਾ ਕਿਸੇ ਮੁਲਕ ਤੇ ਸੈਕਸ਼ਨ ਲਾਉਂਦਾ ਹੈ ਤਾਂ ਦੂਜੇ ਮੁਲਕਾਂ ਨੂੰ ਉਸ ਮੁਲਕ ਨਾਲੋਂ ਸਬੰਧ ਤੋੜਨ ਲਈ ਕਹਿੰਦਾ ਹੈ ਪਰ ਇੰਮਬਾਰਗੋ ਬਹੁਤ ਖ਼ਤਰਨਾਕ ਹੈ।

(ਬਾਕੀ ਸਫ਼ਾ 28 'ਤੇ)

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

SECURELIFE
INSURANCE AGENCY INC.
1800-746-9122
BEST SERVICE
OUTSTANDING CUSTOMER SERVICE

RAVINDERJIT BASRA 416-845-6232
MONA MENGI 416-509-1509
HARPREET SAINI CLU 416-817-6500
Spl in: SUPER VISA INSURANCE
• Life • Critical Illness • Disability
• Travel & Visitor • RRSP & RESP



# Earn 8-10% Interest Annually


FMP Mortgage Investments Inc.




## •TFSA •RRSP •CASH

**YOU CAN GET 8-10% FIXED ANNUAL RETURN**

## DIVERSIFY INTO REAL ESTATE Through a Syndicate Mortgage




**Investment Example**

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

## SHERJANG SINGH RANA

Lic. # M14002019

**416.910.9000**

*www.fmpmortgages.com*

*rana@punjabinsurance.ca*

**ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ਼ ਮਿਲੇਗਾ**

- **Minimum Investment $ 30,000**
- **Available to cash and registered plans including RRSP, RESP, LIRA, TFSA**

Disclaimer : Fortress Real Capital is product offered by FMP Mortgage Investments (FSCO License 12373). Fortress Real Capital transactions are all closed by Building and Development Mortgage Canada Inc. (BDMC) (FSCO Lic.# 10102) unless specifically noted otherwise. This product is availableto Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.